
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਤਮ ਮਾਰਗ
Monthly Issue "Atam Marg"
July 2007
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥
ਸ੍ਰੀ ਮਾਨ 1008 ਸੱਚਖੰਡ ਵਾਸੀ ਪਰਉਪਕਾਰੀ, ਰਾਜੇ ਜੋਗੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ ਦੀ ਪਵਿੱਤਰ ਤਪੋ ਭੂਮੀ ਉਪਰ ਤਪ ਸਾਧਨਾ ਵਿਚ ਲੀਨ
17 ਜੂਨ 1918 ਤੋਂ 31 ਅਕਤੂਬਰ 2001

ਸਾਲ ਤੇਰ੍ਹਵਾਂ, ਅੰਕ ਚੌਥਾ, ਮਹੀਨਾ ਜੁਲਾਈ, 2007

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ

ਫਾਊਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM

## FOREIGN (ਵਿਦੇਸ਼) CONTACT NO.

U.S.A. - **Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319

Canada - **Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387

England - **Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

Australia - **Bhai Jiwan Singh ji**
Phone : 03-943-65865, Fax : 03-943-65867

## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**Postal Address for 'ATAM MARG' Enquiry, Money Order, Cheque, Draft & correspondence**

V.G.R.M Charitable Trust 'Atam Marg'
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb. India.

**Office 'Atam Marg' Ph. No. - 0160-2255002, 2255009**
**Gurudwara Ishar Parkash Ratwara Sahib - 98551-32009**
***Mobile - 9417214391,79***

**For more information please visit us on internet at:-**
**,Email : atammarg1@yahoo.co.in**
Website: www.ratwarasahib.org
www.atammarguk.com

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।**

# ਤੱਤਕਰਾ

1. ਬਾਰਾਮਾਹਾ 2
2. ਸੰਪਾਦਕੀ 3
3. ਚਉਥੈ ਪਹਿਰ ਸਬਾਹ ਕੇ 5
4. ਵਿਸਾਖੀ 7
5. ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ 12
6. ਸੰਤ ਬਿਮਲਾ ਸਿੰਘ 25
7. ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ 37
8. ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ 51
9. ਮਨੋਭਾਵਾਂ ਦੀ ਰਚਨਾਤਮਕ ਵਰਤੋਂ 61

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ | 9417214381 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਸਕੂਲ ਟਰਾਂਸਪੋਰਟ - 9417214384, | ਕਾਲਜ - 9417214382 |
| ਸੰਤ ਬਾਬਾ ਰਾਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰਾਂ ਵਾਲੈ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 94172 14385 |
| ਅਖੰਡਪਾਠ ਬੁਕਿੰਗ | 94172 14386 |
| ਅਕਾਊਂਟੈਂਟ | 94172 14390 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ (ਸਾਵਣ ਦਾ ਮਹੀਨਾ)

## ਰਾਗੁ ਮਾਝ ਬਾਰਹਮਾਹਾ ਮਹਲਾ ੫

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥** ਜਿਵੇਂ ਸਾਵਣ ਦੇ ਮਹੀਨੇ ਵਿਚ ਵਰਖਾ ਨਾਲ ਸਾਰੀ ਬਨਸਪਤੀ ਹਰਿਆਵਲੀ ਹੋ ਜਾਂਦੀ ਹੈ ਤਿਵੇਂ ਹੀ ਉਹ ਜੀਵ ਇਸਤ੍ਰੀ ਵੀ ਹਰਿਆਵਲੀ ਹੋ ਜਾਂਦੀ ਹੈ, ਅਰਥਾਤ ਉਸ ਦਾ ਹਿਰਦਾ ਖਿੜ ਜਾਂਦਾ ਹੈ ਜਿਸਦਾ ਪਿਆਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਬਣ ਜਾਂਦਾ ਹੈ। **ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥** ਉਸ ਦਾ ਮਨ ਉਸ ਦਾ ਤਨ ਪ੍ਰਮਾਤਮਾ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ ਅਤੇ ਪ੍ਰਮਾਤਮਾ ਦਾ ਨਾਮ ਹੀ ਉਸ ਦੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ। **ਬਿਖਿਆ ਰੰਗ ਕੂੜਾਇਆ ਦਿਸਨਿ ਸਭੇ ਛਾਰੁ॥** ਮਾਇਆ ਦੇ ਨਾਸ਼ਵੰਤ ਕੌਤਕ ਉਸਨੂੰ ਸੁਆਹ ਵਰਗੇ ਨਿਕੰਮੇ ਪ੍ਰਤੀਤ ਹੁੰਦੇ ਹਨ। **ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥** ਜਿਵੇਂ ਸਾਵਣ ਦੇ ਮਹੀਨੇ ਵਿਚ ਵਰਖਾ ਦੀ ਬੂੰਦ ਸੋਹਣੀ ਲਗਦੀ ਹੈ ਤਿਵੇਂ ਪ੍ਰਭੂ ਚਰਨਾਂ ਦੇ ਪਿਆਰ ਵਾਲੇ ਬੰਦੇ ਨੂੰ ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਬੂੰਦ ਪਿਆਰੀ ਲਗਦੀ ਹੈ। ਗੁਰੂ ਨੂੰ ਮਿਲ ਕੇ ਉਹ ਮਨੁੱਖ ਉਸ ਬੂੰਦ ਨੂੰ ਪੀਣ ਜੋਗਾ ਹੋ ਜਾਂਦਾ ਹੈ, ਪ੍ਰਭੂ ਦੀ ਵਡਿਆਈ ਦੀਆਂ ਕਥਾ ਕਹਾਣੀਆਂ ਉਸ ਨੂੰ ਮਿੱਠੀਆਂ ਲਗਦੀਆਂ ਹਨ, ਉਸ ਨੂੰ ਉਹ ਬੜੇ ਪਿਆਰ ਨਾਲ ਸੁਣਦਾ ਹੈ। **ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰ॥** ਜੋ ਪ੍ਰਭੂ ਸਰਬ ਸ਼ਕਤੀਮਾਨ ਹੈ, ਸਭ ਕੁਝ ਕਰਨ ਜੋਗਾ ਹੈ, ਸਰਬ ਵਿਆਪਕ ਹੈ ਅਤੇ ਬੇਅੰਤ ਹੈ ਅਤੇ ਜਿਸ ਦੇ ਪਰੀਪੂਰਨ ਹੋਣ ਕਾਰਨ, ਮੇਲ ਕਾਰਨ ਸਾਰਾ ਜਗਤ, ਸਾਰੀ ਬਨਸਪਤੀ ਹਰੀ ਭਰੀ ਹੋ ਰਹੀ ਹੈ। **ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰ॥** ਐਸੇ ਪ੍ਰਭੂ ਨੂੰ ਮਿਲਣ ਲਈ ਮੇਰਾ ਮਨ ਭੀ ਤਾਂਘ ਰਿਹਾ ਹੈ ਪਰ ਇਹ ਮਿਲਾਪ ਉਸ ਦੀ ਮਿਹਰ ਰਾਹੀਂ ਪ੍ਰਾਪਤ ਹੋ ਸਕਦਾ ਹੈ, ਉਹ ਆਪ ਆਪਣੀ ਕ੍ਰਿਪਾ ਦ੍ਰਿਸ਼ਟੀ ਰਾਹੀਂ ਹੀ ਮਿਲਾਉਣ ਦੇ ਸਮਰਥ ਹੈ। **ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰ॥** ਜਿਨ੍ਹਾਂ ਗੁਰਮੁਖ ਸਖੀ ਸਹੇਲੀਆਂ ਨੇ ਪ੍ਰਭੂ ਮਿਲਾਪ ਹਾਸਲ ਕਰ ਲਿਆ ਹੈ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ। **ਨਾਨਕ ਹਰਿ ਜੀ ਮਇਆ ਕਰ ਸਬਦਿ ਸਵਾਰਣਹਾਰੁ॥** ਗੁਰੂ ਮਹਾਰਾਜ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੇਰੇ ਉਤੇ ਵੀ ਮਿਹਰ ਕਰ, ਤੂੰ ਆਪ ਹੀ ਗੁਰੂ ਦੇ ਸ਼ਬਦ ਰਾਹੀਂ ਮੇਰੀ ਜਿੰਦ ਨੂੰ ਸਵਾਰਨਯੋਗ ਹੈਂ, ਮਿਲਾਪ ਬਖਸ਼ਣ ਦੇ ਸਮਰੱਥ ਹੈਂ। **ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ॥** ਸਾਵਣ ਦਾ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ ਇਸਤ੍ਰੀਆਂ ਵਾਸਤੇ ਅਨੰਦ, ਖੇੜਾ ਤੇ ਠੰਢ ਲਿਆਉਣ ਵਾਲਾ ਹੈ ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਮਨ ਵਿਚ ਪ੍ਰਮਾਤਮਾ ਦਾ ਨਾਮ-ਰੂਪੀ ਹਾਰ ਪਾਇਆ ਹੋਇਆ ਹੈ।

## ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥** ਹਾੜ ਦੀ ਅਤਿ ਦਰਜੇ ਦੀ ਤਪਸ਼ ਵਿਚ ਬਨਸਪਤੀ ਸੁੱਕ ਜਾਂਦੀ ਹੈ। ਉਸ ਤਪਸ਼ ਪਿਛੋਂ ਸਾਵਣ ਦੇ ਮਹੀਨੇ ਵਿਚ ਘਟਾਂ ਚੜ੍ਹਦੀਆਂ ਹਨ, ਖੂਬ ਮੀਂਹ ਪੈਂਦਾ ਹੈ, ਪਸ਼ੂ ਪੰਛੀ ਅਤੇ ਮਨੁੱਖ ਤਾਂ ਕੀ, ਸੁੱਕਾ ਹੋਇਆ ਘਾਹ ਅਤੇ ਬਨਸਪਤੀ ਵੀ ਮੌਲ ਉਠਦੀ ਹੈ। ਹਰ ਪਾਸੇ ਹਰਿਆਵਲ ਵੇਖ ਜੀਵ ਦੇ ਅੰਦਰੋਂ ਆਵਾਜ਼ ਆਉਂਦੀ ਹੈ, ਹੇ ਮੇਰੇ ਮਨ! ਸਾਵਣ ਦੀ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਤੂੰ ਭੀ ਹਰਾ ਹੋ, ਉਮਾਹ ਵਿਚ ਆ, ਪ੍ਰਭੂ ਦੇ ਮਿਲਾਪ ਲਈ ਉਪਰਾਲਾ ਕਰ। **ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥** ਜਿਵੇਂ ਪਰਦੇਸ ਗਏ ਪਤੀ ਦੀ ਨਾਰ ਦਾ ਹਿਰਦਾ ਕਾਲੀਆਂ ਘਟਾਂ ਵੇਖ ਕੇ ਤੜਪ ਉਠਦਾ ਹੈ। ਉਮਾਹ ਪੈਦਾ ਕਰਨ ਵਾਲਾ ਵਾਤਾਵਰਣ ਸਗੋਂ ਉਸਨੂੰ ਦੁਖਦਾਈ ਪ੍ਰਤੀ ਹੋਣ ਲਗਦਾ ਹੈ ਅਤੇ ਉਸ ਦੇ ਅੰਦਰੋਂ ਹੂਕ ਉਠਦੀ ਹੈ, ਹੇ ਮਾਂ, ਮੈਨੂੰ ਮੇਰਾ ਪਤੀ ਰੋਮ ਰੋਮ ਵਿਚ ਪਿਆਰਾ ਲਗ ਰਿਹਾ ਹੈ ਪਰ ਉਹ ਤਾਂ ਪਰਦੇਸ ਗਿਆ ਹੋਇਆ ਹੈ। ਤਿਵੇਂ ਹੀ ਪ੍ਰਭੂ-ਪਤੀ ਦੀ ਵਿਛੜੀ ਜੀਵ ਇਸਤ੍ਰੀ ਦੀ ਵੇਦਨਾ ਹੈ। **ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ ਦਾਮਨਿ ਚਮਕਿ ਡਰਾਏ॥** ਜਿਤਨਾ ਚਿਰ ਪਤੀ ਘਰ ਨਹੀਂ ਆਉਂਦਾ, ਵਿਛੁੜੀ ਹੋਈ ਇਸਤ੍ਰੀ ਹਉਕਿਆਂ ਨਾਲ ਬੇਹਾਲ ਹੁੰਦੀ ਹੈ, ਆਕਾਸ਼ ਵਿਚ ਬਿਜਲੀ ਚਮਕ ਚਮਕ ਕੇ ਉਸ ਨੂੰ ਡਰਾਉਂਦੀ ਹੈ ਤੇ ਦੁਖ ਵਿਚ ਵਾਧਾ ਕਰਦੀ ਹੈ। **ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥** ਵਿਛੜੀ ਹੋਣੀ ਜੀਵ ਇਸਤ੍ਰੀ ਵਿਰਲਾਪ ਕਰਦੀ ਹੈ ਕਿ ਪਤੀ ਬਿਨਾਂ ਮੇਰੀ ਸਖਣੀ ਸੇਜ ਮੈਨੂੰ ਦੁਖਦਾਈ ਪ੍ਰਤੀਤ ਹੋ ਰਹੀ ਹੈ, ਪਤੀ ਤੋਂ ਵਿਛੋੜੇ ਦਾ ਦੁਖ ਮੇਰੇ ਲਈ ਮੌਤ ਬਰਾਬਰ ਹੋ ਗਿਆ ਹੈ। **ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥** ਜਿਸ ਜੀਵ ਇਸਤ੍ਰੀ ਦੇ ਅੰਦਰ ਪ੍ਰਭੂ-ਪਿਆਰ ਹੈ, ਬਿਰਹਣੀ ਨਾਰ ਵਾਂਗੂੰ ਉਸ ਨੂੰ ਪ੍ਰਭੂ ਦੇ ਮਿਲਾਪ ਤੋਂ ਬਿਨਾਂ ਨਾ ਨੀਂਦ ਆਉਂਦੀ ਹੈ, ਨਾ ਭੁੱਖ ਲਗਦੀ ਹੈ। ਉਸ ਨੂੰ ਕਪੜਾ ਭੀ ਸਰੀਰ ਤੇ ਨਹੀਂ ਸੁਖਾਂਦਾ ਅਰਥਾਤ ਸਰੀਰਕ ਸੁਖਾਂ ਦੇ ਕੋਈ ਵੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾਉਂਦੇ। **ਨਾਨਕ ਸਾ ਸੋਹਾਗਣਿ ਕੰਤੀ ਪਿਰ ਕੇ ਅੰਕਿ ਸਮਾਵਏ॥** ਉਹੀ ਭਾਗਾਂ ਵਾਲੀ ਜੀਵ ਇਸਤ੍ਰੀ ਪ੍ਰਭੂ ਪਤੀ ਦੇ ਪਿਆਰ ਦੀ ਹੱਕਦਾਰ ਹੋ ਸਕਦੀ ਹੈ। ਜੋ ਸਦਾ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ।

*************

# ਸੰਪਾਦਕੀ

ਪਿਛਲੇ ਜੂਨ ਮਹੀਨੇ ਅੰਦਰ ਗੁ. ਰਤਵਾੜਾ ਸਾਹਿਬ ਟਰਸਟ ਦੇ ਬਾਨੀ ਪਰਮ ਪੂਜਯ ਸਤਿਕਾਰਯੋਗ ਆਦਰਨੀਯ ਮਾਨਨੀਯ, ਰਾਜਾ ਜੋਗੀ, ਬਹੁ ਪੱਖੀ ਸ਼ਖਸ਼ੀਅਤ ਦੇ ਮਾਲਕ ਮਹਾਨ ਪ੍ਰਉਪਕਾਰੀ ਸੱਚਖੰਡਵਾਸੀ ਸੰਤ ਮਹਾਰਾਜ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਸਰੀਰਕ ਜਨਮ ਦਿਹਾੜਾ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਪਾਵਨ ਮਹਾਨ ਕਰਮ ਭੂਮੀ ਉਪੱਰ 17 ਜੂਨ ਨੂੰ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੇ ਬਹੁਤ ਹੀ ਸ਼ਰਧਾ ਪਿਆਰ ਦੇ ਨਾਲ ਉਤਸ਼ਾਹ ਪੂਰਵਕ ਮਨਾਉਣਾ ਕੀਤਾ ਹੈ। ਗੁਰੂ ਪੀਰ ਮਹਾਂਪੁਰਸ਼ ਕਲਯੁਗੀ ਜੀਵਾਂ ਭਲੇ ਵਾਸਤੇ ਜੀਅ ਦਾਨ ਦੀ ਬਖਸ਼ਿਸ਼ ਕਰਨ ਵਾਸਤੇ ਸਰੀਰ ਧਾਰਨ ਕਰਦੇ ਹਨ। ਜਿਵੇਂ ਕਿ ਸੁਪਨੇ ਦੇ ਰੋਗੀ ਨੂੰ ਸੁਪਨੇ ਦੇ ਅੰਦਰ ਹੀ ਡਾਕਟਰ ਵੈਦ ਹਕੀਮ ਦੀ ਜਰੂਰਤ ਪੈਂਦੀ ਹੈ ਇਸੇ ਤਰ੍ਹਾਂ ਸੰਸਾਰ ਸੁਪਨੇ ਅੰਦਰ ਚਲ ਰਹੇ ਜੀਵਾਂ ਨੂੰ ਮਹਾਂਪੁਰਸ਼ ਜੀਅ ਦਾਨ ਦੇ ਕੇ ਭਗਤੀ ਦੇ ਰਸਤੇ ਉਪਰ ਤੋਰਦੇ ਹਨ।

ਮਹਾਂਪੁਰਸ਼ਾਂ ਦੇ ਸਰੀਰਕ ਪਵਿੱਤਰ ਜਨਮ ਦਿਹਾੜੇ ਉਪੱਰ ਉਨ੍ਹਾਂ ਦੇ ਸਰੀਰ ਦੁਆਰਾ ਕੀਤੇ ਗਏ ਮਹਾਨ ਪ੍ਰਉਪਕਾਰੀ ਕਾਰਜਾਂ ਨੂੰ ਸਮੂੰਹ ਬੁਲਾਰਿਆਂ ਨੇ ਯਾਦ ਕੀਤਾ ਹੈ। ਸੰਸਾਰ-ਸੁ-ਪ੍ਰਸਿੱਧ ਗੁਰੂ ਘਰ ਦੇ ਮਹਾਨ ਕੀਰਤਨੀਏ ਨੇ ਵੀ ਇਸ ਸ਼ੁਭ ਮੌਕੇ ਉਪੱਰ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਸ਼ਰਸ਼ਾਰ ਕੀਤਾ ਹੈ। ਮਹਾਂਪੁਰਸ਼ਾਂ ਦੀਆਂ ਪਿਆਰ ਵਾਲੀਆਂ ਸੰਗਤਾਂ ਰਤਵਾੜਾ ਸਾਹਿਬ ਦੀ ਪਵਿੱਤਰ ਪਾਵਨ ਭੂਮੀ ਦੀ ਪਵਿੱਤਰ ਸੰਗਤਾਂ ਦੀ ਚਰਨ ਧੂੜ ਨੂੰ ਪ੍ਰਾਪਤ ਕਰਨ ਦੇ ਨਾਲ ਗੁਰਬਾਣੀ ਕੀਰਤਨ ਪ੍ਰਵਚਨਾਂ ਦੀ ਮੁੱਖ ਧੂੜ ਵਿੱਚ ਵੀ ਇਸ਼ਨਾਨ ਕੀਤਾ ਹੈ। ਮਹਾਂਪੁਰਸ਼ਾਂ ਦਾ ਰਤਵਾੜਾ ਸਾਹਿਬ ਵਿਖੇ ਸਰਬੰਸਦਾਨੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬੇ ਕਮਾਲ, ਸ਼ਸ਼ਤਰ ਅਸ਼ਤਰ ਵਿਦਿਆ ਦੇ ਧਨੀ, ਵਿਦਿਆ ਨੂੰ ਪਿਆਰ ਕਰਨ ਵਾਲਿਆਂ ਦੇ ਪਵਿੱਤਰ ਨਾਮ ਉੱਪਰ ਕਾਇਮ ਕੀਤਾ ਵਿਦਿਆ ਮੰਦਰ ਅੱਜ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਕੇ ਸੰਸਾਰ ਵਿੱਚ ਸ਼ੌਹਰਤ ਪ੍ਰਾਪਤ ਕਰ ਰਿਹਾ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਜਰੂਰਤ ਨਹੀਂ ਹੋਇਆ ਕਰਦੀ ਪਰ ਆਪ ਪਾਠਕਾਂ ਦੇ ਗਿਆਤ ਹਿੱਤ ਦੱਸਿਆ ਜਾਂਦਾ ਹੈ ਕਿ ਕਿਵੇਂ ਸਤਿਪੁਰਸ਼ਾਂ ਦੀ ਦੂਰ ਪਾਰਖੂ ਦ੍ਰਿਸ਼ਟੀ ਨੇ ਬਹੁਤ ਹੀ ਪਛੜੇ ਹੋਏ ਪੇਂਡੂ ਇਲਾਕਿਆਂ ਦੇ ਬੱਚਿਆਂ ਨੂੰ ਉਚਾ ਚੁੱਕ ਕੇ ਅੰਤਰਾਸ਼ਟਰੀ ਲੈਵਲ ਦੀ ਪੜ੍ਹਾਈ ਦੇ ਸਮਰੱਥ ਬਣਾ ਦਿਤਾ ਹੈ। ਜਿਸ ਦਾ ਪ੍ਰਮਾਣ ਨਤੀਜਾ ਸੀ.ਬੀ.ਐਸ.ਈ. ਬੋਰਡ ਦਿੱਲੀ ਨਾਲ ਸਬੰਧਤ ਇੰਗਲਿਸ਼ ਮੀਡੀਅਮ ਵਿੱਚ ਟਰਸਟ ਵੱਲੋਂ ਮੁੱਫਤ ਵਿਦਿਆ ਦੇਣ ਵਾਲੇ ਵਿਦਿਆਰਥੀ ਨੇ 90% ਨੰਬਰ ਪ੍ਰਾਪਤ ਕਰਕੇ ਨਾਮਨਾ ਖੱਟਿਆ ਹੈ। ਇਸੇ ਤਰ੍ਹਾਂ ਫਸਟ ਡਵੀਜ਼ਨ ਵਿੱਚ ਬੱਚਿਆਂ ਦਾ ਪਾਸ ਹੋਣਾ ਅਤੇ ਸ਼ਤ ਪ੍ਰਤੀ ਸ਼ਤ ਨਤੀਜਾ ਆਉਣਾ ਗੁਰ ਪੀਰਾਂ ਮਹਾਂਪੁਰਸ਼ਾਂ ਦੀ ਮਹਾਨ ਬਖਸ਼ਿਸ਼ ਹੈ। ਸ਼ਾਤੀ ਨਿਕੇਤਨ ਵਾਗੂੰ ਸ਼ਿਵਾਲਿਕ ਪਹਾੜੀਆਂ ਦੇ ਬਿੱਲਕੁਲ ਨਜ਼ਦੀਕ ਬਹੁਤ ਹੀ ਸ਼ਾਂਤ ਵਾਤਾਵਰਣ ਹਰਬਲ ਦਰਖਤਾਂ ਨਾਲ ਭਰਪੂਰ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਆਪਣੀ ਮਿਸਾਲ ਆਪ ਹੈ। ਪਿੰਡਾਂ ਨਾਲ ਸਬੰਧਤ ਬਹੁਤ ਹੀ ਘਟ ਪੜ੍ਹੇ ਲਿਖੇ ਮਾਪਿਆਂ ਦੇ ਬੱਚੇ ਬਿਨ੍ਹਾਂ ਕਿਸੇ ਟਿਊਸ਼ਨ ਦੇ ਗੁਰਦੁਆਰਾ ਸਾਹਿਬ ਅੰਦਰ ਸਥਾਪਿਤ ਵਿਦਿਆ ਮੰਦਰ ਵਿੱਚ ਧਾਰਮਿਕ ਮਹੌਲ ਅੰਦਰ ਐਨੀਆਂ ਉਚੀਆਂ ਪੋਜ਼ੀਸ਼ਨਾਂ ਨੂੰ ਪ੍ਰਾਪਤ ਕਰਕੇ ਵਿਦਿਆ ਦੇ ਖੇਤਰ ਅੰਦਰ ਇੱਕ ਇਨਕਲਾਬ ਲਿਆ ਰਹੇ ਹਨ। ਇਸ ਵਿਦਿਆ ਮੰਦਰ ਨੂੰ ਸੀ.ਬੀ.ਐਸ.ਈ. ਬੋਰਡ ਨੇ 10+2 ਦੀ ਵੀ ਇਸ ਸਾਲ ਮਾਨਤਾ ਦੇ ਦਿਤੀ ਹੈ। ਹੁਣ ਇਸ ਵਿਦਿਆ ਮੰਦਰ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਹੋ ਗਿਆ ਹੈ। ਇਸ ਵਿਦਿਆ ਮੰਦਰ ਇਸ ਵਿਦਿਆ ਮੰਦਰ ਅੰਦਰ ਮੈਡੀਕਲ, ਨਾਨ ਮੈਡੀਕਲ, ਕਾਮਰਸ, ਆਰਟਸ ਦੇ ਨਾਲ ਨਾਲ ਬਹੁ ਮੰਤਵੀ ਵੋਕੇਸ਼ਨਲ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ। ਟਰਸਟ ਨਾਲ ਸਬੰਧਤ ਹੋਣ ਕਰਕੇ ਟਰਾਂਸਪੋਰਟ ਅਤੇ ਟਿਊਸ਼ਨ ਫੀਸ ਬਹੁਤ ਹੀ ਘੱਟ ਰੱਖੀ ਗਈ ਹੈ। ਹੋਸਟਲ ਦਾ ਵੀ ਪੂਰਾ ਪੂਰਾ ਪ੍ਰਬੰਧ ਹੈ। ਅਨਾਥ ਗਰੀਬ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਅੰਦਰ ਪਾਲਣ ਪੋਸ਼ਣ ਕਰਕੇ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਕੇ ਪੜ੍ਹਾਈ ਕਰਾਈ ਜਾਂਦੀ ਹੈ। ਜੇਕਰ ਕੋਈ ਹੋਸਟਲ ਦੀ ਫੀਸ ਵੀ ਨਾ ਦੇ ਸਕੇ ਉਸ ਵਾਸਤੇ ਗੁਰਦੁਆਰਾ ਸਾਹਿਬ ਦੀ ਮਹਾਨ ਪ੍ਰੰਪਰਾ ਅਨੁਸਾਰ ਰਿਹਾਇਸ਼ ਗੁਰੂ ਕੇ ਲੰਗਰ ਦੀ ਸਹੂਲਤ ਹਰ ਕਿਸੇ ਨੂੰ ਪ੍ਰਾਪਤ ਹੁੰਦੀ ਹੈ। ਇਸ ਲਈ ਸਿਆਣੇ ਮਾਪੇ ਆਪਣੇ ਬੱਚਿਆਂ ਨੂੰ ਹਰ ਪੱਖ ਤੋਂ ਪੂਰਾ ਇਨਸਾਨ ਬਣਾਉਣ ਵਾਸਤੇ ਟਰਸਟ ਰਤਵਾੜਾ ਸਾਹਿਬ ਨਾਲ ਸਬੰਧਤ ਵਿਦਿਅਕ ਅਦਾਰਿਆਂ ਵਿੱਚ ਭੇਜ ਰਹੇ ਹਨ।

ਆਤਮ ਮਾਰਗ ਅੰਦਰ ਹਰ ਮਹੀਨੇ ਵਾਗੂੰ ਹੀ ਅਦਵੈਤ ਸਿਧਾਂਤ ਉਪਰ ਅਧਾਰਿਤ ਗੁਰਬਾਣੀ ਪ੍ਰਕਾਸ਼ ਅੰਦਰ ਮਹਾਂਪੁਰਸ਼ਾਂ ਦੇ ਅਨੁਭਵੀ ਲੇਖ ਇਸ ਮੈਗਜ਼ੀਨ ਵਿੱਚ ਵੀ ਪ੍ਰਕਾਸ਼ਿਤ ਹੋ ਰਹੇ ਹਨ। ਜਿਵੇਂ ਕਿ ਮਹਾਂਪੁਰਸ਼ਾਂ ਦੇ ਸਰੀਰ ਕਾਲ ਸਮੇਂ ਉਨ੍ਹਾਂ ਦੀ ਹਾਜ਼ਰੀ ਨੂੰ ਹਾਜ਼ਰ ਨਾਜ਼ਰ ਜਾਣਦਿਆਂ ਆਤਮ ਮਾਰਗ ਮੈਗਜ਼ੀਨ ਦੇ ਮੈਂਬਰ ਬਣਾਉਣ ਦੀ ਸੇਵਾ ਸਾਰੇ ਕਰਦੇ ਸਨ, ਸਾਨੂੰ ਹੁਣ ਵੀ ਪੂਰਨ ਵਿਸ਼ਵਾਸ਼ ਹੈ ਕਿ ਪਿਆਰ ਵਾਲੇ ਪ੍ਰੇਮੀ ਇਸ ਮਹਾਨ ਸੇਵਾ ਵਿੱਚ ਆਪੋ ਆਪਣਾ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰਨਗੇ।

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*ਅਚਰੁ ਚਰੈ ਤਾ ਸਿਧਿ ਹੋਈ*
*ਸਿਧੀ ਤੇ ਬੁਧਿ ਪਾਈ ॥*
*ਪ੍ਰੇਮ ਕੇ ਸਰ ਲਾਗੇ ਤਨ ਭੀਤਰਿ*
*ਤਾ ਭ੍ਰਮੁ ਕਾਟਿਆ ਜਾਈ ॥ ੧ ॥*
*ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥*
*ਗੁਰਮਤਿ ਰਾਮ ਨਾਮੁ ਪਰਗਾਸਹੁ*
*ਸਦਾ ਰਹਹੁ ਸਰਣਾਈ ॥ ਰਹਾਉ ॥*
*ਇਹੁ ਸੰਸਾਰੁ ਸਭੁ ਆਵਣ ਜਾਣਾ*
*ਮਨ ਮੂਰਖ ਚੇਤਿ ਅਜਾਣਾ ॥*
*ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ*
*ਤਾ ਹਰਿ ਨਾਮਿ ਸਮਾਣਾ ॥ ੨ ॥*
*ਜਿਸ ਕੀ ਵਥੁ ਸੋਈ ਪ੍ਰਭੁ ਜਾਣੈ*
*ਜਿਸ ਨੋ ਦੇਇ ਸੁ ਪਾਏ ॥*
*ਵਸਤੁ ਅਨੂਪ ਅਤਿ ਅਗਮ ਅਗੋਚਰ*
*ਗੁਰੁ ਪੂਰਾ ਅਲਖੁ ਲਖਾਏ ॥ ੩ ॥*
*ਜਿਨਿ ਇਹ ਚਾਖੀ ਸੋਈ ਜਾਣੈ*
*ਗੂੰਗੇ ਕੀ ਮਿਠਿਆਈ ॥*
*ਰਤਨੁ ਲੁਕਾਇਆ ਲੂਕੈ ਨਾਹੀ*
*ਜੇ ਕੋ ਰਖੈ ਲੁਕਾਈ ॥ ੪ ॥*
*ਸਭੁ ਕਿਛੁ ਤੇਰਾ ਤੂ ਅੰਤਰਜਾਮੀ*
*ਤੂ ਸਭਨਾ ਕਾ ਪ੍ਰਭੁ ਸੋਈ ॥*
*ਜਿਸ ਨੋ ਦਾਤਿ ਕਰਹਿ ਸੋ ਪਾਏ*
*ਜਨ ਨਾਨਕ ਅਵਰੁ ਨ ਕੋਈ ॥ ੫ ॥ ੯ ॥*
*ਅੰਗ - ੬੦੭*

ਸਾਧ ਸੰਗਤ ਜੀ!

***ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ***

ਗੁਰੂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਅੰਮ੍ਰਿਤ ਵੇਲੇ ਤੋਂ ਹਰੀ ਦਾ ਜਸ ਹੋਇਆ ਹੈ, ਆਪ ਸਭ ਨੇ ਸਰਵਣ ਕੀਤਾ ਹੈ। ਅੰਮ੍ਰਿਤ ਵੇਲੇ ਦੀ ਜਾਗ ਬਹੁਤ ਹੀ ਉਤਮ ਚੀਜ਼ ਹੈ। ਜਾਗਦੇ ਤਾਂ ਉਹ ਲੋਕ ਵੀ ਨੇ ਜਿਨ੍ਹਾਂ ਦੇ ਸਿਰ ਦੇ ਉਤੇ ਡਰ ਹੁੰਦਾ ਹੈ ਜਾਂ ਬਿਮਾਰ ਹੈ ਜਾਂ ਕੋਈ ਚਿੰਤਾ ਲੱਗੀ ਹੋਈ ਹੈ। ਮਹਾਰਾਜ ਜੀ ਕਹਿੰਦੇ ਇਹ ਜਾਗਣਾ ਪਰਵਾਣ ਨਹੀਂ ਹੋਇਆ ਕਰਦਾ। ਜਾਗਣਾ ਪਰਵਾਣ ਓਹੀ ਹੈ ਜੋ ਹਰੀ ਦੇ ਜਸ ਵਿਚ ਸਮਾਂ ਕੱਢਿਆ ਜਾਵੇ। ਸੋ ਇਸ ਜਾਗਣ ਦਾ ਜੋ ਮਹਾਤਮ ਹੈ ਗੁਰੂ ਨਾਨਕ ਪਾਤਸ਼ਾਹ ਤੋਂ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਪੁਛਿਆ ਕਿ ਸੱਚੇ ਪਾਤਸ਼ਾਹ! ਆਪ ਹਮੇਸ਼ਾਂ ਹੀ ਸੰਗਤਾਂ ਨੂੰ ਅੰਮ੍ਰਿਤ ਵੇਲੇ ਜਾਗ ਕੇ ਹਰੀ ਦਾ ਜਸ ਕਰਨ ਵਾਸਤੇ, ਇਸ਼ਨਾਨ ਕਰਨ ਵਾਸਤੇ ਪ੍ਰੇਰਨਾ ਕਰਦੇ ਰਹਿੰਦੇ ਹੋ, ਕੀ ਇਸ ਸਮੇਂ ਦਾ ਕੋਈ ਵਿਸ਼ੇਸ਼ ਲਾਭ ਹੋਇਆ ਕਰਦਾ ਹੈ?

ਮਹਾਰਾਜ ਜੀ ਕਹਿਣ ਲੱਗੇ, ਪੁਰਖਾ! ਤੂੰ ਬਹੁਤ ਚੰਗੀ ਗੱਲ ਪੁੱਛੀ। ਅਸੀਂ ਤੈਨੂੰ ਕੇਵਲ ਇਸ਼ਨਾਨ ਕਰਨ ਦਾ ਮਹਾਤਮ ਦਸਦੇ ਹਾਂ ਜੋ ਬ੍ਰਹਮ ਮਹੂਰਤ ਦੇ ਅੰਦਰ ਪਹਿਰ ਰਾਤ ਰਹਿੰਦੀ ਉਠ ਕੇ ਵਿਧੀ ਪੂਰਵਕ ਇਸ਼ਨਾਨ ਕਰਦਾ ਹੈ ਕਿਉਂਕਿ ਇਸ਼ਨਾਨ ਕਰਨ ਦਾ ਵੀ ਤਰੀਕਾ ਹੋਇਆ ਕਰਦਾ ਹੈ। ਉਸ ਤਰੀਕੇ ਦੇ ਨਾਲ ਜਦੋਂ ਇਸ਼ਨਾਨ ਕਰਦਾ ਹੈ ਤਾਂ ਉਸਨੂੰ ਐਨਾ ਪੁੰਨ ਮਿਲ ਜਾਂਦਾ ਹੈ ਜਿੰਨਾ ਸਵਾ ਮਣ ਸੋਨਾ ਦਾਨ ਕਰਨ ਦਾ ਪੁੰਨ ਹੁੰਦਾ ਹੈ। ਉਸ ਤੋਂ ਦੋ ਘੜੀ ਬਾਅਦ ਜਿਹੜਾ ਇਸ਼ਨਾਨ ਕਰਦਾ ਹੈ ਉਸਨੂੰ ਸਵਾ ਮਣ ਚਾਂਦੀ ਦਾਨ ਕਰਨ ਦਾ ਪੁੰਨ ਪ੍ਰਾਪਤ ਹੋ ਜਾਂਦਾ ਹੈ। ਉਸ ਤੋਂ ਜੋ ਦੋ ਘੜੀ ਬਾਅਦ ਇਸ਼ਨਾਨ ਕਰਦਾ ਹੈ ਉਸਨੂੰ ਸਵਾ ਮਣ ਤਾਂਬਾ ਦਾਨ ਕਰਨ ਦਾ ਫਲ ਤੇ ਦਿਨ ਚੜ੍ਹਨ ਤੋਂ ਜੋ ਤਿੰਨ ਚਾਰ ਘੜੀਆਂ ਪਹਿਲਾਂ ਇਸ਼ਨਾਨ ਕਰਦਾ ਹੈ ਉਸਨੂੰ ਸਵਾ ਮਣ ਦੁੱਧ ਦਾਨ ਕਰਨ ਦਾ ਪੁੰਨ ਜਾਂ ਅਨਾਜ ਦਾਨ ਕਰਨ ਦਾ ਪੁੰਨ ਮਿਲ ਜਾਂਦਾ ਹੈ। ਸੋ ਇਸ ਸਮੇਂ ਦੇ ਅੰਦਰ ਜੇ ਚਿੱਤ ਬਿਰਤੀਆਂ ਨੂੰ ਇਕਾਗਰ ਕਰੇ, ਹਰੀ ਦਾ ਜਸ ਸਰਵਣ ਕਰੇ ਤਾਂ ਜਿੰਨੇ ਕਦਮ ਚੱਲ ਕੇ ਜਾਂਦਾ ਹੈ ਓਨੇ ਹੀ ਜੱਗਾਂ ਦਾ ਫਲ, ਉਸਨੂੰ ਪ੍ਰਾਪਤ ਹੋਇਆ ਕਰਦਾ ਹੈ। ਜਦੋਂ ਜਾ ਕੇ ਹਰੀ ਦਾ ਜਸ ਸਰਵਣ ਕਰਦਾ ਹੈ। ਸਰਵਣ ਕਰਕੇ ਮਨ ਦੇ ਵਿਚ ਧਾਰਨ ਕਰਦਾ ਹੈ ਤੇ ਫੇਰ ਮੰਨਦਾ ਹੈ, ਮੰਨ ਕੇ ਆਪਣਾ ਜੀਵਨ ਬਤੀਤ ਕਰਦਾ ਹੈ

ਤਾਂ ਉਸਦਾ ਬੇਅੰਤ ਫਲ ਹੋਇਆ ਕਰਦਾ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - ੫੪੬***

ਇਨ੍ਹਾਂ ਫਲਾਂ ਦੇ ਨਾਲ ਕੀ ਹੁੰਦਾ ਹੈ ਕਿ ਕਰੋੜਾਂ ਜਨਮਾਂ ਦੇ ਜੋ ਪਾਪ ਕੀਤੇ ਹੋਏ ਨੇ, ਮਾੜੇ ਕਰਮ ਕਰੇ ਹੋਏ ਨੇ ਜ਼ਿੰਦਗੀ ਦੇ ਅੰਦਰ ਵਿਘਨ ਪਏ ਨੇ, ਅਗਿਆਨ ਦੇ ਵਿਚ ਸਮਾਂ ਨਿਕਲ ਰਿਹਾ ਹੈ, ਉਹ ਪਾਪ ਘਟਣੇ ਸ਼ੁਰੂ ਹੋ ਜਾਂਦੇ ਨੇ। ਜਦੋਂ ਪੁੰਨ ਵਧ ਜਾਣ ਤੇ ਪਾਪ ਘਟ ਜਾਣ ਉਸ ਵੇਲੇ ਫੇਰ ਚਿੱਤ ਵਿਚ ਬਾਣੀ ਪੜ੍ਹਨ ਦਾ ਸ਼ੌਕ ਜਾਗਦਾ ਹੈ, ਜਿਉਂ-ਜਿਉਂ ਪੜ੍ਹਦਾ ਹੈ, ਪੁੰਨ ਵਧਦੇ ਜਾਂਦੇ ਨੇ, ਫੇਰ ਨਾਮ ਦੇ ਵਿਚ ਵੀ ਰੁਚੀ ਹੋ ਜਾਂਦੀ ਹੈ। ਪੂਰੇ ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਫੇਰ ਪ੍ਰਮੇਸ਼ਰ ਦਾ ਨਾਮ ਜਪਦਾ ਹੈ। ਨਾਮ ਜਪਦਾ-ਜਪਦਾ ਇਹ ਹੌਲੀ-ਹੌਲੀ ਆਪਣੇ ਸੋਮੇ ਵਲ ਨੂੰ ਵਧਦਾ ਹੈ ਜਿਥੋਂ ਵਿਛੜਿਆ ਹੈ ਉਸ ਥਾਂ ਨੂੰ ਇਹ ਜਾਂਦਾ ਹੈ ਤੇ ਇਸ ਦੇ ਜਾਣ ਵਿਚ ਬੜੀਆਂ ਭਾਰੀਆਂ ਰੁਕਾਵਟਾਂ ਜੋ ਪਹਿਲਾਂ ਇਸਨੂੰ ਪਤਾ ਨਹੀਂ ਸੀ ਉਹ ਆ ਕੇ ਖੜ੍ਹੀਆਂ ਹੁੰਦੀਆਂ ਨੇ, ਫੁਰਨੇ ਆਉਂਦੇ ਨੇ, ਸ਼ੰਕੇ ਆਉਂਦੇ ਨੇ, ਆਸਾਂ ਆਉਂਦੀਆਂ ਨੇ, ਅੰਦੇਸ਼ੇ ਆਉਂਦੇ ਨੇ ਉਨ੍ਹਾਂ ਨਾਲ ਇਸ ਦਾ ਵਾਹ ਪੈਂਦਾ ਹੈ। ਹਰੀ ਦਾ ਜਸ ਜੇ ਨਾਲ ਮਿਲ ਜਾਵੇ ਤਾਂ ਇਸਦੀ ਚਿੱਤ ਬਿਰਤੀ ਇਕਾਗਰ ਹੋ ਕੇ ਇਨ੍ਹਾਂ ਔਕੜਾਂ ਦੇ ਵਿਚੋਂ ਲੰਘ ਜਾਇਆ ਕਰਦੀ ਹੈ। ਹੌਲੀ-ਹੌਲੀ ਸੁਰਤ ਸੂਖਸ਼ਮ ਹੋ ਜਾਂਦੀ ਹੈ, ਅੰਦਰਲੀ ਗੱਲ ਨੂੰ ਫੜਨ ਦੇ ਕਾਬਲ ਹੋ ਜਾਂਦੀ ਹੈ ਉਸ ਵੇਲੇ ਜੋ ਪ੍ਰਮੇਸ਼ਰ ਇਸ ਦੇ ਅੰਦਰ ਵਸਦਾ ਹੈ ਉਸ ਦੇ ਝਲਕੇ ਇਸਨੂੰ ਵਜਣੇ ਸ਼ੁਰੂ ਹੋ ਜਾਂਦੇ ਨੇ, ਮਹਿਸੂਸ ਹੁੰਦਾ ਹੈ ਕਿ ਮੇਰੇ ਅੰਦਰ ਕੋਈ ਹੋਰ ਚੀਜ਼ ਵੀ ਹੈ, ਮੈਂ ਹੀ ਨਹੀਂ ਹਾਂ ਮੇਰੇ ਨਾਲ ਕੋਈ ਹੋਰ ਚੀਜ਼ ਹੈ। ਮੇਰੀ ਸ਼ਕਤੀ ਹੀ ਨਹੀਂ ਸਾਰੇ ਕੰਮ ਕਰਦੀ, ਕੋਈ ਹੋਰ ਸ਼ਕਤੀ ਮੈਥੋਂ ਕੰਮ ਕਰਾ ਰਹੀ ਹੈ ਜੋ ਐਨੀ ਗੁਪਤ ਹੋ ਕੇ ਵਰਤਦੀ ਹੈ ਕਿ ਉਸਦਾ ਪਤਾ ਨਹੀਂ ਲਗਦਾ। ਭੂਤ-ਪ੍ਰੇਤ ਕਿਸੇ ਦੇ ਅੰਦਰ ਵਸਦਾ ਹੋਵੇ ਤਾਂ ਉਸ ਦੇ ਉਤੇ ਭਾਰੀਪੁਣਾ ਲੱਗਿਆ ਰਹਿੰਦਾ ਹੈ, ਬੋਝ ਪਿਆ ਰਹਿੰਦਾ ਹੈ ਸੁਰਤ ਦੇ ਉਤੇ, ਦਿਮਾਗ ਦੇ ਉਤੇ ਹੋਰ ਹੀ ਤਰ੍ਹਾਂ ਦੀਆਂ ਗੱਲਾਂ ਕਰਦਾ ਹੈ ਪਤਾ ਲਗ ਜਾਂਦਾ ਹੈ ਕਿ ਮੈਨੂੰ ਕੋਈ ਛਾਇਆ ਹੈ, ਮੇਰੇ ਵਿਚ ਕੋਈ ਹੋਰ ਚੀਜ਼ ਹੈ ਲੇਕਿਨ ਪ੍ਰਮੇਸ਼ਰ ਐਨਾ ਗੁਪਤ ਵਰਤਦਾ ਹੈ ਕਿ ਉਸਦਾ ਪਤਾ ਨਹੀਂ ਲਗਦਾ, ਉਹ ਆਪ ਹੱਦ ਤੋਂ ਜ਼ਿਆਦਾ ਸੂਖਮ ਹੈ। ਜਦੋਂ ਇਹ ਭਜਨ ਕਰਦਾ-ਕਰਦਾ ਹੌਲੀ-ਹੌਲੀ ਦਰਜਾ-ਬ-ਦਰਜਾ ਸੂਖਮ ਮੰਡਲਾਂ ਦੇ ਵਿਚ ਜਾਂਦਾ ਹੈ ਤਾਂ ਉਥੇ ਜਾ ਕੇ ਆਖਰੀ ਮੰਜ਼ਲ ਦੇ ਵਿਚ ਇਸ ਦਾ ਵਾਹ ਪ੍ਰਮੇਸ਼ਰ ਨਾਲ ਪੈਂਦਾ ਹੈ, ਇਸਨੂੰ ਮਹਿਸੂਸ ਹੁੰਦਾ ਹੈ ਕਿ ਵਾਹਿਗੁਰੂ ਤਾਂ ਮੇਰੇ ਨਾਲ ਹੈ, ਅੰਦਰ ਵੀ ਓਹੀ ਹੈ ਤੇ ਬਾਹਰ ਵੀ ਓਹੀ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥***
***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥***
***ਜੈਸੀ ਆਗਿਆ ਤੈਸਾ ਕਰਮੁ ॥***
***ਪਉਣ ਪਾਣੀ ਬੈਸੰਤਰ ਮਾਹਿ ॥***
***ਚਾਰਿ ਕੁੰਟ ਦਹ ਦਿਸੇ ਸਮਾਹਿ ॥***
***ਤਿਸ ਤੇ ਭਿੰਨ ਨਹੀ ਕੋ ਠਾਉ ॥***
***ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥***

***ਅੰਗ - ੨੯੪***

ਧਰਤੀ ਦੇ ਵਿਚ ਵੀ ਓਹੀ ਹੈ ਤੇ ਆਕਾਸ਼ ਦੇ ਵਿਚ ਵੀ ਓਹੀ ਹੈ, ਆਕਾਸ਼ ਤੇ ਧਰਤੀ ਦੇ ਵਿਚਾਲੇ ਵੀ ਓਹੀ ਹੈ -

***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥ ਅੰਗ - ੨੯੪***

ਜਿੱਥੇ ਤੱਕ ਵੀ ਮੇਰੀ ਨਿਗ੍ਹਾ ਜਾਂਦੀ ਹੈ ਜਿੱਥੇ ਤੱਕ ਵੀ ਮੈਂ ਸੋਚ ਸਕਦਾ ਹਾਂ ਹਰ ਥਾਂ ਤੇ ਉਹ ਪੂਰਨ ਪ੍ਰਤਿਪਾਲਣਾ ਕਰਦਾ ਹੈ। ਇਕੱਲੇ-ਇਕੱਲੇ ਜੀਵ ਨੂੰ ਸਾਂਭਦਾ ਹੈ, ਕਿੱਡੀ ਵੱਡੀ ਸ਼ਕਤੀ ਹੈ ਉਹ, ਬੇਅੰਤ ਪਸਾਰਾ ਹੈ ਜਿਸਦਾ ਪਤਾ ਹੀ ਨਹੀਂ ਹੈ ਕਿ ਕਿੱਥੇ ਮੁਕਦਾ ਹੈ ਜਿੱਥੇ ਜਾ ਕੇ ਖੜ੍ਹੇ ਹੋ ਜਾਓ ਉਥੋਂ ਅੱਗੇ ਹੋਰ ਹੈ, ਜਿੱਥੇ ਜਾ ਕੇ ਅੰਤ ਦਾ ਅੰਦਾਜ਼ਾ ਲਾ ਲਓ ਉਥੋਂ ਅੱਗੇ ਹੋਰ ਹੈ। ਸੋ ਇ. ਹ ਜੋ ਬੇਅੰਤ ਹੈ ਜਿਸਦਾ ਅੰਤ ਹੀ ਨਹੀਂ ਹੈ ਉਹ ਸਾਰਿਆਂ ਨੂੰ ਸੰਭਾਲ ਰਿਹਾ ਹੈ।

***ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥***
***ਜੈਸੀ ਆਗਿਆ ਤੈਸਾ ਕਰਮੁ ॥***

ਵਣਾਂ ਵਿਚ, ਘਾਹ ਦੇ ਵਿਚ ਹਰੇਕ ਥਾਂ ਦੇ ਵਿਚ ਪ੍ਰਮੇਸ਼ਰ ਪਰੀਪੂਰਨ ਹੈ ਪਰ ਨਾਲ ਇਹ ਹੈ ਕਿ ਕਿਸੇ ਦੀ ਮਰਜ਼ੀ ਨਹੀਂ ਚਲਦੀ ਜਿਹੋ ਜਿਹੀ ਉਸਦੀ ਆਗਿਆ ਹੁੰਦੀ ਹੈ ਉਸ ਦੇ ਵਿਚ ਬੰਨ੍ਹੇ ਹੋਏ ਚੱਲ ਰਹੇ ਨੇ ਜੀਅ। ਬੰਨਦੀ ਕਿਹੜੀ ਚੀਜ਼ ਹੈ? ਇਹ ਜੀਵ ਹਉਮੈਂ ਧਾਰਦਾ ਹੈ, ਪ੍ਰਮੇਸ਼ਰ ਵਲ ਪਿੱਠ ਕਰ ਲੈਂਦਾ ਹੈ। ਪਿੱਠ ਕਰਨ ਤੋਂ ਬਾਅਦ ਇਹ ਕਰਮ ਕਰਦਾ ਹੈ ਫੇਰ ਇਸ ਦੇ ਕਰਮ ਜਮ੍ਹਾਂ ਹੋ ਜਾਂਦੇ ਨੇ ਤੇ ਕਰਮ ਫੇਰ ਇਸਨੂੰ ਲਈ ਫਿਰਦੇ ਨੇ। ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹੇ ਭੋਗਣ ਵਾਸਤੇ ਇਸਨੂੰ ਓਹੋ ਜਿਹਾ

ਰਾਹ ਲੱਭ ਜਾਂਦਾ ਹੈ ਉਨ੍ਹਾਂ ਰਾਹਾਂ ਤੇ ਚਲਦਾ ਹੈ ਇਹ ਬਦਲ ਨਹੀਂ ਸਕਦਾ ਕਿਉਂਕਿ ਕਰਮਾਂ ਨੇ ਬੰਨ੍ਹ ਲਿਆ, ਕਰਮ ਹੁਕਮ ਨੇ ਬੰਨ੍ਹ ਲਏ, ਹੁਕਮ ਪ੍ਰਮੇਸ਼ਰ ਵਿਚੋਂ ਆਉਂਦਾ ਹੈ। ਸੋ ਇਸ ਕਰਕੇ ਪ੍ਰਮੇਸ਼ਰ ਦਾ ਹੀ ਬੰਨ੍ਹੇ ਲਏ, ਹੁਕਮ ਪ੍ਰਮੇਸ਼ਰ ਵਿਚੋਂ ਆਉਂਦਾ ਹੈ। ਸੋ ਇਸ ਕਰਕੇ ਪ੍ਰਮੇਸ਼ਰ ਦਾ ਹੀ ਬੰਨ੍ਹਿਆ ਹੋਇਆ ਇਹ ਜੀਵ ਜੋ ਹੈ –

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥ ਅੰਗ – ੨੭੭*

ਪਹਿਲੇ ਕਰਮ ਇਸ ਨੇ ਅਗਿਆਨ ਵਿਚ ਆ ਕੇ ਕੀਤੇ। ਕਰਮ ਤਾਂ ਕਰਦਾ ਹੀ ਸੀ, ਪ੍ਰਮੇਸ਼ਰ ਕਰਾ ਰਿਹਾ ਸੀ ਆਪ ਨਹੀਂ ਸੀ ਕਰ ਰਿਹਾ ਪਰ ਇਸਨੇ 'ਮੈਂ' ਧਾਰਨ ਕਰ ਲਈ ਕਿ 'ਮੈਂ' ਕਰਦਾ ਹਾਂ, ਮੈਂ ਚੰਗੇ ਕਰਮ ਕਰਦਾ ਹਾਂ। ਮਾੜੇ ਤਾਂ ਇਹ ਮੰਨਦਾ ਹੀ ਨਹੀਂ, ਮਾੜੇ ਤਾਂ ਕਹਿੰਦਾ ਇਹ ਰੱਬ ਕਰਾਉਂਦਾ ਹੈ। ਸੋ ਇਸ ਦੇ ਕਰਮਾਂ ਨੇ ਉਸੇ ਵੇਲੇ ਫੜ ਲਿਆ, ਉਸੇ ਵੇਲੇ ਤੋਂ ਇਹ ਕਰਮਾਂ ਦਾ ਬੰਨ੍ਹਿਆ ਹੋਇਆ ਚੱਲ ਰਿਹਾ ਹੈ, ਅਨੇਕਾਂ ਹੀ ਜੂਨੀਆਂ ਇਸ ਨੇ ਭੁਗਤ ਲਈਆਂ ਨੇ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥*

*ਅੰਗ – ੧੭੬*

ਕਿਤੇ ਮੁੜ ਕੇ ਫੇਰ ਵਾਰੀ ਆ ਜਾਂਦੀ ਹੈ। ਬਹੁਤ ਮੁਸ਼ਕਲ ਦੇ ਨਾਲ ਵਾਰੀ ਆ ਜਾਂਦੀ ਹੈ।

ਬੜੇ ਚਿਰ ਲੰਘਣ ਤੋਂ ਬਾਅਦ ਇਹ ਮਨੁੱਖ ਦਾ ਜਾਮਾ ਇਸ ਨੂੰ ਪ੍ਰਾਪਤ ਹੋ ਜਾਂਦਾ ਹੈ ਫੇਰ ਇਸਨੂੰ ਮੌਕਾ ਮਿਲਦਾ ਹੈ ਕਿ ਹੁਣ ਇਹ ਸਤਿਸੰਗ ਵਿਚ ਜਾਵੇ, ਸਤਿਸੰਗ ਵਿਚ ਜਾ ਕੇ ਤੱਤ-ਬੇਤੇ ਮਹਾਂਪੁਰਸ਼ਾਂ ਦੀ ਸੰਗਤ ਕਰੇ, ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰੇ। ਜੇ ਇਹ ਕਮਾਈ ਕਰ ਲਵੇ ਤਾਂ ਇਸ ਦਾ ਦੁਬਾਰਾ ਚੱਕਰ ਜਿਹੜਾ ਘੁੰਮਣ ਵਾਲਾ ਹੈ ਉਹ ਖਤਮ ਹੋ ਜਾਂਦਾ ਹੈ।

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

*ਅੰਗ – ੨੭੮*

ਅੰਦਰ ਪ੍ਰਮੇਸ਼ਰ ਦਾ ਪ੍ਰਕਾਸ਼ ਹੋ ਜਾਂਦਾ ਹੈ ਜਿਸਨੂੰ ਮਹਾਰਾਜ ਜੀ ਨੇ ਕਿਹਾ ਹੈ –

*ਰਤਨੁ ਲੁਕਾਇਆ ਲੂਕੈ ਨਾਹੀ*
*ਜੇ ਕੋ ਰਖੈ ਲੁਕਾਈ॥ ਅੰਗ – ੬੦੮*

ਉਹ ਰਤਨ ਜੋ ਆਤਮ ਵਸਤੂ ਦਾ ਹੈ ਨਾਮ ਰਤਨ ਹੈ ਉਹ ਲੁਕਿਆ ਨਹੀਂ ਕਰਦਾ, ਪ੍ਰਗਟ ਹੋ ਜਾਂਦਾ ਹੈ ਕਹਿੰਦੇ –

*ਉਸੁ ਅਸਥਾਨ ਕਾ ਨਹੀ ਬਿਨਾਸੁ ॥*

ਉਹ ਜਿਹੜਾ ਅਸਥਾਨ ਹੈ ਉਹ ਅੰਤਰ-ਆਤਮੇ ਮਿਲ ਗਿਆ ਉਸ ਦਾ ਵਿਨਾਸ਼ ਨਹੀਂ ਹੁੰਦਾ ਬਾਕੀ ਅਸਥਾਨਾਂ ਦਾ ਨਾਸ਼ ਹੁੰਦਾ ਹੈ –

*ਕਬਹੂ ਜੀਅੜਾ ਊਭਿ ਚੜਤੁ ਹੈ*
*ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ*
*ਚਾਰੇ ਕੁੰਡਾ ਭਾਲੇ ॥ ਅੰਗ – ੮੭੬*

ਉਂਜ ਜੋ ਹਾਲਤ ਹੈ ਕਦੇ ਉਹ ਬਹੁਤ ਵੱਡਾ ਬਣ ਜਾਂਦਾ ਹੈ, ਕਦੇ ਨਾਮ ਜਪਣ ਦੀ ਲਗਨ ਲਗਦੀ ਹੈ, ਕਦੇ ਪਾਪਾਂ ਦੇ ਵਿਚ ਪ੍ਰਵਿਰਤ ਹੋ ਜਾਂਦਾ ਹੈ। ਉਹ ਘੁੰਮਦਾ ਫਿਰਦਾ ਹੈ ਪਰ ਜਦੋਂ ਕਿਤੇ ਇਸਨੂੰ ਸਾਧ ਸੰਗਤ ਮਿਲ ਜਾਵੇ, ਸਾਧ ਸੰਗਤ ਵਿਚ ਆ ਕੇ ਨਾਮ ਦੀ ਕਮਾਈ ਕਰ ਲਵੇ ਤੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਵੇ ਉਸ ਅਸਥਾਨ ਦਾ ਫੇਰ ਨਾਸ਼ ਨਹੀਂ ਹੋਇਆ ਕਰਦਾ। ਉਹ ਨਾਸ਼ ਰਹਿਤ ਹੋ ਜਾਂਦਾ ਹੈ, ਕਾਲ ਦੇ ਮੰਡਲ ਤੋਂ ਉਚਾ ਉਠ ਜਾਂਦਾ ਹੈ। ਸੋ ਮਹਾਰਾਜ ਜੀ ਕਹਿੰਦੇ –

*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*

ਮਨ ਤੇ ਤਨ ਦੇ ਵਿਚ ਨਾਮ ਦਾ ਪਿਆਰ ਆ ਜਾਂਦਾ ਹੈ ਫੇਰ ਉਹ ਪਾਰਬ੍ਰਹਮ ਦੇ ਨਾਲ ਵਸਦਾ ਹੈ ਹਰ ਵਕਤ, ਵਿਛੜਦਾ ਨਹੀਂ ਹੈ ਤੇ ਪ੍ਰਮੇਸ਼ਰ ਦੇ ਨਾਲ ਅਭੇਦ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

*ਜਿਉ ਜਲ ਮਹਿ ਜਲੁ ਆਇ ਖਟਾਨਾ ॥*

(ਬਾਕੀ ਪੰਨਾ 24 ਤੇ)

# ਵਿਸਾਖੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-43)*

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***
***ਅੰਗ - ੩੯੭***

ਜਿਹੜੇ ਨਾਮ ਦੇ ਮੰਡਲ 'ਚੋਂ ਕਦੇ ਥੱਲੇ ਆਉਂਦੇ ਨਹੀਂ, ਇਕ ਗੱਲ ਯਾਦ ਰੱਖੋ ਜਿੰਨਾ ਚਿਰ ਆਦਮੀ ਦੇ ਅੰਦਰ ਮੈਂ ਹੈ ਨਾ, ਓਨਾਂ ਚਿਰ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਨਾਮ ਮੰਡਲ ਵਿਚ ਪ੍ਰਵੇਸ਼ ਕਰ ਜਾਵੇ। ਜਦੋਂ ਮੈਂ ਖਤਮ ਹੋ ਜਾਂਦੀ ਹੈ, ਗੁਰੂ ਦੇ ਮੰਤਰ ਨਾਲ। ਏਸ ਮੰਤਰ ਨੂੰ ਹਉਮੈ ਦਾ ਨਾਸ਼ ਕਰ ਦਿਤਾ, ਜਦੋਂ ਹਉਮੈ ਮਾਰੀ ਗਈ ਫੇਰ ਕੀ ਹੁੰਦਾ ਹੈ, ਵਿਰੋਧੀ ਮਰ ਗਿਆ।

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦***

ਜਦੋਂ ਵਿਰੋਧੀ ਮਰ ਗਿਆ ਤਾਂ ਨਾਮ ਨੇ ਵਸਣਾ ਹੀ ਹੈ ਉਥੇ ਆ ਕੇ। ਜਦੋਂ ਨਾਮ ਵਸਿਆ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯***

ਤੇ ਉਹਦੀ ਪਦਵੀ ਕਿੱਡੀ ਉਚੀ ਹੋ ਜਾਂਦੀ ਹੈ ਫੁਰਮਾਨ ਕਰਦੇ ਨੇ, ਦੁਨੀਆਦਾਰੀ ਦੇ ਪੈਮਾਨੇ ਨਾਲ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***
***ਅੰਗ - ੭੦੭***

ਸਾਰੀ ਸ੍ਰਿਸ਼ਟੀ, ਸਾਰੀ ਕਾਇਨਾਤ ਤੇ ਹੁਕਮ ਚਲਦਾ ਹੈ।

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ - ੧੮੬***

ਸੋ ਇਸ ਤਰ੍ਹਾਂ ਦੀ ਪਦਵੀ ਪ੍ਰਾਪਤ ਹੁੰਦੀ ਹੈ ਜਿਹਦੇ ਅੰਦਰ ਨਾਮ ਦਾ ਨਿਵਾਸ ਹੋ ਜਾਂਦਾ ਹੈ। ਸੋ ਖਾਲਸਾ ਜੋ ਹੈ ਉਹ ਨਾਮ ਦੇ ਨਿਵਾਸ ਵਾਲੀ ਸਥਿਤੀ ਨੂੰ ਖਾਲਸਾ ਕਹਿੰਦੇ ਨੇ। ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਐਵੇਂ ਤਾਂ ਨਹੀਂ ਬਣ ਜਾਂਦਾ, ਲਿਖ ਲਓ ਨਾਉਂ ਦੇ ਪਿਛੇ ਬ੍ਰਹਮਗਿਆਨੀ। ਖਾਲਸਾ ਲਿਖ ਲਓ। ਕਹਿੰਦੇ ਨੇ ਕਿ ਨਾਉਂ ਦੇ ਮਗਰ ਖਾਲਸਾ ਲਿਖ ਲਓ। ਉਹਨੂੰ ਪਤਾ ਹੀ ਨਹੀਂ ਕਿ ਖਾਲਸੇ ਦਾ ਆਦਰਸ਼ ਕੀ ਹੁੰਦਾ ਹੈ। ਗੱਲ ਨਹੀਂ ਸਮਝਦੇ। ਆਪ ਵੀ ਡੁਬਦੇ ਨੇ ਤੇ ਦੂਸਰਿਆਂ ਨੂੰ ਵੀ ਡੋਬ ਦਿੰਦੇ ਨੇ। ਬੜੀ ਮੁਸ਼ਕਲ ਹੋਈ ਹੋਈ ਹੈ। ਨਾ ਪੜ੍ਹਨਾ ਨਾ ਲਿਖਣਾ, ਨਾ ਕਮਾਈ ਕਰਨੀ, ਨਾ ਅੰਦਰਲੇ ਭੇਤਾਂ ਤੋਂ ਜਾਣੂੰ ਹੋਣਾ, ਲਿਖ ਲਓ ਜੀ ਖਾਲਸਾ, ਚਾਹੇ ਪੰਜਾਹ ਵਾਰੀ ਲਿਖ ਲੈ ਖਾਲਸਾ ਬਣ ਜਾਏਂਗਾ। ਖਾਲਸਾ ਤਾਂ ਬਣਨਾ ਹੀ ਉਦੋਂ ਹੈ ਜਿਸ ਵਕਤ ਆਤਮ ਰਸ ਦਾ ਰਸੀਆ ਬਣ ਜਾਏਗਾ।

***ਖ਼ਾਲਸਾ ਮੇਰੋ ਰੂਪ ਹੈ ਖ਼ਾਸ॥***
***ਖ਼ਾਲਸੇ ਮਹਿ ਹੌਂ ਕਰੌਂ ਨਿਵਾਸ॥***

ਬਚਨ ਹੈ ਗੁਰੂ ਪਾਤਸ਼ਾਹ ਦਾ। ਜਿਹੜਾ ਐਨੀ purity ਦੇ ਵਿਚ ਹੋਏਗਾ ਉਹਦੇ ਵਿਚ ਮੇਰਾ ਨਿਵਾਸ ਹੋਏਗਾ। ਅਨੰਦਪੁਰ ਸਾਹਿਬ ਬਾਬਾ ਸੋਭਾ ਸਿੰਘ ਜੀ ਜੋ ਰਾੜੇ ਸਾਹਿਬ ਵਾਲੀ ਸੰਪਰਦਾ ਜਾਂ ਹੋਤੀ ਮਰਦਾਨ ਵਾਲੀ ਸੰਪਰਦਾ ਜਾਂ ਕੋਈ ਵੀ ਨਾਉਂ ਰੱਖ ਲਓ। ਇਹ ਇਕ ਚੇਨ ਚੱਲੀ ਆ ਰਹੀ ਹੈ ਮਹਾਤਮਾਵਾਂ ਦੀ। ਦੋ ਨੰਬਰ ਤੇ ਜਿਹੜੇ ਮਹਾਤਮਾ ਹੋਏ ਨੇ ਉਨ੍ਹਾਂ ਦਾ ਨਾਉਂ ਬਾਬਾ ਸੋਭਾ ਸਿੰਘ ਸੀ। ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋਏ ਕਹਿਣ ਲੱਗੇ ਪਾਤਸ਼ਾਹ! ਆਪ ਨੇ ਰੀਤ ਚਲਾ ਦਿਤੀ। ਰਹਿਤ ਬਣਾ ਦਿਤੀ ਕਿ ਜੇ ਗੁਰਮੰਤ੍ਰ, ਮੂਲਮੰਤਰ ਲੈਣਾ ਹੈ ਤਾਂ ਪੰਜ ਪਿਆਰੇ ਦਿੰਦੇ ਨੇ। ਪਾਤਸ਼ਾਹ! ਮੈਂ ਤਾਂ ਆਪ ਤੋਂ ਗੁਰਮੰਤਰ ਲੈਣਾ ਹੈ, ਆਪ ਨੂੰ ਗੁਰੂ ਧਾਰਨ ਕਰਨਾ ਹੈ, ਕਹਿਣ ਲੱਗੇ, ਸੋਭਾ ਸਿੰਘ ਜੀ! ਇਹ ਓਸ ਵੇਲੇ ਤੱਕ ਬਿਲਕੁਲ ਠੀਕ ਸੀ ਤੁਹਾਡੇ ਧਾਰਨਾ ਮਨ ਦੀ, ਜਦੋਂ ਤੱਕ ਅਸੀਂ ਆਪਣੇ ਆਪ ਨੂੰ ਅਭੇਦ ਨਹੀਂ ਕਰਿਆ ਪੰਜਾਂ ਦੇ ਵਿਚ। ਹੁਣ ਮੈਂ ਇਕੱਲਾ ਕੁਛ ਨਹੀਂ ਹੈਗਾ ਤੇ ਮੈਂ ਜਿਹੜਾ ਆਪਣਾ ਆਪਾ ਹੈ ਉਹ ਪੰਜਾਂ ਦੇ ਵਿਚ ਸਮਾਅ ਦਿਤਾ ਤੇ ਹੁਣ ਤੁਸੀਂ ਭਾਈ ਦਇਆ ਸਿੰਘ ਜੀ ਤੋਂ ਜਾ ਕੇ ਬੇਨਤੀ ਕਰਕੇ ਅੰਮ੍ਰਿਤ ਛਕੋ। ਬ੍ਰਹਮਗਿਆਨ ਦੇ ਭੰਡਾਰ ਉਨ੍ਹਾਂ ਕੋਲ ਨੇ, ਸ਼ਬਦ ਸੁਰਤਿ ਮਾਰਗ ਦੇ ਭੰਡਾਰ ਉਨ੍ਹਾਂ ਨੂੰ ਬਖਸ਼ੇ ਨੇ ਰਿੱਧੀਆਂ ਸਿੱਧੀਆਂ ਵਿਚ ਪੂਰੇ। ਮੈਨੂੰ ਤੇ ਭਾਈ ਦਇਆ ਸਿੰਘ ਨੂੰ ਹੋਰ ਨਾ ਸਮਝੋ, ਤੁਸੀਂ ਜਾ ਕੇ ਉਨ੍ਹਾਂ ਤੋਂ ਅੰਮ੍ਰਿਤ ਛਕੋ। ਓਸ ਵੇਲੇ ਕਹਿਣ ਲੱਗੇ ਕਿ ਮੇਰੀ ਤਾਂ ਬੜੀ ਪ੍ਰਬਲ ਇੱਛਾ ਸੀ ਕਿ ਮੈਂ ਆਪ ਦੇ ਦਸਤ-ਏ-ਮੁਬਾਰਕ ਤੋਂ ਅੰਮ੍ਰਿਤ ਛਕਾਂ। ਕਹਿੰਦੇ ਮੈਂ ਜੋ ਬਚਨ ਕਰਿਆ ਹੈ ਉਹ ਯਥਾਰਥ ਹੈ।

ਆਪਣਾ ਆਪ ਮੈਂ ਗੁਰਸਿੱਖਾਂ 'ਚ ਲੀਨ ਕਰ ਦਿਤਾ, ਹੁਣ ਮੈਂ ਕਿਵੇਂ ਵਾਪਸ ਲਵਾਂ, ਮੈਂ ਤਾਂ ਤੇਜ ਦੇ ਦਿਤਾ ਆਪਣਾ, ਸਾਰਾ ਖਾਲਸਾ ਨੂੰ।

*ਜਬ ਲਗ ਖ਼ਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥*

ਮੈਂ ਤਾਂ ਆਪਣਾ ਆਪ ਸੌਂਪ ਦਿਤਾ, ਤੁਸੀਂ ਜਾਓ। ਬਾਬਾ ਸੋਭਾ ਸਿੰਘ ਜੀ ਨੇ ਭਾਈ ਦਇਆ ਸਿੰਘ ਜੀ ਤੋਂ ਜਾ ਕੇ ਅੰਮ੍ਰਿਤ ਛਕਿਆ। ਬ੍ਰਹਮਗਿਆਨ ਦੀ ਦਾਤ ਪ੍ਰਾਪਤ ਕੀਤੀ ਤੇ ਏਸ ਸੰਪਰਦਾ ਦੇ ਦੋ ਨੰਬਰ ਦੇ ਮਹਾਤਮਾ ਨੇ। ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ ਪੂਰੇ ਦੀ ਤਲਾਸ਼ ਕਰ ਰਹੇ ਨੇ, ਮੈਂ ਪੂਰਿਆਂ ਤੋਂ ਅੰਮ੍ਰਿਤ ਛਕਣਾ ਹੈ। ਓਸ ਵੇਲੇ ਬਾਬਾ ਸੋਭਾ ਸਿੰਘ ਜੀ ਦੇ ਪਾਸ ਜਾਂਦੇ ਨੇ। ਬਾਬਾ ਸੋਭਾ ਸਿੰਘ ਜੀ ਕੋਲ ਬੇਨਤੀ ਕਰੀ ਕਿ ਬਾਬਾ ਜੀ! ਗੁਰੂ ਦਸ਼ਮੇਸ਼ ਪਿਤਾ ਦੇ ਰੂਹਾਨੀ ਭੰਡਾਰੇ ਆਪ ਦੇ ਹੱਥ ਵਿਚ ਪਹੁੰਚ ਚੁੱਕੇ ਨੇ, ਭਾਈ ਦਇਆ ਸਿੰਘ ਜੀ ਤੋਂ ਬਾਅਦ। ਕ੍ਰਿਪਾ ਕਰੋ ਹੁਣ ਮੈਨੂੰ ਉਹ ਭੰਡਾਰੇ ਬਖਸ਼ੋ। ਮੈਨੂੰ ਆਪਣਾ ਬਣਾਓ। ਓਸ ਵੇਲੇ ਬਾਬਾ ਸੋਭਾ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਜੀ ਊਨੇ ਵਾਲਿਆਂ ਨੂੰ ਗੁਰੂ ਨਾਨਕ ਪਾਤਸ਼ਾਹ ਤੋਂ 11ਵੀਂ ਬਿੰਦੀ ਵੰਸ ਨੂੰ ਅੰਮ੍ਰਿਤ ਛਕਾਇਆ ਸੀ। ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਪੂਰੇ ਸਮਰੱਥ ਸਨ, ਗੁਰੂ ਧਾਰਨ ਤੋਂ ਪਹਿਲਾਂ। ਪਿਛਲੇ ਜਨਮ ਦੀ ਕਮਾਈ ਐਨੀ ਜ਼ਬਰਦਸਤ ਸੀ ਕਿ ਜਿਹਦੇ ਵਲ ਨੈਣ ਭਰ ਕੇ ਦੇਖ ਲੈਂਦੇ ਸੀ ਓਸ ਵੇਲੇ ਹੀ ਓਹਨੂੰ ਬਦਲ ਦਿੰਦੇ ਸੀ।

ਆਪ ਇਕ ਵਾਰੀ ਰਾਵਲਪਿੰਡੀ ਮੌਜ ਵਿਚ ਆਏ, 12-13 ਸਾਲ ਦੀ ਉਮਰ ਸੀ, ਲਟਬੌਰਿਆ ਜਿਹਾ ਕੇਸ ਖਿਲਰੇ ਹੋਏ, ਉਤੇ ਛੋਟੀ ਜਿਹੀ ਪਗੜੀ ਬੰਨ੍ਹੀ ਹੋਈ, ਤੇ ਚੋਲਾ ਪਾਇਆ ਹੋਇਆ। ਦਗ ਦਗ ਕਰਦਾ ਚਿਹਰਾ, ਨੇਤਰਾਂ ਦੇ ਵਿਚ ਲਾਲੀ, ਪਰ ਅਪਣੱਤ ਤੇ ਪਿਆਰ ਦੀ ਝਲਕ। ਡਰਾਉਣ ਵਾਲੀ ਨਹੀਂ ਪਿਆਰ ਵਾਲੀ। ਜਿਹਦੇ ਵਲ ਨੇਤਰ ਕਰਨ ਖਿਚਿਆ ਜਾਵੇ, ਆਪ ਇਕ ਨੌਜਵਾਨ ਵੇਸਵਾ ਦੇ ਕੋਲ ਚਲੇ ਗਏ। ਸਾਰੇ ਹੈਰਾਨ ਹੋ ਗਏ, ਕਹਿਣ ਲੱਗੇ ਬਾਬਾ, ਇਹ ਵੇਸਵਾਵਾਂ ਦੇ ਚੌਬਾਰੇ ਤੇ ਚੜ੍ਹ ਗਿਆ, ਦੇਖਣ ਨੂੰ ਤਾਂ ਬੜਾ ਚੰਗਾ ਸੀ, ਆਪ ਗਏ ਨੇ ਖੜ੍ਹੇ ਨੇ, ਵੇਸਵਾ ਨੇ ਦੇਖਿਆ, ਦੇਖਦੇ ਸਾਰ ਅੰਦਰ ਕੁਛ ਜਾਗਣਾ ਸ਼ੁਰੂ ਹੋ ਗਿਆ। ਪਾਪ ਉਡ ਗਏ, ਨਿਰਮਲਤਾ ਆ ਗਈ, ਆ ਕੇ ਬਾਬਾ ਜੀ ਦੇ ਚਰਨਾਂ ਤੇ ਨਮਸਕਾਰ ਕਰ ਦਿਤੀ। ਕਹਿੰਦੀ, ਬਾਬਾ! ਮੇਰੀ ਸੁੱਤੀ ਹੋਈ ਆਤਮਾ ਤੂੰ ਜਗਾ ਦਿਤੀ। ਅੱਜ ਤੂੰ ਏਸ ਚੁਬਾਰੇ ਵਿਚ, ਪਾਪ ਦੇ ਮੰਦਰ ਵਿਚ ਆ ਗਿਆ, ਕੋਈ ਮੇਰੇ ਭਾਗ ਜਾਗ ਪਏ। ਮੈਂ ਸੁਣਦੀ ਸੀ ਕਹਾਣੀ ਕਿ ਇਕ ਗਨਕਾ ਹੋਈ ਹੈ ਕੋਈ, ਉਹਦੇ ਕੋਲ ਵੀ ਕੋਈ ਸਾਧੂ ਆਇਆ ਸੀ ਉਹਨੇ ਤੋਤਾ ਦਿਤਾ ਸੀ, ਕਹਿਣ ਲੱਗੇ, ਮੈਨੂੰ ਵੀ ਕੁਛ ਐਸੀ ਚੀਜ਼ ਦੇ ਜਾ, ਜਿਹਦੇ ਨਾਲ ਮੇਰਾ ਭੀ ਉਧਾਰ ਹੋ ਜਾਏ। ਕਹਿਣ ਲੱਗੇ, ਬੀਬਾ! ਤੈਨੂੰ ਮੰਤਰ ਦੇ ਦਿੰਦੇ ਹਾਂ ਗੁਰੂ ਦਾ। ਮੂਲਮੰਤ੍ਰ ਦੇ ਦਿੰਦੇ ਹਾਂ, ਤੂੰ ਜਾਪ ਕਰੀਂ, ਅੱਜ ਤੋਂ ਬਾਅਦ ਇਕੱਲੀ ਨਾ ਕਰੀ, ਜਿੰਨੇ ਤੇਰੇ ਗਾਹਕ ਨੇ ਸਾਰਿਆਂ ਨੂੰ ਏਸ ਪਾਸੇ ਲਾ ਲਈਂ। ਕਿੱਡੀ ਵੱਡੀ ਮਸ਼ਹੂਰ ਹੋਈ ਉਹ। ਪਰਮਪਦ ਦੀ ਪ੍ਰਾਪਤੀ ਬਾਬਿਆਂ ਤੋਂ ਹੋਈ। ਲੇਕਿਨ ਓਦੋਂ ਤੱਕ ਬਾਬਿਆਂ ਨੂੰ ਗੁਰੂ ਨਹੀਂ ਸੀ ਮਿਲਿਆ, ਜਾ ਕੇ ਬਾਬਾ ਸਾਹਿਬ ਸਿੰਘ ਜੀ ਦੇ ਕੋਲ ਬੇਨਤੀ ਕਰੀ, ਕਹਿੰਦੇ ਭਾਗ ਸਿੰਘਾ! ਤੇਰਾ ਤਾਂ ਅਸੀਂ ਇੰਤਜ਼ਾਰ ਬਹੁਤ ਦੇਰ ਤੋਂ ਕਰ ਰਹੇ ਹਾਂ, ਤੈਨੂੰ ਅਸੀਂ ਟੋਲ੍ਹਦੇ ਫਿਰਦੇ ਸੀ ਕਿ ਭਾਗ ਸਿੰਘ ਕਿੱਥੇ ਲੁੱਕ ਗਿਆ, ਆਹ ਅੱਜ ਤੈਨੂੰ ਭੰਡਾਰੇ ਸੰਭਾਲੀਏ ਗੁਰੂ ਨਾਨਕ ਦੇ। ਅੰਮ੍ਰਿਤ ਦੀ ਦਾਤ ਦਿਤੀ, ਬ੍ਰਹਮਗਿਆਨ ਦੀ ਦਾਤ ਦਿਤੀ, ਸਬਦਿ ਸੁਰਤਿ ਮਾਰਗ ਦੀ ਸੋਝੀ ਦਿਤੀ, ਅੰਦਰਲੀ ਲਿਵ ਦੀ ਸੋਝੀ ਦਿਤੀ ਤੇ ਪੂਰਨ ਪੁਰਖ ਬਣਾ ਦਿਤੇ। ਬਾਬਾ ਬੀਰ ਸਿੰਘ ਜੀ ਚਰਨਾਂ 'ਚ ਆਉਂਦੇ ਨੇ ਬਾਬਾ ਸਾਹਿਬ ਸਿੰਘ ਦੇ, ਉਹ ਕਹਿੰਦੇ ਬੀਰ ਸਿੰਘਾ! ਤੇਰਾ ਥਾਂ, ਤੇਰੀ ਅਮਾਨਤ ਮੈਂ ਮੈਂ ਸੰਭਾਲ ਕੇ ਰੱਖੀ ਹੋਈ ਹੈ ਉਹ ਬਾਬਾ ਭਾਗ ਸਿੰਘ ਤੋਂ ਉਨ੍ਹਾਂ ਨੂੰ ਮੈਂ ਫੜਾ ਦਿਤੀ ਹੈ ਤੂੰ ਉਨ੍ਹਾਂ ਤੋਂ ਜਾ ਕੇ ਲੈ ਲੈ। ਬਾਬਾ ਭਾਗ ਸਿੰਘ ਜੀ ਨੇ ਬ੍ਰਹਮਗਿਆਨ ਦੀ ਦਾਤ ਦਿਤੀ ਬਾਬਾ ਬੀਰ ਸਿੰਘ ਜੀ ਨੂੰ। ਬਾਬਾ ਬੀਰ ਸਿੰਘ ਜੀ ਨੇ ਬਾਬਾ ਮਹਾਰਾਜ ਸਿੰਘ ਜੀ ਨੂੰ। ਇਸ ਤਰ੍ਹਾਂ ਦੇ ਨਾਲ ਲੜੀ ਚਲੀ ਆਉਂਦੀ ਹੈ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ। ਸੋ ਓਹੀ ਅੰਮ੍ਰਿਤ ਜਿਹੜਾ ਹੈ ਉਹ ਪ੍ਰਗਟ ਹੋਇਆ ਹੋਇਆ ਹੈ ਅੰਮ੍ਰਿਤ। ਸਾਨੂੰ ਏਸ ਗੱਲ ਦੀ ਸੋਝੀ ਨਹੀਂ ਆਉਂਦੀ ਕਿ ਅੰਮ੍ਰਿਤ ਹੋਇਆ, ਅੰਮ੍ਰਿਤ ਦੀ ਗੱਲ ਬਾਤ ਬਹੁਤ ਚਲਦੀ ਹੈ, ਗੁਰੂ ਨਾਨਕ ਐਸ ਤਰ੍ਹਾਂ ਨਾਲ ਫੁਰਮਾਉਂਦੇ ਨੇ -

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ - ੫੩੮*

ਮਿਲਦਾ ਕਿੱਥੋਂ ਹੈ? ਗੁਰਮਤਿ ਧਾਰਨ ਕਰਨ ਦੇ ਨਾਲ ਇਹ ਅੰਮ੍ਰਿਤ ਮਿਲਦਾ ਹੈ।

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮*

ਜਿਹਨੂੰ ਦੇਵਤਾ ਖੋਜਦੇ ਫਿਰਦੇ ਨੇ, ਉਹ ਅੰਮ੍ਰਿਤ ਹੈ ਕਿੱਥੇ? ਅਲੱਗ-ਅਲੱਗ ਥਾਵਾਂ ਤੇ ਅੰਦਾਜ਼ੇ ਲਾਏ। ਜਿਹੜਾ ਅਮਰ ਕਰ ਦੇਵੇ, ਉਹ ਹੈ ਕਿੱਥੇ? ਮਹਾਰਾਜ ਕਹਿੰਦੇ ਅੰਮ੍ਰਿਤ ਤੇਰੇ ਅੰਦਰ ਹੈ, ਮਨ ਵਿਚ ਹੈ। ਮਨ ਕੀ ਹੈ, ਚਿੱਤ, ਬੁੱਧ

ਅੰਤਸ਼ਕਰਣ, ਮੈਂ। ਕਹਿੰਦੇ ਇਸ ਸਰੀਰ ਦੇ ਅੰਦਰ ਅੰਮ੍ਰਿਤ ਦਾ ਕੁੰਡ ਭਰਿਆ ਪਿਆ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*

*ਅੰਗ - ੨੯੩*

ਨਿਸ਼ਾਨੀ ਕੀ ਹੋਏਗੀ? ਕਹਿੰਦੇ -

*ਸੁੰਨ ਸਮਾਧਿ ਅਨਹਤ ਤਹ ਨਾਦ ॥*

*ਅੰਗ - ੨੯੩*

ਉਥੇ ਕੋਈ ਫੁਰਨਾ ਨਹੀਂ ਆਉਂਦਾ ਹੋਏਗਾ, ਜਿਥੇ ਫੁਰਨਾ ਖਤਮ ਹੋ ਜਾਵੇ, ਮਨੋ ਨਾਸ਼ ਹੋ ਜਾਵੇ, ਵਾਸ਼ਨਾ ਖ੍ਹੈ ਹੋ ਜਾਵੇ, ਤੱਤ ਗਿਆਨ ਦਾ ਝਲਕਾਰਾ ਵੱਜ ਜਾਵੇ, ਕਹਿੰਦੇ ਉਥੇ ਅੰਮ੍ਰਿਤ ਹੈ। ਉਥੇ ਆਤਮਕ ਸੰਗੀਤ ਦੀ ਧੁਨ ਚਲ ਰਹੀ ਹੈ ਜਿਸ ਥਾਂ ਦੇ ਉਤੇ ਅੰਮ੍ਰਿਤ ਦਾ ਭੰਡਾਰਾ ਹੈ। ਕਹਿੰਦੇ ਉਥੇ ਸਰੀਰ ਦੇ ਉਤੇ ਕੀ ਪ੍ਰਭਾਵ ਪਏਗਾ? ਮਹਾਰਾਜ ਕਹਿੰਦੇ, ਐਨਾ ਪ੍ਰਭਾਵ ਪੈ ਜਾਏਗਾ -

*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ - ੨੯੩*

ਐਸਾ ਅਚਰਜ ਬਿਸਮਾਦ ਅਨੰਦ ਹੋਏਗਾ ਕਿ ਕਿਹਾ ਨਹੀਂ ਜਾ ਸਕਦਾ। ਕਹਿੰਦੇ ਉਹ ਅੰਮ੍ਰਿਤ ਅੰਦਰ ਪਿਆ ਹੈ।

ਜਦੋਂ ਗੁਰੂ ਦੀ ਕ੍ਰਿਪਾ ਦੇ ਨਾਲ ਮਨ ਦੇ ਵਿਚ ਅੰਮ੍ਰਿਤ ਦੀ ਸਾਨੂੰ ਪ੍ਰਾਪਤੀ ਹੋ ਗਈ, ਕਹਿੰਦੇ ਪਿਆਰ ਦੇ ਨਾਲ ਉਨ੍ਹਾਂ ਨੇ ਹੀ ਪੀਤਾ ਹੈ ਜਿਨ੍ਹਾਂ ਦੇ ਮਸਤਕ ਦੇ ਵਿਚ ਦਰਗਾਹ ਵਿਚ ਲੇਖ ਲਿਖਿਆ ਗਿਆ। ਦੂਜੇ ਦੇ ਹਿੱਸੇ ਵਿਚ ਨਹੀਂ ਆਉਂਦਾ। ਜਿਸ ਥਾਂ ਤੇ ਅੰਮ੍ਰਿਤ ਸੁਰਖਿਸ਼ਤ ਰੱਖਿਆ ਹੋਇਆ ਹੈ, ਉਥੇ ਦਰਵਾਜ਼ਾ ਬੰਦ ਹੈ। ਉਹ ਦਰਵਾਜ਼ਾ ਬੰਦ ਹੈ ਖੁਲ੍ਹਦਾ ਨਹੀਂ ਹੈ। ਲੇਕਿਨ ਖੋਲ੍ਹਦਾ ਕੌਣ ਹੈ ਪ੍ਰਮੇਸ਼ਰ ਦਇਆ ਕਰਕੇ ਖੋਲ੍ਹ ਦਿੰਦਾ ਹੈ। ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ।

ਅਮਰ ਪਦਵੀ ਮਿਲ ਗਈ ਮੁੜ ਕੇ ਜੰਮਣ ਮਰਣ ਦਾ ਚੱਕਰ ਛੁਟ ਗਿਆ। ਬੜੀ ਵੱਡੀ ਚੀਜ਼ ਹੈ ਸਾਧਸੰਗ ਜੀ ਜੇ ਕਿਸੇ ਦੇ ਹਿੱਸੇ 'ਚ ਆ ਜਾਵੇ, ਉਹਨੂੰ ਨਾਮ ਕਹਿੰਦੇ ਨੇ। ਉਥੇ ਤੱਕ ਪਹੁੰਚਣ ਦਾ ਰਸਤਾ ਕੀ ਹੈ? ਪਹਿਲਾਂ ਗੁਰੂ ਦਾ ਸ਼ਬਦ ਪਹੁੰਚਾਉਂਦਾ ਹੈ, ਗੁਰੂ ਤੋਂ ਸ਼ਬਦ ਪ੍ਰਾਪਤ ਕਰੋ, ਗੁਰੂ ਘਰ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦੇ ਅੰਦਰ ਗੁਰੂ ਦੀ ਮੱਤ ਦੇ ਅਨੁਸਾਰੀ ਪੰਜ ਗੁਰਸਿੱਖ ਕਰਨੀ ਕਮਾਈ ਵਾਲੇ ਜਿਨ੍ਹਾਂ ਵਿਚ ਮੈਂ ਅਲੋਪ ਹੋ ਗਈ, ਨਿੰਦਿਆ ਅਲੋਪ ਹੋ ਗਈ, ਚਿੰਤਾ ਉਨ੍ਹਾਂ ਦੇ ਮਨ ਵਿਚ ਨਹੀਂ ਆਉਂਦੀ, ਕ੍ਰੋਧ ਦੇ ਉਹ ਵਸੀਭੂਤ ਨਹੀਂ ਉਹ ਹੁੰਦੇ। ਲੋਭ ਉਨ੍ਹਾਂ ਦੇ ਨੇੜੇ ਤੇੜੇ ਨਹੀਂ ਲੰਘਦਾ। ਟੋਲ੍ਹ ਲਓ ਐਹੋ ਜਿਹੇ ਤਾਂ ਲੱਭਦੇ ਹੀ ਨਹੀਂ, ਬੜੀ ਮੁਸ਼ਕਲ ਹੈ। ਪਰ ਜੇ ਲੱਭ ਜਾਣ ਕਿਸੇ ਦੀ ਕਿਸਮਤ ਹੋਵੇ, ਤਾਂ ਅਸਰ ਕੀ ਹੁੰਦਾ ਹੈ?

ਮੈਂ ਕਈ ਵਾਰੀ ਦੱਸਿਆ ਹੈ ਕਿ ਅੰਮ੍ਰਿਤ ਦਾ ਅਸਰ ਕਿੰਨਾ ਜ਼ਬਰਦਸਤ ਹੋਇਆ ਕਰਦਾ ਹੈ।

ਬਾਪੂ ਜੀ ਅੰਮ੍ਰਿਤ ਛਕਾਉਂਦੇ ਸੀ, ਖਾਲਸਾ ਸਕੂਲ ਲੁਧਿਆਣਾ, ਆਪ ਨੇ ਅੰਮ੍ਰਿਤ ਛਕਾ ਕੇ ਜਦੋਂ ਨੇਤਰਾਂ 'ਚ ਨੇਤਰ ਕਰਕੇ ਛਿੱਟਾ ਮਾਰਿਆ ਤਾਂ ਬੱਚੇ ਦੀ ਸੁਰਤ ਚੜ੍ਹ ਗਈ, 56 ਘੰਟੇ ਸੁਰਤ ਹੀ ਨਾ ਹੇਠਾਂ ਆਈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੀ, ਕਹਿਣ ਲੱਗੇ ਹੁਣ ਕੀ ਹੋਏਗਾ। 56 ਘੰਟੇ ਤਾਂ ਇਹਨੇ ਥੱਲੇ ਉਤਰਨਾ ਨਹੀਂ, ਫੇਰ ਉਤਰੇਗੀ।

ਸੋ ਇਹ ਕਰਨੀ ਕਮਾਈ ਦੇ ਹਿਸਾਬ ਵਾਲੀ ਬਾਤ ਹੋਇਆ ਕਰਦੀ ਹੈ। ਐਸੇ ਪੰਜ ਮਿਲ ਜਾਣ ਜਿਨ੍ਹਾਂ ਦਾ ਗੁਰੂ ਨਾਲ ਪਿਆਰ ਹੋਵੇ। ਐਥੇ ਅਸੀਂ ਭੁੱਲ ਕਰ ਜਾਂਦੇ ਹਾਂ, ਨਿੰਦਿਆ ਕਰਨ ਵਾਲੇ, ਚੁਗਲੀਆਂ ਕਰਨ ਵਾਲੇ, ਈਰਖਾ ਕਰਨ ਵਾਲੇ ਕਹਿੰਦੇ ਨੇ ਪੰਜ ਪਿਆਰੇ ਛਾਂਟ ਲਓ ਜੀ। ਅਜੇ ਬਹੁਤ ਸਾਰੀਆਂ ਸੰਪਰਦਾਵਾਂ ਐਸੀਆਂ ਨੇ ਜਿੱਥੇ ਬੜੀ ਸਾਵਧਾਨੀ ਵਰਤੀ ਜਾਂਦੀ, ਪਹਿਲਾ ਨਿਸ਼ਚਾ ਸੰਗਤ ਨੂੰ ਆਉਂਦਾ ਹੈ ਕਿ ਇਹ ਪੰਜ ਪਿਆਰੇ ਨੇ। ਉਹ ਪੰਜ ਪਿਆਰਿਆਂ ਦੇ ਅੰਦਰ ਜਦੋਂ ਸੰਗਤ ਨੇ ਪ੍ਰਵਾਨਗੀ ਦੇ ਦਿਤੀ ਫੇਰ ਗੁਰੂ ਵਰਤਦਾ ਹੈ ਉਨ੍ਹਾਂ ਦੇ ਵਿਚ। ਹੁੰਦਾ ਤਾਂ ਪਹਿਲਾਂ ਹੀ ਹੈ। ਪਰ ਇਕ ਰਸ ਸਾਰਿਆਂ ਦੇ ਅੰਦਰ, ਇਕ ਤਾਰ ਹੋ ਕੇ, ਇਕ ਸਰੀਰ ਬਣ ਜਾਂਦਾ ਹੈ ਗੁਰੂ ਦਾ। ਉਹ ਜਿਸ ਵਕਤ ਪਾਹੁਲ ਤਿਆਰ ਕਰਦੇ ਨੇ, ਉਹਦੇ ਨਾਲ ਮੂਲਮੰਤ੍ਰ ਗੁਰਮੰਤ੍ਰ ਦਿੰਦੇ ਨੇ। ਨਾਮ ਦੀ ਜੜ੍ਹ ਅੰਦਰ ਲਗ ਜਾਂਦੀ ਹੈ। ਸ਼ਬਦ ਦਿੰਦੇ ਨੇ ਗੁਰੂ ਦਾ। ਉਹਦੀ ਜੜ੍ਹ ਅੰਦਰ ਲਗ ਜਾਂਦੀ ਹੈ, ਨਹੀਂ ਲੱਗਿਆ ਨਹੀਂ ਕਰਦੀ। ਜਿਵੇਂ ਬੋਹੜ ਦਾ ਦਰਖਤ ਹੈ ਇਹਨੂੰ ਚਾਹੇ ਰੂੜੀ ਵਿਚ ਬੀਜ ਦਿਓ ਨਹੀਂ ਹਰਾ ਹੁੰਦਾ। ਜਾਨਵਰ ਦੇ ਪੇਟ ਵਿਚ ਹੀ ਹੋ ਕੇ ਢਲ ਕੇ ਜਿਸ ਵਕਤ ਇਹ ਆਉਂਦਾ ਹੈ, ਮਾੜੀ ਜਿਹੀ ਗਿੱਲ ਮਿਲ ਜਾਵੇ, ਉਥੇ ਹੀ ਹਰਾ ਹੋ ਜਾਂਦਾ ਹੈ ਫੇਰ ਇਹਦੀ ਜੜ੍ਹ ਲਗ ਜਾਇਆ ਕਰਦੀ ਹੈ। ਜਿਸ ਤਰ੍ਹਾਂ ਇਹਦੀ ਜੜ੍ਹ ਲਗਦੀ ਹੈ, ਇਸੇ ਤਰ੍ਹਾਂ ਕਮਾਏ ਹੋਏ ਹਿਰਦੇ ਦੇ ਵਿਚੋਂ ਸ਼ਬਦ ਦੀ ਧੁਨ ਕੰਨਾਂ ਦੇ ਰਾਹੀਂ ਜਦੋਂ ਸਾਡੇ ਹਿਰਦੇ 'ਚ ਪਹੁੰਚੇਗੀ। ਉਸੇ ਵੇਲੇ ਨਾਮ ਦੀ ਧੁਨ ਅੰਦਰ ਚਲਣੀ ਸ਼ੁਰੂ ਹੋ ਜਾਏਗੀ। ਇਹ ਨਿਸ਼ਾਨੀ ਹੈ ਕਿ ਅੰਮ੍ਰਿਤ ਮਿਲ ਗਿਆ, ਮੈਨੂੰ ਸ਼ਬਦ ਮਿਲ ਗਿਆ। ਹੁਣ ਸ਼ਬਦ ਦੇ ਨਾਲ ਮੈਂ ਜਿਹੜੇ ਬਜਰ ਕਪਾਟ ਲੱਗੇ ਹੋਏ ਨੇ, ਵੱਡੇ ਅੰਮ੍ਰਿਤ ਦੇ ਖਜ਼ਾਨੇ ਦੇ ਅੱਗੇ, ਕੁੰਡ ਦੇ ਅੱਗੇ, ਉਹ ਮੈਂ ਕਪਾਟ ਦੂਰ ਕਰਨੇ ਨੇ। ਕਪਾਟ ਦੂਰ ਕਰਨ ਵਾਸਤੇ ਜੋ ਮਰਿਆਦਾ ਹੈ, ਉਹਦੇ ਬਾਰੇ ਫੁਰਮਾਨ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*

*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਕਿਉਂਕਿ ਚਾਬੀ ਗੁਰੂ ਦੇ ਕੋਲ ਹੈ ਗੁਰੂ ਨੇ ਆਪਣੀ ਅਮਾਨਤ ਪੰਜ ਪਿਆਰਿਆਂ ਨੂੰ ਸਉਂਪ ਦਿਤੀ, ਜਿਹੜਾ ਸੌਂਕ ਦੇ ਨਾਲ ਆਏਗਾ, ਤੁਸੀਂ ਉਹਨੂੰ ਇਹ ਚਾਬੀ ਦੇ ਦਿਓ, ਅੰਮ੍ਰਿਤ ਦੇ ਕੁੰਡ ਤੱਕ ਉਹ ਪਹੁੰਚ ਜਾਏਗਾ, ਕਿਉਂਕਿ ਰਸਤੇ ਦੇ ਵਿਚ ਬਹੁਤ ਕਰੜੇ ਦਰਵਾਜ਼ੇ ਨੇ, ਜਿਹੜੇ ਬੰਦ ਕਰੇ ਹੋਏ ਨੇ ਉਹਦੀ ਰਾਖੀ ਵਾਸਤੇ।

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ੧ ॥*
*ਅੰਦਰਿ ਕੋਟ ਛਜੇ ਹਟਨਾਲੇ ॥*
*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ*
*ਗੁਰ ਸਬਦੀ ਖੋਲਾਇਦਾ ॥ ੨ ॥*
*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਜਦੋਂ ਪੰਜ ਪਿਆਰਿਆਂ ਨੇ ਸ਼ਬਦ ਦੇ ਦਿਤਾ ਨਾ ਗੁਰੂ ਦਾ, ਓਸ ਵੇਲੇ ਬਜਰ ਕਪਾਟ ਖੁਲ੍ਹ ਜਾਂਦੇ ਨੇ। ਫੇਰ ਕੀ ਹੁੰਦਾ ਹੈ? ਅਗਲਾ ਸਫਰ ਸ਼ੁਰੂ ਹੁੰਦਾ ਹੈ -

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਅੱਖਾਂ, ਕੰਨ, ਨੱਕ ਇਹ ਨੌਂਵੇਂ ਦਰਵਾਜ਼ੇ ਥਾਪ ਦਿਤੇ, ਹੁਣ ਨਹੀਂ ਇਹ ਆਪਣੀ ਮਰਜ਼ੀ ਕਰਦੇ, ਵਸ ਵਿਚ ਆ ਗਏ। ਅੱਖਾਂ ਨਹੀਂ ਦੇਖਦੀਆਂ -

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪*
*ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥*
*ਅੰਗ - ੧੩੭੭*

ਠਾਕੀਆਂ ਗਈਆਂ ਨਾ ਅੱਖਾਂ, ਹੁਣ ਵਾਹਿਗੁਰੂ ਹੀ ਦਿਸਦਾ ਹੈ ਸਾਰੇ। ਸ਼ਬਦ ਸੁਣਦਾ ਹੈ, ਨਾਮ ਹੀ ਸੁਣਦਾ ਹੈ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*
*ਅੰਗ - ੧੨੬੫*
*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ - ੧੪੨੦*

ਕਿਉਂ ਠਾਕ ਦਿਤੇ, ਹੁਣ ਇਹ ਪ੍ਰਮੇਸ਼ਰ ਨੂੰ ਅਨੁਭਵ ਕਰਦੀ ਹੈ। ਰਸਨਾ ਜਿਹੜੀ ਹੈ ਰਸ ਨਾਲ ਭਰ ਜਾਂਦੀ ਹੈ, ਹੁਣ ਉਹ ਕੁਰਸ ਨਹੀਂ ਚਾਹੁੰਦੀ। ਛੱਡ ਦਿੰਦੀ ਹੈ ਸਾਰੇ ਰਸ ਵਿਸਰ ਗਏ ਜਿਹੜੇ ਕੁਰਸ ਸੀਗੇ। ਅਸਲੀ ਰਸ ਪ੍ਰਾਪਤ ਹੋ ਗਿਆ। ਨਾਸਕਾ ਦੇ ਅੰਦਰ ਦਿਬਜ ਸੁਗੰਧੀ ਪੈਦਾ ਹੋ ਗਈ। ਸਪਰਸ਼ ਦੇ ਅੰਦਰ ਦਿਬਜ ਸਪਰਸ਼ ਪੈਦਾ ਹੋ ਗਿਆ। ਇਹ ਸਾਰੇ ਹੀ ਦਰਵਾਜ਼ੇ ਜਿਹੜੇ ਸੀ ਠਾਕੇ ਗਏ। ਹੁਣ ਅੱਗੇ ਚੱਲਣ ਨੂੰ ਰਾਹ ਮਿਲ ਗਿਆ। ਕਿਉਂਕਿ ਇਹੀ ਦੁਖੀ ਕਰਦੇ ਸੀ।

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥*
*ਕਹਤੁ ਕਬੀਰ ਨਵੈ ਘਰ ਮੂਸੇ*
*ਦਸਵੈਂ ਤਤੁ ਸਮਾਈ ॥ ਅੰਗ - ੩੩੯*

ਹੁਣ ਸਫਰ ਸ਼ੁਰੂ ਹੋ ਗਿਆ, ਦਰਵਾਜ਼ਾ ਖੁਲ੍ਹ ਗਿਆ, ਅੰਦਰ ਚਲਿਆ ਗਿਆ, ਨਉ ਜਿਹੜੇ ਦਰਵਾਜ਼ੇ ਸੀ ਠਾਕੇ ਗਏ। ਹੁਣ ਪਹੁੰਚ ਗਿਆ ਨੇੜੇ -

*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ*
*ਆਪੇ ਅਲਖੁ ਲਖਾਇਦਾ ॥ ਅੰਗ - ੧੦੩੩*

ਦੁਨੀਆਂ ਦਾ ਮਾਲਕ ਅੰਦਰ ਬੈਠਾ ਹੈ। ਪਾਰਾਵਾਰ ਤੋਂ ਰਹਿਤ। ਕਿਉਂਕਿ ਪਰਵਾਨਾ ਮਿਲ ਗਿਆ ਏਸ ਜੀਵ ਨੂੰ। ਦਾਖਲਾ ਮਿਲ ਗਿਆ। ਉਹ ਦਾਖਲਾ ਦਿਖਾਉਂਦਾ ਹੈ ਪ੍ਰਮੇਸ਼ਰ ਨੂੰ, ਪ੍ਰਮੇਸ਼ਰ ਨੇ ਦੇਖ ਲਿਆ ਕਿ ਗੁਰੂ ਨੇ ਇਹਨੂੰ ਚਾਬੀ ਦੇ ਦਿਤੀ, ਹੁਣ ਮੈਂ ਇਹਨੂੰ ਮੇਲ ਲਵਾਂ। ਫੇਰ ਆਪਣੇ ਆਪ ਹੀ ਇਹਨੂੰ ਮੇਲ ਲੈਂਦਾ ਹੈ। ਸੋ ਅੰਮ੍ਰਿਤ ਦੀ ਆਹ ਜੋ ਥਿਊਰੀ ਹੈ, ਗੁਰੂ ਦਸ਼ਮੇਸ਼ ਪਿਤਾ ਨੇ ਅੰਮ੍ਰਿਤ ਦੀ ਲਿਆਂਦੀ ਤੇ ਸਦਾ ਹੀ ਗੁਰੂ ਦੀ ਜੋਤ ਕਾਇਮ ਰਹਿਣੀ ਹੈ, ਪੰਜਾਂ ਦੇ ਅੰਦਰ। ਸੋ ਵਿਸਾਖੀ ਵਾਲਾ ਦਿਨ ਏਸ ਦਿਨ ਸੰਸਾਰ ਨੂੰ ਨਵੀਂ ਸੋਚ, ਨਵੀਂ ਥਿਊਰੀ, ਨਰੋਈ ਚੀਜ਼ ਦਿਤੀ ਹੈ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੋ ਅਕਾਲ ਪੁਰਖ ਦੀ ਆਪਣੀ ਬਾਣੀ, ਆਪਣਾ ਸ਼ਬਦ, ਆਪਣਾ ਕਾਨੂੰਨ ਹੈ, ਆਪ ਵਿਚੋਂ ਨਿਕਲ ਗਏ, ਉਨ੍ਹਾਂ ਦੇ ਲੜ ਲਾ ਦਿਤਾ। ਹੁਣ ਸਿੱਖਾ ਤੂੰ ਜਾਣ, ਤੈਨੂੰ ਮੈਂ ਬਣਾ ਦਿਤਾ -

*ਵਾਹਿਗੁਰੂ ਜੀ ਕਾ ਖਾਲਸਾ*

ਤੈਨੂੰ ਮੈਂ ਵਾਹਿਗੁਰੂ ਜੀ ਕਾ ਬਣਾ ਦਿਤਾ। ਹੁਣ ਵਾਹਿਗੁਰੂ ਜੀ ਦੀ ਕਦੇ ਹਾਰ ਨਹੀਂ ਕਦੇ ਹੋਈ, ਏਸ ਕਰਕੇ-

***ਵਾਹਿਗੁਰੂ ਜੀ ਕੀ ਫਤਹਿ***

ਏਸ ਤਰ੍ਹਾਂ ਤੂੰ ਚੜ੍ਹਦੀ ਕਲਾ 'ਚ ਜੀਵਨ ਬਤੀਤ ਕਰੀਂ, ਢਹਿੰਦੀ ਕਲਾ 'ਚ ਨਾ ਆਈਂ, ਉਦਾਸ ਨਾ ਹੋਈ, ਚਿੰਤਾ 'ਚ ਨਾ ਆਈਂ, ਪਿਆਰਿਆ! ਮੈਂ ਤੈਨੂੰ ਤੇਜ ਦੇ ਦਿਤਾ -

***ਜਬ ਲਗ ਰਹੇ ਨਿਆਰਾ॥***
***ਤਬ ਲਗ ਤੇਜ ਦੀਉ ਮੈਂ ਸਾਰਾ॥***

ਜੇ ਕਿਤੇ ਇਹ ਕਰ ਰਿਹਾ ਹੈ ਬੁਰਕਾ ਸ਼ੇਰ ਦਾ ਤੇ ਅੰਦਰ ਗਧਾ ਬੋਲਦਾ ਹੈ ਤਾਂ ਫੇਰ ਤੇਰੇ ਤੇ ਲੋਕ ਛੱਟ ਪਾ ਲੈਣਗੇ, ਐਵੇਂ ਭੇਖੀ ਤੁਰਿਆ ਫਿਰਦਾ ਹੈ। ਡਰਾਈਂ ਨਾ ਲੋਕਾਂ ਨੂੰ, ਭੈ ਦੇਣਾ ਸਾਡਾ ਕੰਮ ਨਹੀਂ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥***

***ਅੰਗ - ੧੪੨੭***

ਪਿਆਰ ਨਾਲ ਵਰਤੀਂ, ਜਿਹਨੂੰ ਤੂੰ ਮਿਲਣਾ ਚਾਹੁੰਦਾ ਹੈਂ ਉਹਦੇ ਮਿਲਣ ਦੀ ਕੁੰਜੀ ਹੈ -

***ਸਾਚੁ ਕਹੂੰ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਪ੍ਰੇਮ ਕਿਥੇ ਕਰਾਂਗੇ, ਆਹ ਦੁਨੀਆਂ ਵਾਹਿਗੁਰੂ ਦਾ ਰੂਪ ਹੈ, ਇਹਦੇ ਨਾਲ ਪ੍ਰੇਮ ਕਰੋ, ਇਹਦੀ ਸੇਵਾ ਕਰੋ, ਨਿਸ਼ਕਾਮ ਹੋ ਕੇ ਇਹਦੀ ਸੇਵਾ ਦੇ ਵਿਚ ਜੁਟ ਜਾਓ, ਇਹ ਵਾਹਿਗੁਰੂ ਦੀ ਸੇਵਾ ਹੈ ਤੇ ਇਹ ਪਿਆਰ ਜਿਹੜਾ ਤੁਹਾਡਾ ਹੈ, ਚਾਹੇ ਦਵਾਈਆਂ ਰਾਹੀਂ ਕਰ ਰਹੇ ਹੋਂ, ਚਾਹੇ ਉਪਦੇਸ਼ਾਂ ਰਾਹੀਂ ਕਰ ਰਹੇ ਹੋਂ, ਚਾਹੇ ਸਕੂਲ ਬਣਾ ਬਣਾ ਕੇ ਕਰ ਰਹੇ ਹੋਂ, ਪਰ ਜਾਗ ਕੇ ਕਰੋ ਸੌਂ ਕੇ ਨਾ ਕਰੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ ਫੇਰ ਜੋ ਗੁਰੂ ਮਹਾਰਾਜ ਦਾ ਸਾਨੂੰ ਦਿਤਾ ਹੋਇਆ ਉਪਦੇਸ਼ ਹੈ ਉਹ ਫਲੀਭੂਤ ਹੋਏਗਾ, ਜਿਹੜੇ ਇਹ ਕਹਿੰਦੇ ਨੇ ਕਿ ਤੁਸੀਂ ਅੰਮ੍ਰਿਤ ਛਕ ਲਿਆ, ਫੇਰ ਹੁਣ ਛੁੱਟੀਆਂ, ਹੁਣ ਤਾਂ ਤੁਹਾਨੂੰ ਛੁੱਟੀ ਹੋ ਗਈ। ਹੁਣ ਨਹੀਂ ਤੁਸੀਂ ਚੌਰਾਸੀ 'ਚ ਆਉਂਦੇ। ਕੌਣ ਕਹਿੰਦਾ ਕਿ ਗੁਰੂ ਗ੍ਰੰਥ ਸਾਹਿਬ 'ਚ ਦਿਖਾਓ। ਪਹਿਲਾਂ ਤਾਂ ਇਹ ਨਹੀਂ ਪਤਾ ਕਿ ਅੰਮ੍ਰਿਤ ਕਿਸਨੂੰ ਕਿਹਾ ਹੈ। ਮੈਂ ਵੀ ਕਹਿੰਦਾ ਹਾਂ ਜਿਹੜਾ ਅੰਮ੍ਰਿਤ ਦੇ ਕੁੰਡ ਤੱਕ ਪਹੁੰਚ ਗਿਆ, ਉਹ ਅਮਰ ਹੋ ਜਾਂਦਾ ਹੈ ਸਦਾ ਵਾਸਤੇ। ਲੇਕਿਨ ਉਹ ਅੰਮ੍ਰਿਤ ਅੰਦਰ ਹੈ, ਗੁਰੂ ਨੇ ਸ਼ਬਦ ਦੇ ਦਿਤਾ ਪਾਹੁਲ ਦੇ ਨਾਲ, ਸ਼ਬਦ ਨੇ ਤਰੱਕੀ ਕਰਕੇ ਸਾਨੂੰ ਅਮ੍ਰਿਤ ਦੇ ਕੁੰਡ ਤੱਕ ਲੈ ਜਾਣਾ ਹੈ, ਉਥੇ ਅਸੀਂ ਨਾਮ ਰੂਪੀ ਅੰਮ੍ਰਿਤ ਪੀਣਾ ਹੈ, ਜਿਹਨੇ ਨਾਮ ਰੂਪੀ ਅੰਮ੍ਰਿਤ ਪੀਤਾ ਉਹ ਮੁੜ ਕੇ ਜਨਮ ਮਰਣ 'ਚ ਨਹੀਂ ਆਉਂਦਾ। ਭੇਖ ਨੂੰ ਮਹਾਰਾਜ ਨਹੀਂ ਮੰਨਿਆ।

***ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥***
***ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥***

***ਅੰਗ - ੭੮੫***

ਬਣਾ ਲੈ ਜਿਹੋ ਜਿਹੇ ਬਣਾਉਣੇ ਨੇ। ਮਹਾਰਾਜ ਨਹੀਂ ਮੰਨਦੇ, ਗੁਰੂ ਦਸ਼ਮੇਸ਼ ਪਿਤਾ ਨੂੰ ਪੜ੍ਹ ਕੇ ਦੇਖੋ, ਉਹ ਮੰਨਦੇ ਹੀ ਨਹੀਂ। ਵੀਹ ਕਬਿੱਤ ਮਹਾਰਾਜ ਨੇ ਐਸੇ ਲਿਖ ਦਿਤੇ ਕਿ ਉਹਦੇ ਵਿਚ ਕਿਤੇ ਖੜ੍ਹਨ ਨੂੰ ਥਾਉਂ ਹੀ ਨਹੀਂ ਮਿਲਦਾ। ਉਸ ਤੋਂ ਬਾਅਦ ਜਿਹੜਾ ਅਗਲਾ ਕੰਮ ਆਉਂਦਾ ਹੈ ਅਕਾਲ ਉਸਤਤਿ ਦਾ ਉਹਦੇ ਵਿਚ ਫੇਰ ਨਹੀਂ ਖੜ੍ਹਨ ਨੂੰ ਥਾਉਂ ਮਿਲਦਾ। ਅਖੀਰ ਦੇ ਉਤੇ ਜਾ ਕੇ ਕਹਿੰਦੇ ਨੇ ਕਿ ਕੇਵਲ ਇਕ 'ਨਾਮ' ਹੈ ਜਿਹਨੇ ਤੁਹਾਨੂੰ ਪਾਰ ਉਤਾਰਨਾ ਹੈ। ਗਿਆਨ ਤੋਂ ਅਤੇ ਭਾਵਨਾ ਤੋਂ ਬਿਨਾਂ ਨਹੀਂ ਤਰਿਆ ਜਾਂਦਾ। ਸੋ ਗੁਰੂ ਘਰ ਦੇ ਅੰਦਰ, ਬਾਣੀ ਦੇ ਅੰਦਰ ਨਿਰਾ ਹੀ ਗਿਆਨ ਹੈ। ਬਾਣੀ ਪੜ੍ਹੋ, ਪਿਆਰ ਦੀ ਜ਼ਿੰਦਗੀ ਬਤੀਤ ਕਰੋ ਤੇ ਅੰਮ੍ਰਿਤ ਤੁਹਾਡੇ ਅੰਦਰ ਹੈ ਓਸ ਅੰਮ੍ਰਿਤ ਤਕ ਪਹੁੰਚਣ ਦਾ ਯਤਨ ਕਰੋ, ਆਹ ਸਰੀਰ ਵਿਚ ਰਹਿੰਦੇ-ਰਹਿੰਦੇ। ਅਮਰਾਪਦ ਪ੍ਰਾਪਤ ਹੋ ਜਾਏਗਾ ਜਦੋਂ ਅਸੀਂ ਓਸ ਅੰਮ੍ਰਿਤ ਨੂੰ ਛੱਕ ਲਵਾਂਗੇ। ਸੋ ਉਹਦਾ ਜੋ ਪਹਿਲਾ ਕਦਮ ਹੈ ਉਹ ਪੰਜ ਪਿਆਰਿਆਂ ਤੋਂ ਸ਼ਬਦ ਲੈਣਾ ਹੈ ਵਿਧੀ ਪੂਰਵਕ, ਫੇਰ ਇਹ ਜਾ ਕੇ ਹੋਏਗਾ। ਕਿਉਂਕਿ ਨਾਮ ਜਿਹੜਾ ਹੈ ਆਪਣੇ ਆਪ ਤਾਂ ਚਲਦਾ ਹੀ ਨਹੀਂ ਹੈ।

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ - ੪੯੧***

ਮਾਤਾ ਲੋਈ ਨਾ ਰਾਮ ਕਿਹਾ ਸੀ, ਤਿੰਨ ਵਾਰੀ ਕਹਿਣਾ ਪਿਆ ਉਹਨੇ ਕੋਹੜੀ ਦਾ ਰੋਗ ਹਟਾ ਦਿਤਾ। ਕਬੀਰ ਸਾਹਿਬ ਨਰਾਜ਼ ਹੋ ਗਏ, ਕਹਿੰਦੇ ਤੂੰ ਰਾਮ ਸਵੱਲਾ ਲਾ ਦਿਤਾ? ਕਹਿੰਦੀ ਨਾ ਮਹਾਰਾਜ! ਪਹਿਲਾ ਰਾਮ ਕਿਹਾ ਸੀ ਕਿ ਇਹਦੇ ਕਰੋੜਾਂ ਜਨਮਾਂ ਦੇ ਪਾਪ ਕੱਟੇ ਜਾਣ। ਦੂਸਰਾ ਰਾਮ ਮੈਂ ਕਿਹਾ ਸੀ ਕਿ ਇਹਦਾ ਸਰੀਰ ਰੋਗੀ ਹੈ, ਸਵਸਥ ਹੋ ਜਾਵੇ। ਤੀਸਰਾ ਰਾਮ ਮੈਂ ਗੁਰਮੰਤਰ ਦਿਤਾ, ਉਹਦੇ ਹਿਰਦੇ ਵਿਚ ਰਾਮ ਦੀ ਜੜ੍ਹ ਲਾ ਦਿਤੀ, ਤਾਂ ਕਿ ਹੁਣ ਇਹ ਮੁੜ ਕੇ ਪਾਪਾਂ ਵਿਚ ਪਰਵਿਰਤ ਨਾ ਹੋਵੇ। ਸੋ ਭੇਤ ਹੈ ਰਾਮ ਕਹਿਣ ਦੇ ਅੰਦਰ। ਆਪਣੇ ਆਪ ਸੌ ਸਾਲ ਦਾ ਕੀਤਾ

**(ਬਾਕੀ ਪੰਨਾ 60 ਤੇ)**

# ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸ਼ਾਨ--------------।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਧਾਰਨਾ - ਆਪੇ ਇਕ ਤੋਂ ਅਨੇਕ ਰੂਪ ਧਾਰ ਕੇ*
*ਆਪੇ ਖੇਲੇ ਖੇਲ ਆਪਣੀ*
*ਕਤਹੂੰ ਸੁਚੇਤ ਹੁਇਕੈ ਚੈਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*
*ਅੰਗ - ੧੨੯੧*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਅੱਖਾਂ, ਨੱਕ, ਕੰਨ, ਹੋਰ ਸਾਥੀ ਸਰੀਰ ਦੇ ਨਾਲ ਆਉਂਦੇ ਨੇ, ਐਸੀ ਮਸਤੀ ਆਉਂਦੀ ਹੈ ਕਿ ਲਗਦਾ ਹੈ ਕਿ ਹੋਰ ਸੰਸਾਰ ਤੋਂ ਜਾ ਰਹੇ ਨੇ ਮੈਂ ਨਹੀਂ ਜਾਣਾ। ਜਿਸ ਕੰਮ ਨੂੰ ਆਦਮੀ ਸੰਸਾਰ ਤੇ ਕਰਨ ਵਾਸਤੇ ਆਇਆ ਹੈ ਉਸਨੂੰ ਭੁੱਲ ਜਾਂਦਾ, ਇਹ ਚਿੱਤ ਚੇਤੇ ਵੀ ਨਹੀਂ ਰਹਿੰਦਾ, ਫੇਰ ਸਮਾਂ ਨਹੀਂ ਰਹਿੰਦਾ। ਜੇ ਬਚਪਨ ਦੇ ਵਿਚ ਹੀ ਨਾਮ ਜਪ ਲਿਆ ਜਾਵੇ, ਓਹੀ ਫਲੀਭੂਤ ਹੁੰਦਾ ਹੈ ਕਿਉਂਕਿ ਉਸ ਵੇਲੇ ਰਾਗ ਤੇ ਦ੍ਵੈਸ਼ ਦੋਵੇਂ ਨਹੀਂ ਹੋਇਆ ਕਰਦੀਆਂ। ਦੂਸਰਾ ਇਹ ਹੈ ਕਿ ਉਸ ਵੇਲੇ ਚਿੱਤ ਖਿੰਡਿਆ ਨਹੀਂ ਹੁੰਦਾ-

*ਰਾਮ ਜਪਉ ਜੀ ਐਸੇ ਐਸੇ ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ਅੰਗ - ੩੩੭*

ਜਿਸ ਤਰ੍ਹਾਂ ਧਰੂੰ, ਪ੍ਰਹਿਲਾਦ ਨੇ ਜਪ ਲਿਆ ਸੀ, ਮਹਾਰਾਜ ਕਹਿੰਦੇ ਨੇ ਐਉਂ ਜਪ ਲੈ। ਸੋ ਅਸਲੀ ਜੋ ਸਰੀਰ ਧਾਰਨ ਦਾ ਕਾਰਨ ਜੋ ਹੈ ਜੀਵ ਆਤਮਾ ਦਾ, ਵੱਡੇ-ਵੱਡੇ ਜਨਮ ਲੰਘੇ ਨੇ, ਮਹਾਂਪੁਰਸ਼, ਅਨੁਭਵੀ ਮਹਾਂਪੁਰਸ਼ ਉਨ੍ਹਾਂ ਨੂੰ ਆਪ ਪਤਾ ਲਗਦਾ ਹੈ। ਜਿਹੜੇ ਸਾਡੇ ਇਤਿਹਾਸਕਾਰ, ਲਿਖਾਰੀ ਨੇ ਇਹ ਕਹਿੰਦੇ ਨੇ ਕਿ ਇਨ੍ਹਾਂ ਨੇ ਕਿੱਥੋਂ ਲਿਖ ਲਿਆ, ਇਨ੍ਹਾਂ ਨੇ ਕਿਹੜੀ ਕਿਤਾਬ ਵਿਚੋਂ ਪੜ ਲਿਆ, ਸੰਤ ਕਿਤਾਬਾਂ 'ਚੋਂ ਨਹੀਂ ਪੜ੍ਹਦੇ ਹੁੰਦੇ, ਸੰਤਾਂ ਦੇ ਅੰਦਰ ਆਉਂਦਾ ਹੁੰਦਾ ਹੈ। ਸਾਰੀ ਜ਼ਿੰਦਗੀ ਦਾ ਗਿਆਨ ਅੰਦਰ ਹੁੰਦਾ ਹੈ, ਇਹ ਨਹੀਂ ਹੁੰਦਾ ਕਿ ਫਲਾਣੀ ਕਿਤਾਬ 'ਚੋਂ ਪੜ੍ਹਿਆ ਹੈ ਤੇ ਕਿਹੜੇ ਮਹਾਂਪੁਰਸ਼ ਤੋਂ ਸੁਣਿਆ ਹੈ। ਉਹ ਸੁਣ ਕੇ ਸਾਰਾ ਗਿਆਨ ਬਣਦਾ ਤੁਰਿਆ ਜਾਂਦਾ ਹੈ। ਅਖੀਰ ਜਦ ਉਹ ਟਿਕ ਜਾਂਦਾ ਹੈ, ਜਦੋਂ ਸਟੋਰ ਹੋਇਆ ਹੁੰਦਾ ਹੈ, ਉਹਦੇ ਵਿਚੋਂ ਕੱਢੀ ਜਾਂਦੇ ਨੇ, ਦੱਸੀ ਜਾਂਦੇ ਨੇ। ਸੋ ਕਿੰਨੇ-ਕਿੰਨੇ ਜਨਮ ਲੈਣੇ ਪੈਂਦੇ ਨੇ, ਐਵੇਂ ਨਹੀਂ ਭਗਤ ਬਣੇ।

ਬੇਣੀ ਭਗਤ ਨੂੰ ਜਿਸ ਵਕਤ ਲਾਗ ਲੱਗੀ ਹੈ, ਉਸ ਵੇਲੇ ਇਹਦਾ ਜਨਮ ਸੁਨਿਆਰੇ ਦਾ ਸੀ, ਸੋਨੇ ਦੀਆਂ ਮੂਰਤੀਆਂ ਬਣਾਇਆ ਕਰਦਾ ਸੀ, ਬੁੱਤਘਾੜਾ ਸੋਨੇ ਦਾ ਸੀਗਾ, ਇਕ ਨ੍ਰਿਤਕੀ ਸੀ। ਉਹ ਭਗਵਾਨ ਦੀ ਮੂਰਤੀ ਦੇ ਅੱਗੇ ਨ੍ਰਿਤਕਾਰੀ ਕਰਿਆ ਕਰਦੀ ਸੀ, ਉਹਨੂੰ ਰਿਝਾਉਂਦੀ ਸੀ, ਇਹ ਵੀ ਇਕ ਭਗਤੀ ਹੈ। ਭਗਤੀ ਦਾ ਇਕ ਅੰਗ ਹੈ, ਨ੍ਰਿਤਯ ਕਰਨਾ। ਉਸ ਨੇ ਸੋਨਾ ਦਿਤਾ ਏਸ ਨੂੰ, ਅੰਬਰੀਕ ਨੂੰ, ਰਾਜਾ ਅੰਬਰੀਕ ਸਤਿਜੁਗ ਦਾ ਇਕ ਭਗਤ ਹੋਇਆ ਹੈ ਤੇ ਕਿਹਾ ਕਿ ਤੂੰ ਇਕ ਮੂਰਤੀ ਬਣਾ ਦੇ। ਉਹਨੂੰ ਮੂਰਤੀ ਬਣਾਉਂਦੇ-ਬਣਾਉਂਦੇ ਐਨੀ ਚੰਗੀ ਲੱਗੀ ਕਿ ਉਹਨੇ ਕਿਹਾ ਕਿ ਮੈਂ ਤਾਂ ਇਹ ਦੇਣੀ ਨਹੀਂ ਹੈ। ਉਹ ਕਹੇ ਕਿ ਦੇਹ। ਉਹ ਦੇਵੇ ਨਾ ਤੇ ਕਿਹਾ ਕਿ ਮੈਂ ਇਥੇ ਮੰਦਰ ਬਣਾ ਦਿੰਦਾ ਹਾਂ, ਆਪਣੇ ਘਰ 'ਚ ਹੀ, ਇਥੇ ਹੀ ਨ੍ਰਿਤਕਾਰੀ ਕਰ ਲਿਆ ਕਰ। ਉਹ ਜ਼ਿਆਦਾ ਹੀ ਭਗਤੀ ਕਰਨ ਲੱਗ ਗਿਆ ਉਹਦੀ। ਇਸ ਤਰ੍ਹਾਂ ਕਰਦੇ-ਕਰਦੇ ਇਕ ਜਨਮ ਉਹਦਾ ਲੰਘ ਗਿਆ। ਦੂਜਾ ਉਸ ਨੇ ਫੇਰ ਜਨਮ ਧਾਰਿਆ। ਅਗਲੇ ਜਨਮ ਵਿਚ ਉਹਨੂੰ ਏਸ ਤੋਂ ਜ਼ਿਆਦਾ ਲਗਨ ਲੱਗ ਗਈ, ਤੀਸਰਾ ਜਨਮ ਜਦੋਂ ਧਾਰਿਆ ਤਾਂ ਉਹ ਨਾਲ ਹੀ ਤੁਰੀ ਆਉਂਦੀ ਹੈ, ਤੀਸਰੇ ਜਨਮ ਦੇ ਵਿਚ ਉਹਦੀ ਛੋਟੀ ਰਾਣੀ ਉਹ ਬਣੀ ਤੇ ਇਹ ਵੱਡਾ ਸੀ ਤੇ ਇਹਨੇ ਫੇਰ ਭਗਤੀ ਕੀਤੀ ਬਹੁਤ। ਵਾਹਿਗੁਰੂ ਜੀ ਇਹਦੇ ਉਤੇ ਪ੍ਰਸੰਨ ਹੋ ਗਏ। ਤਿੰਨ ਜਨਮ ਦੀ ਭਗਤੀ ਲਗਾਤਾਰ ਹੋ ਚੁੱਕੀ ਸੀ, ਪ੍ਰਸੰਨ ਹੋਏ-ਹੋਏ ਤਾਂ ਇਹ ਹਰ ਵਕਤ ਭਗਤੀ 'ਚ ਰਹਿੰਦਾ ਸੀ। ਅੰਦਰ ਮੰਦਰ ਬਣਾਇਆ ਹੋਇਆ ਸੀ, ਉਥੇ ਏਸ ਨੂੰ ਭਗਵਾਨ ਦੀ ਭਗਤੀ ਕਰਨੀ। ਜਿਸ ਵਕਤ ਇਹਨੇ ਰਾਜ ਕਾਜ ਵਿਚ ਜਾਣਾ, ਪਹਿਲੀ ਪਉੜੀ ਜਦੋਂ

ਉਤਰਦਾ ਸੀ, ਪਹਿਲੇ ਕਮਰੇ 'ਚੋਂ ਦੂਸਰੇ 'ਚ ਆਉਂਦਾ ਸੀ, ਉਸ ਵੇਲੇ ਇਹ ਆਪਣੇ ਜਿਹੜੇ ਵਸਤਰ ਸੀਗੇ, ਸਾਧੂਆਂ ਵਾਲੇ ਉਹ ਉਥੇ ਲਾਹ ਦਿੰਦਾ ਸੀ। ਜਦੋਂ ਤੀਸਰੇ 'ਚ ਆਉਂਦਾ ਸੀ ਉਤੇ ਫੇਰ ਰਾਜਸੀ ਵਸਤਰ ਪਹਿਨਦਾ ਸੀ। ਜਦੋਂ ਚੌਥੇ ਵਿਚ ਆਉਂਦਾ ਸੀ, ਉਸ ਵੇਲੇ ਸ਼ਸਤਰ ਧਾਰਨ ਕਰਦਾ ਸੀ, ਜਦੋਂ ਪੰਜਵੇਂ ਕਮਰੇ 'ਚ ਆਉਂਦਾ ਸੀ, ਤਾਂ ਉਸ ਵੇਲੇ ਇਹ ਤਾਜ ਸਿਰ ਤੇ ਰੱਖਦਾ ਸੀ, ਛੇਵੇਂ ਕਮਰੇ ਵਿਚ ਇਹਦੇ ਵਜ਼ੀਰ ਜਿਹੜੇ ਵੱਡੇ ਸੀ, ਜਰਨੈਲ ਵਗੈਰਾ ਉਹ ਲੈਣ ਵਾਸਤੇ ਆਉਂਦੇ ਸੀ। ਸੱਤਵੇਂ 'ਚੋਂ ਲੰਘ ਕੇ ਤਖਤ ਤੇ ਬੈਠਦਾ ਸੀ। ਆਪਣਾ ਰਾਜ-ਕਾਜ ਦਾ ਕੰਮ ਛੇਤੀ ਨਿਬੇੜ ਕੇ ਵਾਪਸ ਚਲਿਆ ਜਾਂਦਾ ਸੀ। ਉਸੇ ਤਰ੍ਹਾਂ ਕੱਪੜੇ ਲਾਹੁੰਦਾ ਚਲਿਆ ਜਾਂਦਾ ਸੀ। ਇਹਦਾ ਪ੍ਰਤਾਪ ਬਹੁਤ ਵੱਧ ਗਿਆ, ਦੋਹਾਂ ਜਣਿਆ ਦਾ ਤੇ ਕੁਦਰਤੀ ਤੌਰ ਤੇ ਜਿਹੜੇ ਤਪ ਕਰਨ ਵਾਲੇ ਹੁੰਦੇ ਨੇ, ਨਾਮ ਜਪਣ ਵਾਲੇ ਤੇ ਤਪ ਕਰਨ ਵਾਲਿਆਂ ਦਾ ਫਰਕ ਹੁੰਦਾ ਹੈ, ਨਾਮ ਜਪਣ ਵਾਲਾ ਅੰਦਰੋਂ ਬਾਹਰੋਂ ਸ਼ਾਂਤ ਹੁੰਦਾ ਹੈ। ਉਹ ਸਰਾਪ ਨਹੀਂ ਦਿੰਦਾ ਕਿਸੇ ਨੂੰ ਵੀ। ਜਿਹੜਾ ਤਪੀਆ ਹੁੰਦਾ ਹੈ ਉਹ ਬਹੁਤ ਛੇਤੀ ਸਰਾਪ ਦੇ ਦਿੰਦਾ ਹੈ। ਇਹੀ ਗੱਲ ਗੁਰੂ ਨਾਨਕ ਸਾਹਿਬ ਨੇ ਸਮਝਾਈ ਸੀ ਸਾਰਿਆਂ ਨੂੰ। ਵਲੀ ਕੰਧਾਰੀ ਨੂੰ ਕਿਹਾ ਦੇਖ ਤੂੰ ਤਪ ਕਿੰਨਾ ਕਰਿਆ ਹੈ। ਕਿੰਨੀ ਤੇਰੀ ਮਾਨਤਾ ਹੈ, ਪਰ ਤੇਰੇ ਮਨ 'ਚੋਂ ਅਜੇ ਈਰਖਾ ਨਹੀਂ ਨਿਕਲੀ। ਕ੍ਰੋਧ ਨਹੀਂ ਨਿਕਲ ਸਕਿਆ, ਤਪ ਦਾ ਸਬੰਧ ਇਨ੍ਹਾਂ ਚੀਜ਼ਾਂ ਨਾਲ ਨਹੀਂ। ਭਗਤੀ ਦਾ ਸਬੰਧ ਇਨ੍ਹਾਂ ਚੀਜ਼ਾਂ ਨਾਲ ਹੈ।

ਉਸ ਵੇਲੇ ਵਿਸ਼ਵਾਮਿੱਤਰ ਆਏ, ਇਹ ਇਕਾਦਸ਼ੀ ਦਾ ਵਰਤ ਰੱਖਦਾ ਹੁੰਦਾ ਸੀ। ਇਹਨੇ ਕਿਹਾ ਕਿ ਪ੍ਰਸਾਦ ਪਾਣੀ ਛਕੋ, ਕਹਿੰਦੇ ਅਸੀਂ ਇਸ਼ਨਾਨ ਕਰ ਆਈਏ। ਦਰਿਆ ਤੇ ਜਾਣ ਕੇ ਦੇਰ ਲਾ ਦਿਤੀ ਕਿ ਇਹਦਾ ਵਰਤ ਭੰਗ ਕਰਾ ਦੇਈਏ। ਏਸ ਨੂੰ ਸਾਰਿਆਂ ਨੂੰ ਮਿਲ ਮਿਲਾ ਕੇ ਕਿਹਾ ਕਿ ਮੇਰਾ ਵਰਤ ਕਿਵੇਂ ਕਾਇਮ ਰਹਿ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਤੂੰ ਚਰਨਾਮ੍ਰਿਤ ਲੈ ਲੈ। ਇਸ ਨੇ ਚਰਨਾਮ੍ਰਿਤ ਲੈ ਕੇ ਵਰਤ ਖੋਲ੍ਹ ਲਿਆ। ਦਰਬਾਸਾ ਰਿਸ਼ੀ ਨਰਾਜ਼ ਹੋ ਗਿਆ, ਉਹਨੇ ਇਕ ਵਾਲ ਪੁੱਟਿਆ ਆਪਣਾ, ਕਿਉਂਕਿ ਰਿਸ਼ੀ ਮੁਨੀ ਸੀ ਪਿਛਲੇ ਸਮੇਂ ਦੇ ਅੰਦਰ, ਪੂਰਨ ਤੌਰ ਤੇ ਜਟਾ ਜੂਟ ਹੁੰਦੇ ਸੀ, ਕੋਈ ਉਨ੍ਹਾਂ ਦਾ ਕੇਸ ਨਹੀਂ ਕੱਟ ਸਕਦਾ, ਨਾ ਉਖਾੜ ਸਕਦਾ। ਉਹਨੇ ਇਕ ਵਾਲ ਪੁੱਟਿਆ, ਵਾਲ ਪੁੱਟ ਕੇ ਧਰਤੀ ਤੇ ਮਾਰਿਆ ਤੇ ਉਹਦੇ ਸਿਰ 'ਚੋਂ ਅੱਗ ਹੀ ਅੱਗ ਨਿਕਲ ਆਈ। ਇਹਨੂੰ ਸਾੜਨ ਲੱਗੀ, ਉਸ ਵੇਲੇ ਭਗਵਾਨ ਨੇ ਸੁਦਰਸ਼ਨ ਚੱਕਰ ਇਹਦੇ ਦੁਆਲੇ ਰਾਖੀ ਲਈ ਕਰ ਦਿਤਾ ਤੇ ਇਹਦੇ ਪਿੱਛੇ ਪੈ ਗਿਆ ਚੱਕਰ ਉਹ। ਇਹ ਸਵਰਗ ਲੋਕਾਂ 'ਚ ਨੱਠਿਆ, ਸਾਰੇ ਸਵਰਗ ਲੋਕਾਂ ' ਗਿਆ, ਇੰਦਰ ਦੇ ਕੋਲ ਗਿਆ ਉਹਨੇ ਵੀ ਦਰਵਾਜ਼ਾ ਬੰਦ ਕਰ ਲਿਆ, ਕਰਮਦੇਵ ਲੋਕ 'ਚ ਗਿਆ ਉਥੇ ਵੀ ਦਰਵਾਜ਼ਾ ਬੰਦ, ਅਯਾਨ ਦੇਵ ਲੋਕ 'ਚ ਗਿਆ ਉਥੇ ਵੀ ਦਰਵਾਜ਼ਾ ਬੰਦ ਹੋ ਗਿਆ। ਪਰਜਾਪਤ ਲੋਕ 'ਚ ਗਿਆ, ਉਹਨੇ ਕਿਹਾ ਕਿ ਮੈਂ ਤੇਰੀ ਰਾਖੀ ਨਹੀਂ ਕਰ ਸਕਦਾ। ਬ੍ਰਹਮ ਲੋਕ 'ਚ ਪਹਿਲਾਂ ਹੀ ਦਰਵਾਜ਼ੇ ਬੰਦ ਕਰ ਦਿਤੇ, ਸ਼ਿਵ ਲੋਕ ਵਾਲਿਆਂ ਨੇ ਇਹਨੂੰ ਆਉਣ ਹੀ ਨਾ ਦਿਤਾ ਅੰਦਰ, ਅਖੀਰ ਬੈਕੁੰਠ ਪਤੀ ਦੇ ਪਾਸ ਗਿਆ, ਉਥੇ ਜਾ ਕੇ ਇਹਨੇ ਕਿਹਾ ਕਿ ਮੈਨੂੰ ਬਚਾਓ, ਕਹਿੰਦੇ ਅਸੀਂ ਨਹੀਂ ਬਚਾ ਸਕਦੇ, ਇਹ ਅਕਾਲ ਸ਼ਕਤੀ ਹੈ, ਇਹਦਾ ਇਕੋ ਹੀ ਤਰੀਕਾ ਹੈ ਕਿ ਤੂੰ ਉਹਦੀ ਸ਼ਰਨ ਪੈ ਜਾ, ਜਾ ਕੇ। ਸ਼ਰਨ ਪਿਆ ਤਾਂ ਭਗਤ ਸੀ ਇਹ ਤਾਂ, ਵੈਰ ਨਹੀਂ ਸੀ ਕੋਈ ਇਹਦਾ ਤਾਂ। ਉਹਨੇ ਅਰਦਾਸ ਕਰੀ ਕਿ ਮਹਾਰਾਜ! ਇਹਦੀ ਰਾਖੀ ਹੋ ਜਾਏ। ਉਹ ਗੱਲ ਮੰਨ ਲਈ।

ਸੋ ਭਗਤੀ ਜਿਹੜੀ ਹੈ, ਨਾਮ ਜਪਣਾ ਉਹ ਇਕੋ ਜਨਮ ਵਿਚ ਨਹੀਂ ਆਉਂਦਾ, ਬੜੇ ਜਨਮ ਲਗਦੇ ਨੇ, ਕਿਸੇ ਦੇ 40, ਕਿਸੇ ਦੇ 50 ਕਿਸੇ ਦਾ ਸੌ। ਭੰਗਣਾ ਪਈ ਜਾਂਦੀ ਹੈ ਹਰ ਜਨਮ 'ਚ ਭੰਗਣਾ ਪਈ ਜਾਂਦੀ ਹੈ, ਕੋਈ ਨਾ ਕੋਈ ਬਿਆਧੀ ਆ ਜਾਏਗੀ, ਉਹ ਜਨਮ ਬਣਿਆ ਬਣਾਇਆ ਜਾਂਦਾ ਰਹਿੰਦਾ ਹੈ। ਤਿਆਰੀ ਕਰਕੇ ਆਉਂਦਾ ਹੈ, ਇਕੋ ਕਦਮ ਰਹਿੰਦਾ ਹੁੰਦਾ ਹੈ, ਮਹਾਂਪੁਰਸ਼ ਜਾਣਦੇ ਹੁੰਦੇ ਨੇ ਕਿ ਤੇਰਾ ਇਕ ਕਦਮ ਬਾਕੀ ਹੈ, ਸਾਰੀ ਜ਼ਿੰਦਗੀ 'ਚ ਇਕੋ ਕਦਮ ਹੀ ਨਹੀਂ ਪੁੱਟ ਹੁੰਦਾ, ਐਨੀ ਤੇਜ਼ੀ ਨਾਲ ਤਾਂ ਨਹੀਂ ਨਾ ਭਗਤੀ ਹੁੰਦੀ। ਉਹ ਤਾਂ ਸੰਸਕਾਰ ਪਹਿਲਾਂ ਹੀ ਬਹੁਤ ਜ਼ਬਰਦਸਤ ਹੋਇਆ ਕਰਦੇ ਨੇ, ਜਿਹਦੇ ਕਰਕੇ ਆਦਮੀ ਭਗਤੀ 'ਚ ਲਗਦਾ ਹੈ। ਦੂਜਾ ਇਹ ਮਹਾਂਪੁਰਸ਼ਾਂ ਦਾ ਮੱਤ ਹੈ ਕਿ ਪੰਜ ਛੇ ਜਨਮ ਜੇ ਪਹਿਲਾਂ ਲੱਗੇ ਹੋਣ ਨਾ ਉਹਦੇ, ਤਾਂ ਉਹ ਸਤਿਸੰਗ 'ਚ ਆਉਣ ਲਗ ਜਾਂਦਾ ਹੈ, ਸਤਿਸੰਗ ਪਿਆਰਾ ਲੱਗਣ ਲਗ ਜਾਂਦਾ ਹੈ। ਉਹਦੇ ਬਾਰੇ ਐਸਾ ਫੁਰਮਾਨ ਹੈ ਕਿ ਸਤਿਸੰਗ ਪ੍ਰਾਪਤ ਕਰਨਾ ਹੀ, ਪਿਛਲੇ ਜਨਮਾਂ ਦੀ ਕਮਾਈ ਹੋਇਆ ਕਰਦੀ ਹੈ। ਐਸਾ ਫੁਰਮਾਨ ਹੈ -

***ਧਾਰਨਾ - ਸਤਿਸੰਗ ਨਾ ਮਿਲਦਾ ਭਾਗ ਬਿਨਾਂ,***
***ਬਿਨ ਸੰਗਤ ਮੈਲ ਭਰੀਜੈ।***
***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥***

***ਅੰਗ - ੯੫***

ਇਹ ਬਚਨ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਪਹਿਲੇ ਜਨਮ ਦੇ ਅੰਦਰ ਜਦੋਂ ਪੁੰਨ ਕਰਮ ਜਾਗਦੇ ਨੇ, ਛੋਟੇ-ਛੋਟੇ ਪੁੰਨ ਕਰਮ ਕਰਦਾ ਹੈ, ਕੀੜਿਆਂ ਨੂੰ ਤਿਲਚੌਲੀ

ਪਾਉਣ ਲਗ ਜਾਂਦਾ ਹੈ, ਪੰਛੀਆਂ ਦੇ ਪੀਣ ਵਾਸਤੇ ਪਾਣੀ ਦਾ ਪ੍ਰਬੰਧ ਕਰ ਦਿੰਦਾ ਹੈ, ਉਨ੍ਹਾਂ ਦੇ ਚੋਗੇ ਦਾ ਪ੍ਰਬੰਧ ਕਰਦਾ ਹੈ, ਫਿਕਰ ਪੈਂਦਾ ਹੈ ਏਸ ਨੂੰ ਉਨ੍ਹਾਂ ਦੇ ਚੋਗੇ ਦਾ। ਜਦ ਕਿਸੇ ਚੰਗੇ ਥਾਂ ਦੇ ਉਤੇ ਪੈਸੇ ਲਗਣੇ ਹੁੰਦੇ ਨੇ, ਆਪਣੀ ਕਮਾਈ 'ਚੋਂ ਕੱਢ ਕੇ ਦਿੰਦਾ ਹੈ, ਸੋ ਇਹ ਛੋਟੇ-ਛੋਟੇ ਕਰਮਾਂ ਦਾ ਫਲ ਦੂਸਰੇ ਜਨਮ ਦੇ ਅੰਦਰ, ਉਹਦੀ ਜਿਹੜੀ ਬਿਰਤੀ ਹੈ ਉਹ ਪਾਪਾਂ ਵਲ ਘੱਟ ਜਾਂਦੀ ਹੈ, ਰੱਬ ਵਲ ਜ਼ਿਆਦਾ ਜਾਏਗੀ। ਦੂਸਰਾ ਜਨਮ ਵੀ ਇਵੇਂ ਜਿਵੇਂ ਲੰਘ ਜਾਂਦਾ ਹੈ, ਥੋੜ੍ਹਾ ਨੇਕ ਹੋ ਜਾਂਦਾ ਹੈ, ਸੇਵਾ ਵਾਸਤੇ ਸਮਾਂ ਕੱਢਣ ਲਗ ਜਾਂਦਾ ਹੈ, ਬਾਣੀ ਪੜ੍ਹਨ ਲਗ ਜਾਂਦਾ ਹੈ, ਗਾਇਤ੍ਰੀ ਵਗੈਰਾ ਜੋ ਵੀ ਹੈ। ਕਿਤੇ ਸੰਗਤ ਹੋ ਰਹੀ ਹੋਵੇ, ਮੌਕਾ ਮਿਲੇ ਸੁਣਨ ਲਗ ਜਾਂਦਾ ਹੈ। ਏਸ ਤਰ੍ਹਾਂ ਕਰਦੇ-ਕਰਦੇ ਜਦੋਂ ਸਰੀਰ ਦਾ ਅੰਤ ਹੋ ਜਾਂਦਾ ਹੈ, ਦੂਸਰਾ ਜਨਮ ਓਸਨੂੰ ਫੇਰ ਮਿਲ ਜਾਂਦਾ ਹੈ ਮਨੁੱਖ ਦਾ ਹੀ। ਮਨੁੱਖ ਦੇ ਜਨਮ ਵਿਚ ਫੇਰ ਉਹਦੀ ਰੁਚੀ ਜਿਹੜੀ ਹੈ, ਜਵਾਨੀ ਦੇ ਵਿਚ ਵਿਗੜਦੀ ਨਹੀਂ ਹੈ। ਸਤਿਸੰਗ ਵਲ ਨੂੰ ਝੁਕਾਓ ਹੁੰਦਾ ਹੈ ਓਹਦਾ, ਨਾਮ ਜਪਣ ਵਾਸਤੇ ਖਿਆਲ ਆਉਂਦੇ ਨੇ, ਬਾਣੀ ਪੜ੍ਹਨ ਵਾਸਤੇ ਖਿਆਲ ਆਉਂਦੇ ਨੇ, ਲੇਕਿਨ ਅਜੇ ਪ੍ਰੈਕਟੀਕਲ ਨਹੀਂ ਚੱਲਿਆ। ਸਤਿਸੰਗ ਹੁੰਦਾ ਹੈ, ਧਿਆਨ ਨਾਲ ਸੁਣਦਾ ਹੈ, ਯਾਦ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਸੋ ਇਸ ਤਰ੍ਹਾਂ ਸ਼ੁੱਭ ਕਰਮ ਕਰਦਾ ਹੈ, ਪਾਪਾਂ ਤੋਂ ਬਚਿਆ ਰਹਿੰਦਾ ਹੈ। ਕੋਈ ਮਾੜਾ ਕਰਮ ਕਰਦਾ ਨਹੀਂ ਹੈ, ਗਿਆਨ ਹੁੰਦਾ ਹੈ ਕਿ ਮੈਨੂੰ ਲੇਖਾ ਦੇਣਾ ਪੈਣਾ ਹੈ। ਉਸ ਵੇਲੇ ਚਾਰ ਜਨਮ ਲੰਘ ਗਏ। ਪੰਜਵਾਂ ਜਨਮ ਜਦੋਂ ਆਉਂਦਾ ਹੈ ਤਾਂ ਉਹਨੂੰ ਖਿਆਲ ਆਉਂਦਾ ਹੈ ਕਿ ਮੈਂ ਕੋਈ ਗੁਰੂ ਧਾਰਨ ਕਰਾਂ, ਐਸਾ ਗੁਰੂ ਧਾਰਨ ਕਰਾਂ ਜਿਹੜਾ ਮੈਨੂੰ ਰਸਤੇ ਪਾ ਦੇਵੇ, ਉਹ ਫੇਰ ਜਿਹੜੇ ਕੁਲ ਗੁਰੂ ਵਗੈਰਾ ਹੁੰਦੇ ਨੇ, ਛੋਟੀ ਲੈਵਲ ਦੇ ਗੁਰੂ ਹੁੰਦੇ ਨੇ ਉਹ ਮਿਲਦੇ ਨੇ ਉਹਨੂੰ। ਉਹ ਇਹਨੂੰ ਥੋੜ੍ਹਾ-ਥੋੜ੍ਹਾ ਏਸ ਰਸਤੇ ਤੇ ਚਲਾਉਂਦੇ ਨੇ। ਕਹਿੰਦੇ ਨੇ ਨਾਮ ਜਪ, ਭਾਈ ਫਲਾਣਾ ਕਰ, ਪਰ ਉਹਦਾ ਸਮਾਂ ਅਜੇ ਜਾਗਿਆ ਨਹੀਂ ਹੁੰਦਾ, ਉਹ ਕਰਦਾ ਹੈ ਕਦੇ ਨਹੀਂ ਕਰਦਾ, ਬੰਨਵਾਂ ਨਹੀਂ ਕਰਦਾ। ਦ੍ਰਿੜ੍ਹਤਾ ਨਹੀਂ ਉਹਦੇ ਵਿਚ ਆਉਂਦੀ। ਉਸ ਤਰ੍ਹਾਂ ਉਹਦਾ ਧਿਆਨ ਹਮੇਸ਼ਾ ਨੇਕੀ ਵਲ ਨੂੰ ਰਹੇਗਾ। ਨਾਮ ਜਪਣ ਵਲ, ਬਾਣੀ ਪੜ੍ਹਨ ਵਲ ਪਰ ਪੜ੍ਹ ਨਹੀਂ ਸਕਦਾ। ਇਸੇ ਤਰ੍ਹਾਂ ਛੇਵਾਂ ਜਨਮ ਮਿਲਿਆ। ਛੇਵੇਂ ਜਨਮ ਦੇ ਵਿਚ ਇਹ ਤਲਾਸ਼ ਕਰਦਾ ਹੈ, ਸੱਚੇ ਦਿਲੋਂ ਕਿ ਮੈਨੂੰ ਕੋਈ ਗੁਰੂ ਮਿਲ ਜਾਵੇ, ਕੋਈ ਮਹਾਤਮਾ ਮਿਲ ਜਾਵੇ, ਜਿਹਦੇ ਨਾਲ ਮੈਂ ਰਲ ਕੇ ਨਾਮ ਜਪਾਂ, ਇਹ ਜਨਮ ਵੀ ਲੰਘ ਜਾਂਦਾ ਹੈ, ਅਗਲਾ ਜਨਮ ਆਉਂਦਾ ਹੈ ਤਾਂ ਅਜੇ ਬੱਚਾ ਹੀ ਹੁੰਦਾ ਤਿੰਨ-ਚਾਰ ਸਾਲ ਦਾ, ਮਾਂ ਬਾਪ ਨੂੰ ਕਹਿੰਦਾ ਹੈ ਕਿ ਸਤਿਸੰਗ 'ਚ ਚੱਲੋ। ਉਹਦੇ ਸੰਸਕਾਰ ਜਾਗਦੇ ਨੇ, ਪੁਰਾਣੇ ਸੰਸਕਾਰ ਉੱਗਣਾ ਚਾਹੁੰਦੇ ਨੇ। ਉਹਨੂੰ ਕੋਈ ਮਿਲ ਜਾਂਦਾ ਹੈ ਮਹਾਤਮਾ, ਗੁਰੂ ਧਾਰਨ ਕਰ ਲੈਂਦਾ ਹੈ, ਜਿੰਨਾ ਉਹ ਪਾਠ ਵਗੈਰਾ ਕਹਿੰਦਾ ਹੈ ਕਰਨ ਨੂੰ, ਕਰਦਾ ਹੈ, ਪਰ ਅਜੇ ਅਸਲੀ ਚੀਜ਼ ਫੇਰ ਨਹੀਂ ਪ੍ਰਾਪਤ ਹੋਈ। ਜਨਮ ਲੰਘ ਜਾਂਦਾ ਹੈ। ਏਸ ਤਰ੍ਹਾਂ ਦੇ ਨਾਲ ਦਸਵੇਂ ਜਨਮ 'ਚ ਜਾ ਕੇ ਉਹਨੂੰ ਬਚਪਨ 'ਚ ਵਾਹਿਗੁਰੂ ਜੀ ਵਲੋਂ ਗੁਰੂ ਦਾ ਮਿਲਾਪ ਕਰਾ ਦਿਤਾ ਜਾਂਦਾ ਹੈ। ਧਰੂੰ ਵਗੈਰਾ ਐਵੇਂ ਨਹੀਂ ਸੀ ਲੱਗੇ, ਬੇਅੰਤ ਜਨਮਾਂ ਦੀ ਤਪਸਿਆ ਸੀ ਉਨ੍ਹਾਂ ਦੀ ਪਹਿਲਾਂ, ਪ੍ਰਹਿਲਾਦ ਦੀ, ਧਰੂੰ ਦੀ। ਫੇਰ ਉਹਨੂੰ ਲਗਦੀ ਹੈ ਲਗਨ, ਲਗਨ ਲੱਗ ਕੇ ਫੇਰ ਉਹ ਨਾਮ ਜਪਦਾ ਹੈ। ਜਵਾਨੀ ਆਉਂਦੀ ਹੈ, ਗ੍ਰਹਿਸਤ ਵਿਚ ਪੈਂਦਾ ਹੈ, ਉਸ ਵੇਲੇ ਇਹਦੀ ਲੜਾਈ ਹੁੰਦੀ ਹੈ ਦੂਜੇ ਤੱਤਾਂ ਦੇ ਨਾਲ। ਕਦੇ ਗਿਰ ਜਾਂਦਾ ਹੈ, ਕਦੇ ਉਠ ਜਾਂਦਾ ਹੈ। ਘੋਲ ਲੱਗਿਆ ਰਹਿੰਦਾ ਹੈ। ਨੇਕੀ ਤੇ ਬਦੀ ਦੇ ਘੋਲ ਵਿਚ ਆ ਜਾਂਦਾ ਹੈ ਪਤਾ ਲਗ ਜਾਂਦਾ ਹੈ ਕਿ ਨੇਕੀ ਕਰਨੀ ਹੈ, ਬਦੀ ਮੈਨੂੰ ਥੱਲੇ ਸੁੱਟਦੀ ਹੈ। ਏਸ ਤਰ੍ਹਾਂ ਜਨਮ ਦਰ ਜਨਮ ਤਪਸਿਆ ਨਾਮ ਜਪਦੇ-ਜਪਦੇ ਅਖੀਰ ਐਸਾ ਜਨਮ ਆ ਜਾਂਦਾ ਹੈ ਜਿੱਥੇ ਇਹਨੂੰ ਗਿਆਨ ਪੈਦਾ ਹੋ ਜਾਂਦਾ ਹੈ, ਆਪੇ ਹੀ-

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਮਹਾਰਾਜ ਕਹਿੰਦੇ ਨੇ ਚਲਦਾ-ਚਲਦਾ, ਕਿਤੇ ਸਾਧੂ ਦੀ ਸੰਗਤ ਹੁੰਦੀ, ਪੂਰੇ ਮਹਾਂਪੁਰਸ਼ ਦੀ, ਹੁਣ ਉਹਦੀ ਸੰਗਤ ਦੇ ਵਿਚ ਬੜਾ ਭੇਤ ਹੈ। ਇਕ ਤਾਂ ਗਰਜ਼ ਨਾਲ ਕਰਦਾ ਹੈ, ਇਕ ਅੱਧੇ ਦਿਲ ਨਾਲ ਕਰਦਾ ਹੈ, ਇਕ ਨੂੰ ਭਰੋਸਾ ਨਹੀਂ ਆਉਂਦਾ, ਰਹਿੰਦਾ ਸੰਤਾਂ ਦੇ ਕੋਲ ਹੈ। ਬਣਦਾ ਨਹੀਂ ਉਹਦਾ ਕੰਮ। ਪਰ ਉਹ ਕੁੱਛ ਕਰਦਾ ਹੈ ਥੋੜ੍ਹਾ ਬਹੁਤ। ਥੋੜ੍ਹਾ ਬਹੁਤ ਲੇਖੇ 'ਚ ਪੈ ਜਾਂਦਾ ਹੈ ਉਹਦਾ।

ਕਿਸੇ ਤੱਤ ਬੇਤੇ ਮਹਾਂਪੁਰਸ਼ ਦੀ ਸੰਗਤ ਮਿਲ ਗਈ। ਇਹ ਚਾਰ ਚੀਜ਼ਾਂ ਉਸਨੂੰ ਪ੍ਰਾਪਤ ਹੋ ਜਾਇਆ ਕਰਦੀਆਂ ਨੇ। ਉਹਦਾ ਜੀਅ ਨਹੀਂ ਲਗਦਾ, ਹਰ ਵਕਤ ਉਹਦੇ ਮਨ ਦੇ ਵਿਚ ਰਹੇਗਾ, ਵਾਹਿਗੁਰੂ ਦਾ ਪਿਆਰ, ਵਾਹਿਗੁਰੂ ਦੀ ਖਿੱਚ ਬਣੀ ਰਹੇਗੀ ਤੇ ਨਾਲ ਦਰਸ਼ਨਾਂ ਦੀ ਲੋਚਾ ਲੱਗੀ ਰਹੇਗੀ, ਚੰਗਾ ਨਹੀਂ ਕੁਛ ਲੱਗੇਗਾ। ਇਸ ਤਰ੍ਹਾਂ ਨਾਲ ਪੜ੍ਹ

ਲਓ –

***ਧਾਰਨਾ – ਦੇਖ ਦਰਸ ਆਘਾਵੈ ਜੀ,***
***ਸੰਤ ਜਨਾ ਹਰਿ ਪ੍ਰੀਤ ਹੈ।***
***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥ ੧੨ ॥ ਅੰਗ – ੭੦੮***

ਇਸ ਤਰ੍ਹਾਂ ਦੇ ਨਾਲ ਪਿਆਰ ਲਗ ਜਾਂਦਾ ਹੈ, ਪਿਆਰ ਲੱਗਣ ਤੇ ਮਹਾਤਮਾ ਕਹਿੰਦੇ ਨੇ ਕਿ ਹੁਣ ਇਹਨੂੰ ਵੈਰਾਗ ਲਗ ਗਿਆ। ਪਹਿਲੀ ਚੀਜ਼ ਵਾਹਿਗੁਰੂ ਨੂੰ ਮਿਲਣ ਵਾਸਤੇ ਪ੍ਰਤੀਤੀ ਹੋਇਆ ਕਰਦੀ ਹੈ। ਪ੍ਰਤੀਤ, ਭਰੋਸਾ, ਸ਼ਰਧਾ, ਯਕੀਨ। ਵਾਹਿਗੁਰੂ ਪਰੀਪੂਰਨ ਹੈ। ਪਹਿਲਾਂ ਤਾਂ ਵਾਹਿਗੁਰੂ ਦਾ ਪਤਾ ਹੀ ਨਹੀਂ ਲਗਦਾ ਕਿ ਕਿੱਥੇ ਹੈ, ਕਿਹੋ ਜਿਹਾ ਹੈ? ਜਿਹੋ ਜਿਹਾ ਕਿਸੇ ਨੇ ਦੱਸ ਦਿਤਾ ਅਸੀਂ ਮੰਨ ਲੈਂਦੇ ਹਾਂ। ਫੇਰ ਪ੍ਰਤੀਤ ਆ ਜਾਂਦੀ ਹੈ।

ਮਹਾਰਾਜ ਕਹਿੰਦੇ ਜੇ ਪ੍ਰਤੀਤ ਆ ਗਈ, ਫੇਰ ਉਹਦਾ ਨਾਮ ਨਾਲ ਪਿਆਰ ਲਗ ਜਾਂਦਾ ਹੈ। ਦੂਸਰਾ ਫੇਰ ਮੰਤਰ ਤੇ ਪ੍ਰਤੀ ਆ ਜਾਂਦੀ ਹੈ, ਜਿਹੜਾ ਮੈਨੂੰ ਮੰਤਰ ਮਿਲਿਆ ਹੈ, ਪੰਜ ਪਿਆਰਿਆਂ ਨੇ ਦਿਤਾ ਹੈ, ਇਹ ਬਹੁਤ ਵੱਡਾ ਹੈ ਕਿਉਂਕਿ ਐਸਾ ਸਾਡੇ ਇਤਿਹਾਸਾਂ 'ਚ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ 36 ਜੁਗ ਦੇ ਵਿਚ ਇਹ ਵਾਹਿਗੁਰੂ ਮੰਤਰ ਪ੍ਰਗਟ ਕੀਤਾ ਹੈ। ਪਹਿਲਾਂ ਆਪ ਨੇ 9 ਜੁਗ 'ਵ' ਵਾਸਤੇ ਸਿੱਧ ਕਰਿਆ ਹੈ। ਫੇਰ ਹਰੀ ਸਿੱਧ ਕੀਤਾ, ਗੋਬਿੰਦ, ਫੇਰ ਰਾਮ ਚਾਰਾਂ ਨੂੰ ਜੋੜ ਕੇ ਇਹ ਵਾਹਿਗੁਰੂ ਮੰਤਰ ਬਣਿਆ। ਐਸਾ ਹੁੰਦਾ ਹੈ ਸਰਬ ਲੋਹ ਗ੍ਰੰਥ 'ਚ ਲਿਖਿਆ ਹੋਇਆ ਹੈ ਪੜ੍ਹ ਲਿਓ। ਇਹ ਫੇਰ ਮੰਤ੍ਰ ਖਾਲਸੇ ਨੂੰ ਦਿੱਤਾ। ਪਹਿਲਾਂ ਨੌਂ ਪਾਤਸ਼ਾਹੀਆਂ ਤੱਕ ਸਤਿਨਾਮ ਵਾਹਿਗੁਰੂ, ਗੁਰੂ ਦਸਵੇਂ ਪਾਤਸ਼ਾਹ ਨੇ ਵਾਹਿਗੁਰੂ ਮੰਤਰ ਦਿੱਤਾ, ਪੰਜ ਪਿਆਰਿਆਂ ਦੇ ਰਾਹੀਂ। ਇਹਦੇ ਉਤੇ ਪੂਰੀ ਪ੍ਰਤੀਤ ਕਿ ਮੈਨੂੰ ਮੰਤਰ ਸਭ ਤੋਂ ਚੰਗਾ ਮਿਲ ਗਿਆ ਤੇ ਇਹਨੇ ਬੜੀ ਛੇਤੀ ਸਿੱਧ ਹੋ ਜਾਣਾ ਹੈ। ਤੀਸਰਾ ਹੋਇਆ ਕਰਦਾ ਹੈ ਗੁਰੂ ਦੇ ਉਤੇ ਪ੍ਰਤੀਤ ਕਿ ਮੇਰਾ ਗੁਰੂ ਸਮਰੱਥ ਹੈ, ਮੈਨੂੰ ਕਿਸੇ ਹੋਰ ਥਾਂ ਜਾਣ ਦੀ ਲੋੜ ਨਹੀਂ। ਚੌਥੀ ਗੱਲ ਹੋਇਆ ਕਰਦੀ ਹੈ, ਲਗਨ ਦੀ। ਲਗਨ ਹੋਵੇ ਮਨ ਦੇ ਵਿਚ ।

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ***
***ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ***
***ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***

ਫੇਰ ਇਹਦੀ ਕੀਮਤ ਦੇਣ ਦਾ ਇਰਾਦਾ ਹੋਵੇ। ਇਹਦੀ ਕੀਮਤ ਕੀ ਹੈ? ਆਪਣਾ ਆਪਾ ਅਰਪ ਦੇਣਾ ਗੁਰੂ ਨੂੰ। ਕੋਈ ਚੀਜ਼ ਨਾ ਆਪਣੇ ਕੋਲ ਰੱਖਣੀ। ਤਨ ਵੀ, ਮਨ ਵੀ, ਧਨ ਵੀ। ਫੇਰ ਮਨ ਵਿਚ ਵੈਰਾਗ ਹੋਣਾ ਜ਼ਰੂਰੀ ਹੈ, ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ, ਫੇਰ ਇਹਦੇ ਬਾਅਦ ਆਉਂਦਾ ਹੈ ਕਿ ਧਰਮ ਦਾ ਧਾਰਨੀ ਹੋਵੇ। ਧਰਮ ਇਕ character ਹੈ, ਮਜ਼ਹਬ ਹੋਰ ਚੀਜ਼ ਹੈ, ਧਰਮ ਹੋਰ ਚੀਜ਼ ਹੈ। ਮਜ਼ਹਬ ਹੁੰਦੀ ਹੈ, ਸੰਪਰਦਾਇਕ ਮਰਿਯਾਦਾ। ਰਹਿਤ, ਬਹਿਤ ਹੁੰਦੀ ਹੈ, ਕੋਈ ਗਾਇਤ੍ਰੀ ਪੜ੍ਹਦਾ ਹੈ, ਕੋਈ ਨਮਾਜ਼ ਪੜ੍ਹਦਾ ਹੈ, ਕੋਈ ਜਨੇਊ ਪਾਉਂਦਾ ਹੈ, ਇਹਨੂੰ ਮਜ਼ਹਬ ਕਹਿੰਦੇ ਨੇ, ਸਾਰੀਆਂ ਚੀਜ਼ਾਂ ਮਜ਼ਹਬ ਨਾਲ ਸਬੰਧ ਰੱਖਦੀਆਂ ਨੇ। ਧਰਮ ਨਾਲ ਨਹੀਂ। ਧਰਮ ਦਾ ਇਕ character ਹੈ, ਜੇ character ਹੋਵੇ ਤਾਂ ਤਰੱਕੀ ਹੋਇਆ ਕਰਦੀ ਹੈ। ਉਹਦੇ ਵਿਚ ਸਭ ਤੋਂ ਮੁੱਖ ਹੈ ਮਾਂ ਯਾਦ ਰੱਖਣੀ, ਧਰਮ ਦੀ ਮਾਂ ਕੌਣ ਹੈ ਦਇਆ।

***ਧੌਲ ਧਰਮ ਦਇਆ ਕਾ ਪੂਤੁ॥***

ਜੇ ਦਇਆ ਹੋਏਗੀ ਤਾਂ ਧਰਮ ਪੈਦਾ ਹੁੰਦਾ ਹੈ, ਨਹੀਂ ਤਾਂ ਹੁੰਦਾ ਨਹੀਂ। ਜੇ ਕਹਿੰਦੇ ਜੀਵ ਵੱਢ-ਵੱਢ ਖਾਈ ਜਾਓ, ਦਇਆ ਤਾਂ ਆਈ ਨਾ ਮਨ 'ਚ।

***ਜੀਅ ਬਧਹੁ ਸੁ ਧਰਮੁ ਕਰਿ ਥਾਪਹੁ***
***ਅਧਰਮੁ ਕਹਹੁ ਕਤ ਭਾਈ ॥***
***ਆਪਸ ਕਉ ਮੁਨਿਵਰ ਕਰਿ ਥਾਪਹੁ***
***ਕਾ ਕਉ ਕਹਹੁ ਕਸਾਈ ॥ ਅੰਗ – ੧੧੦੩***

ਮਹਾਰਾਜ ਕਹਿੰਦੇ, ਦੇਖੋ, ਜੀਵ ਵੱਢਦੇ ਓਂ। ਇਹਨੂੰ ਤੁਸੀਂ ਧਰਮ ਕਹਿੰਦੇ ਓਂ ਇਹ ਧਰਮ ਹੈ? ਧਰਮ ਤਾਂ ਦਇਆ ਤੋਂ ਬਗੈਰ ਪ੍ਰਗਟ ਹੋਣਾ ਹੀ ਨਹੀਂ ਹਿਰਦੇ 'ਚ। ਪਹਿਲਾਂ ਦਇਆ ਆਏਗੀ, ਮਾਂ ਹੈ ਧਰਮ ਦੀ ਤੇ ਜੀਵ ਵੱਢ ਕੇ ਤੁਸੀਂ ਕਹਿੰਦੇ ਓਂ ਕਿ ਅਸੀਂ ਇਨ੍ਹਾਂ ਦਾ ਭਲਾ ਕਰਦੇ ਹਾਂ। ਫੇਰ ਕਸਾਈ ਕੀਹਨੂੰ ਕਹੋਂਗੇ ਤੁਸੀਂ? ਬੜਾ ਸਾਫ ਸੁਥਰਾ ਬਚਨ ਹੈ ਕੋਈ ਇਹਦੇ ਵੀ ਲਾ ਕੇ ਗੱਲ ਨਹੀਂ ਕਰੀ ਹੋਈ।

ਜੋਰ ਕਰਕੇ ਜੀਅ ਮਾਰਦਾ ਹੈਂ ਤੇ ਇਹਨੂੰ ਹਲਾਲ ਕਹੀ ਜਾਂਦਾ ਹੈਂ, ਇਹ ਤਾਂ ਅਧਰਮ ਦੀ ਗੱਲ ਕਰ ਰਿਹਾ ਹੈਂ ਤੂੰ। ਧਰਮ ਤਾਂ ਨਹੀਂ ਕਰ ਰਿਹਾ। ਸੋ ਜੇ ਦਇਆ ਆਏਗੀ, ਕੁਦਇਆ ਦੀ ਗੱਲ ਕਰਦਾ ਹੈ, ਧਰਮ ਨਹੀਂ ਹਿਰਦੇ 'ਚ ਪੈਦਾ ਹੋਣਾ। ਪਹਿਲਾਂ ਦਇਆ ਆਏਗੀ। ਜਦੋਂ

ਦਇਆ ਆਉਂਦੀ ਹੈ ਸਭ ਦਾ ਭਲਾ ਲੋਚਦਾ ਹੈ।

***ਨਾਨਕ ਨਾਮ ਚੜ੍ਹਦੀ ਕਲਾ,***
***ਤੇਰੇ ਭਾਣੇ ਸਰਬੱਤ ਦਾ ਭਲਾ।***

ਫੇਰ ਦਇਆ ਨਹੀਂ ਹੈ ਫੇਰ ਨਹੀਂ ਮੰਗਦਾ। ਫੇਰ ਖਿਮਾ ਦੀ ਸ਼ਕਤੀ ਪੈਦਾ ਹੁੰਦੀ ਹੈ। ਬਦਲਾ ਨਾ ਲੈਣਾ, ਮਾਫ ਕਰ ਦੇਣਾ, ਜਦੋਂ ਗਲਤੀ ਮੰਨ ਲੈਣੀ ਫੇਰ ਉਹਨੂੰ ਪੂਰੇ ਮਨੋ ਮਾਫ ਕਰਕੇ ਫੇਰ ਨਹੀਂ ਦਿਲ 'ਚ ਰੱਖਣਾ ਕਿ ਇਹ ਐਉਂ ਸੀ। ਖਿਮਾ ਕਰ ਦੇਣਾ। ਫੇਰ ਧੀਰਜ ਹੋਇਆ ਕਰਦੀ ਹੈ, ਸੁਭਾਅ ਧੀਰਜੀ। ਉਹਦੇ ਬਾਅਦ ਅਹਿੰਸਾ ਹੁੰਦੀ ਹੈ, ਕਿਸੇ ਨੂੰ ਕਿਸੇ ਵੀ ਤਰੀਕੇ ਨਾਲ ਨਾ ਬੋਲ ਕੇ, ਨਾ ਲਿਖ ਕੇ, ਨਾ ਕਾਨੂੰਨ 'ਚ, ਕਿਸੇ ਦਾ ਨੁਕਸਾਨ ਨਾ ਕਰਨਾ। ਪਰੇਸ਼ਾਨੀਆਂ 'ਚ ਨਾ ਪਾਉਣਾ, ਇਹਨੂੰ ਅਹਿੰਸਾ ਕਹਿੰਦੇ ਨੇ। ਫੇਰ ਸੰਤੋਖ ਹੋਇਆ ਕਰਦਾ ਹੈ, ਕੰਮ ਕਰਨਾ ਜੀਅ ਭਰ ਕੇ ਜੋ ਕੁਛ ਆ ਗਿਆ, ਉਹਦੇ 'ਤੇ ਸੰਤੁਸ਼ਟ ਰਹਿ ਕੇ ਫੇਰ ਫੁਰਨੇ ਨਾ ਕਰਨੇ। ਫੇਰ ਸੌਚ ਹੋਇਆ ਕਰਦੀ ਹੈ, ਪਵਿੱਤਰਤਾ - ਸਰੀਰ ਦੀ ਪਵਿੱਤਰਤਾ, ਵਸਤਰਾਂ ਦੀ ਪਵਿੱਤਰਤਾ, ਬੋਲ ਦੀ ਪਵਿੱਤਰਤਾ, ਸੌਚ ਦੀ ਪਵਿੱਤਰਤਾ, ਮਨ ਦੇ ਫੁਰਨਿਆਂ ਦੀ ਪਵਿੱਤਰਤਾ, ਬੁੱਧੀ ਦੀ ਪਵਿੱਤਰਤਾ, ਚਿੱਤ ਦੀ ਪਵਿੱਤਰਤਾ। ਫੇਰ ਹੋਇਆ ਕਰਦਾ ਹੈ ਸ਼ੀਲ, ਸ਼ੀਲ ਕਹਿੰਦੇ ਨੇ character ਨੂੰ, ਇਕ ਆਦਮੀ ਗੱਲ ਕਰਕੇ ਮੁੱਕਰ ਜਾਵੇ ਕਹਿੰਦੇ ਨੇ ਇਹਦਾ ਕੋਈ ਚਰਿੱਤਰ ਹੈ। ਸੋ ਇਸ ਤਰ੍ਹਾਂ ਬਚਨ ਦੀ ਪਵਿੱਤਰਤਾ ਹੋਵੇ, ਸੋਚਣ ਦੀ ਪਵਿੱਤਰਤਾ ਹੋਵੇ, ਕ੍ਰੋਧੀ ਨਾ ਹੋਵੇ, ਲੋਭੀ ਨਾ ਹੋਵੇ, ਅਹੰਕਾਰੀ ਨਾ ਹੋਵੇ, ਕਾਮੀ ਨਾ ਹੋਵੇ, ਇਹ ਸਾਰੀਆਂ ਚੀਜ਼ਾਂ ਸ਼ੀਲ ਕਹਾਉਂਦੀਆਂ ਨੇ। ਫੇਰ ਧਰਮੀ ਹੋਵੇ, ਸੇਵਾ ਕਰਨ ਦਾ ਚਾਓ ਮਨ ਵਿਚ ਹੋਵੇ, ਦੂਸਰਿਆਂ ਦੇ ਕੰਮ ਆਉਣ ਦਾ ਚਾਓ ਹੋਵੇ, ਇਹਨੂੰ ਧਰਮ ਕਹਿੰਦੇ ਨੇ। ਇਹ ਪੈਦਾ ਹੁੰਦਾ ਹੈ, ਇਹ ਹੁੰਦਾ ਦਇਆ ਤੋਂ ਹੈ।

***ਧੌਲੁ ਧਰਮ ਦਇਆ ਕਾ ਪੂਤੁ॥***

ਜਦੋਂ ਇਹ ਗੁਣ ਆਦਮੀ 'ਚ ਆ ਜਾਂਦੇ ਨੇ, ਫੇਰ ਜਿਹੜਾ ਇਹ ਗੁਣ ਧਾਰਨ ਕਰਦਾ ਹੈ, ਉਹ ਹੋਇਆ ਕਰਦਾ 'ਨਾਮ' ਦਾ ਅਧਿਕਾਰੀ। ਉਸ ਖੇਤੀ ਦੇ ਵਿਚ ਨਾਮ ਪਲਦਾ ਹੈ।

***ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥***
***ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥***
***ਅੰਗ - ੫੯੫***

ਆਹ ਜਿਹੜੇ ਮੈਂ ਦੱਸੇ ਨੇ, ਇਨ੍ਹਾਂ ਕਰਮਾਂ ਦੇ ਨਾਲ ਉਹ ਉਥੇ ਜਾਂਦਾ ਹੈ। ਉਹ ਭਾਗਾਂ ਵਾਲੇ ਘਰ ਨੇ ਜਿਥੇ ਧਰਮ ਪੈਦਾ ਹੋ ਜਾਵੇ। ਸੋ ਧਰਮ ਦਾ ਧਾਰਨੀ ਹੋਵੇ। ਇਹ ਧਾਰਨੀ ਹੋ ਕੇ ਨਾਮ ਦਾ ਅਧਿਕਾਰੀ ਹੋਇਆ ਕਰਦਾ ਹੈ।

ਸਾਡੇ ਚਿੱਤ ਦੇ ਵਿਚ ਤਿੰਨ ਦੋਸ਼ ਨੇ ਜਿਹਦੇ ਕਰਕੇ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਪਹਿਲਾਂ ਤਾਂ ਹੈ ਕਿ ਉਹਦੇ ਵਿਚ ਬੇਅੰਤ ਮੈਲ ਪਈ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ ॥***
***ਗੁਰ ਪਰਸਾਦੀ ਜੀਵਤੁ ਮਰੈ***
***ਉਲਟੀ ਹੋਵੈ ਮਤਿ ਬਦਲਾਹੁ ॥***
***ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥***
***ਅੰਗ - ੬੫੧***

ਐਨੀ ਮੈਲ ਪਈ ਹੈ ਜਨਮਾਂ ਜਨਮਾਂਤਰਾਂ ਦੀ ਉਹਦੇ 'ਚੋਂ ਦਿਸਣਾ ਕੀ ਹੈ। ਬੇਅੰਤ ਗੰਧਲਿਆ ਹੋਇਆ ਪਾਣੀ ਹੋਵੇ, ਜਾਂ ਡੀਜ਼ਲ ਵਿਚ ਪੈ ਕੇ ਪਾਣੀ ਕਾਲਾ ਹੋਇਆ ਹੋਵੇ, ਦੱਸੋ ਉਹਦੇ ਵਿਚੋਂ ਆਪਣਾ ਚਿਹਰਾ ਦਿਸ ਜਾਏਗਾ? ਸ਼ੀਸ਼ੇ ਦੇ ਉਤੇ ਮੈਲ ਜੰਮੀ ਪਈ ਹੋਵੇ, ਉਹਦੇ ਵਿਚ ਆਪਣਾ ਮੂੰਹ ਦਿਸ ਜਾਏਗਾ? ਕਦੇ ਵੀ ਨਹੀਂ ਦਿਸਦਾ ਜਦੋਂ ਤਕ ਮੈਲ ਨਹੀਂ ਲਾਹੁੰਦੇ। ਦੂਸਰਾ ਇਹਦੇ 'ਚ ਹੋਇਆ ਕਰਦਾ ਹੈ ਵਿਖਸ਼ੇਪ। ਵਿਖਸ਼ੇਪ ਜਿਹੜਾ ਹੈ ਇਹਦੇ ਵਿਚ ਇਹ ਕੋਈ ਭਰੋਸੇ ਵਿਚ ਨਹੀਂ ਆਉਂਦਾ, ਨਿਸ਼ਚਾ ਨਹੀਂ ਇਹਦਾ ਕਾਇਮ ਹੁੰਦਾ, ਹਰ ਵਕਤ ਡੋਲਦਾ ਰਹਿੰਦਾ ਹੈ। ਇਕ ਪੁਆਇੰਟ ਤੇ ਨਹੀਂ ਆਉਂਦਾ ਹੈ। ਤੀਸਰਾ ਇਹਦੇ ਵਿਚ ਦੋਸ਼ ਹੋਇਆ ਕਰਦਾ ਹੈ ਆਵਰਨ ਜਿਹਨੂੰ ਪੜਦਾ ਕਹਿੰਦੇ ਨੇ, ਕਬਰ ਕਹਿੰਦੇ ਨੇ, ਜਿਵੇਂ ਕਾਰ ਨੂੰ ਕਵਰ ਨਾਲ ਢਕ ਦੇਈਦਾ ਹੈ ਐਉਂ ਉਹਨੇ ਗਿਆਨ ਨੂੰ ਢਕਿਆ ਹੋਇਆ ਹੈ। ਅੱਖ ਦੇ ਉਤੇ ਕੁਛ ਬੰਨ੍ਹ ਲਈਏ ਕਾਲਾ, ਅੱਖ ਤਾਂ ਦੇਖ ਸਕਦੀ ਹੈ, ਰੋਸ਼ਨੀ ਹੈ ਉਹਦੇ ਵਿਚ ਪਰ ਦੇਖੇ ਕਿਵੇਂ ਜਦੋਂ ਉਤੇ ਕਾਲੀ ਪੱਟੀ ਬੰਨ੍ਹੀ ਹੋਈ ਹੈ। ਇਹਨੂੰ ਆਵਰਨ ਕਹਿੰਦੇ ਨੇ, ਜਿੰਨਾ ਚਿਰ ਇਹ ਅੰਦਰ ਨੇ ਓਨੀ ਦੇਰ ਤੱਕ, ਵਾਹਿਗੁਰੂ ਦੇ ਰਸਤੇ ਤੇ ਅਸੀਂ ਲੱਗ ਨਹੀਂ ਸਕਦੇ। ਹੁਣ ਇਹ ਹੁੰਦਾ ਹੈ ਕਿਵੇਂ ਹੈ? ਹੌਲੀ-ਹੌਲੀ ਪਉੜੀ ਦਰ ਪਉੜੀ ਇਨ੍ਹਾਂ ਨੂੰ ਚੜ੍ਹਾਉਣਾ ਹੈ ਤਾਂ ਇਹ ਹੋਏਗਾ। ਜਿਹੜਾ ਪਹਿਲਾ ਸਵਾਲ ਸਾਡੇ ਕੋਲ ਹੈ ਕਿ ਮੈਲ ਦੂਰ ਕਿਵੇਂ ਕਰੀ ਜਾਵੇ? ਮੈਲ ਦੂਰ ਹੁੰਦੀ ਹੈ ਕਰਮ ਨਾਲ, ਨਿਸ਼ਕਾਮ ਕਰਮਾਂ ਨਾਲ। ਕਰਮ ਕਰਨੇ, ਸੇਵਾ ਕਰਨੀ, ਮੰਗ ਨਾ ਕੋਈ ਮੰਗਣੀ। ਜੇ ਮੰਗ ਮੰਗੀ ਜਾਓ, ਸੇਵਾ ਕਰੀ ਉਹਦੀ ਮੰਗ ਆ ਗਈ। ਸੰਤਾਂ ਕੋਲ ਜਾਂਦੇ ਓਂ ਜੇ ਮੰਗਾਂ ਵਾਸਤੇ ਜਾਂਦੇ ਹੋਂ, ਫੇਰ ਤਾਂ ਗੱਲ ਨਹੀਂ ਬਣਦੀ।

ਕਈ ਮੈਨੂੰ ਕਹਿ ਦਿੰਦੇ ਨੇ ਕਿ ਅਸੀਂ ਐਨੀ ਦੇਰ ਦੇ ਸਤਿਸੰਗ 'ਚ ਆਉਂਦੇ ਹਾਂ, ਸਾਡਾ ਆਹ ਕੰਮ ਤਾਂ ਹੋਇਆ ਨਹੀਂ। ਮੈਂ ਕਿਹਾ ਕੋਈ ਠੇਕਾ ਤਾਂ ਹੈ ਨਹੀਂ ਇਥੇ, ਨਾ ਅਸੀਂ

ਠੇਕਾ ਲੈਂਦੇ ਹਾਂ। ਤੁਹਾਡੀ ਮਰਜ਼ੀ ਹੈ ਆਉਣਾ ਹੈ ਆਓ, ਨਹੀਂ ਆਉਣਾ ਨਾ ਆਓ। ਕਿਉਂਕਿ ਤੁਸੀਂ ਤਾਂ ਸੌਦਾ ਕਰਦੇ ਓਂ। ਇਹ ਕਰਮ ਨਹੀਂ ਹੁੰਦੇ। ਆਉਂਦੇ ਸਤਿਸੰਗ 'ਚ ਜ਼ਰੂਰ ਨੇ, ਪਰ ਜਿਹੜਾ ਕਰਮ ਹੈ ਉਹ ਗਰਜ਼ ਦੇ ਅਧੀਨ ਹੋਣ ਕਰਕੇ ਨਿਸ਼ਕਾਮ ਨਾ ਬਣਿਆ। ਸੋ ਨਿਸ਼ਕਾਮ ਕਰਮ ਜਿਹੜੇ ਨੇ, ਜਦੋਂ ਆਦਮੀ ਕਰਦਾ ਹੈ ਨਿਸ਼ਕਾਮ ਹੀ ਕਰਦਾ ਹੈ। ਉਸ ਵੇਲੇ ਮੈਲ ਜਿਹੜੀ ਹੈ ਅੰਤਸ਼ਕਰਣ ਦੇ ਅੰਦਰ ਉਹ ਮੈਲ ਧੋ ਦਿੰਦੇ ਨੇ, ਉਹ ਨਿਰਮਲ ਹੋ ਜਾਂਦਾ ਹੈ। ਹੁਣ ਉਹਦੇ ਵਿਚ ਦੋ ਦੋਸ਼ ਰਹਿ ਗਏ ਇਕ ਰਹਿ ਗਿਆ ਵਿਖਸ਼ੇਪਤਾ ਦਾ, ਵਿਖਸ਼ੇਪਤਾ ਦਾ ਦੋਸ਼ ਜਿਹੜਾ ਹੈ ਉਪਾਸ਼ਨਾ ਤੋਂ ਬਿਨਾਂ ਨਹੀਂ ਜਾਂਦਾ। ਉਪਾਸ਼ਨਾ ਜਿਹੜੀ ਹੈ ਸੰਤਾਂ ਤੋਂ ਬਗੈਰ ਆਉਂਦੀ ਨਹੀਂ, ਨਹੀਂ ਪਤਾ ਲਗਦਾ, ਕਿੰਨਾ ਹੀ ਜ਼ੋਰ ਲਾਈ ਜਾ ਜਿੰਨਾ ਲਗਦਾ ਹੈ।

ਉਪਾਸ਼ਨਾ ਦੇ ਵਿਚ ਬਿਰਤੀ ਦੇ ਵਿਚ ਇਕਾਗਰਤਾ ਤੇ ਨਿਰੁੱਧ ਦੋ ਚੀਜ਼ਾਂ ਹੁੰਦੀਆਂ ਨੇ। ਜਦੋਂ ਪੂਰਨ ਰੂਪ ਦੇ ਵਿਚ ਇਕਾਗਰ ਹੋ ਗਿਆ, ਉਸ ਵੇਲੇ ਉਪਾਸਨਾ ਨੇ ਫਲ ਦੇ ਦਿਤਾ ਤੇ ਉਹਦੇ ਨਾ ਵਿਖਸ਼ੇਪਤਾ ਦੂਰ ਹੋ ਗਈ। ਹੁਣ ਤੀਸਰਾ ਰਹਿ ਗਿਆ ਆਵਰਨ। ਆਵਰਨ ਜਿਹੜਾ ਹੈ ਉਹ ਪਰਦਾ ਹੈ, ਉਹ ਪਰਦਾ ਜਿਹੜਾ ਹੈ ਗਿਆਨ ਤੋਂ ਬਿਨਾਂ ਦੂਰ ਨਹੀਂ ਹੁੰਦਾ। ਗਿਆਨ ਵਾਸਤੇ ਸੌ ਜਨਮ ਵੀ ਲੈ ਸਕਦਾ ਹੈ, ਪੰਜਾਹ ਵੀ ਲੈ ਸਕਦਾ ਹੈ, ਚਾਲੀ ਵੀ ਲੈ ਸਕਦਾ ਹੈ, ਇਹ ਐਡੀ ਵੱਡੀ ਚੀਜ਼ ਹੈ।

*ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥*
*ਅੰਗ - ੪੬੫*

ਸੋ ਇਸ ਕਰਕੇ ਪਿਆਰਿਓ! ਗੁਰੂ ਮਹਾਰਾਜ ਦਾ ਇਕੋ ਸ਼ਬਦ ਜਿਹਦੇ ਵਿਚ ਸਾਰਾ ਕੁਛ ਦਸ ਦਿਤਾ। ਇਕੋ ਸ਼ਬਦ ਦੇ ਵਿਚ ਸੁਰੂ ਤੋਂ ਲੈ ਕੇ ਅਖੀਰ ਤੱਕ ਦਾ ਹਾਲ ਲਿਖਿਆ ਹੈ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਭਾਂਡਾ ਧੋਇ ਬੈਸਿ ਧੂਪੁ ਦੇਵਹੁ*
*ਤਉ ਦੂਧੈ ਕਉ ਜਾਵਹੁ ॥ ਅੰਗ - ੭੨੮*

ਇਕ ਮਿਸਾਲ ਨਾਲ ਗੱਲ ਸਮਝ 'ਚ ਆ ਜਾਏਗੀ। ਇਕ ਕੋਈ ਮਹਾਤਮਾ ਸੀ, ਇਕਾਂਤ ਵਾਸ ਵਿਚ ਰਿਹਾ ਕਰਦੇ ਸੀ। ਜੋ ਕੁਛ ਕਿਸੇ ਨੇ ਲਿਆ ਦੇਣਾ, ਪਹਿਲਾਂ ਉਹ ਛਕ ਲੈਣਾ ਬਾਕੀ ਫੇਰ ਜਵਾਬ ਦੇ ਦੇਣਾ। ਇਕ ਪ੍ਰੇਮੀ, ਉਸਦੀ ਜ਼ਮੀਨ ਨਾਲ ਲਗਦੀ ਸੀ, ਜਿਥੇ ਉਨ੍ਹਾਂ ਨੇ ਕੁਟੀਆ ਪਾਈ ਹੋਈ ਸੀ। ਉਹ ਖੂਹ ਦੇ ਵਿਚੋਂ ਪਾਣੀ ਵਗੈਰਾ ਭਰ ਕੇ ਰੱਖ ਦਿੰਦਾ ਸੀ, ਛਿੜਕਾਅ ਕਰ ਦਿੰਦਾ ਸੀ, ਫੇਰ ਮਹਾਂਪੁਰਸ਼ਾਂ ਨੂੰ ਕਹਿਣਾ ਕਿ ਮਹਾਂਪੁਰਸ਼ੋ! ਮੈਨੂੰ ਨਾਮ ਦੇ ਦਿਓ, ਉਨ੍ਹਾਂ ਨੇ ਕਹਿਣਾ ਕਿ ਪ੍ਰੇਮੀਆ! ਤੇਰਾ ਭਾਂਡਾ ਅਜੇ ਠੀਕ ਨਹੀਂ ਹੈਗਾ। ਪਹਿਲਾਂ ਇਹਨੂੰ ਧੋ। ਇਕੋ ਹੀ ਗੱਲ ਦੀ ਰੱਟ ਲਾ ਲਈ। ਜਦੋਂ ਸੰਤਾਂ ਦੇ ਦਰਸ਼ਨ ਕਰਨੇ, ਨਾਮ ਦਾਨ ਬਖਸ਼ੋ। ਇਥੇ ਮੈਨੂੰ ਵੀ ਕਹਿੰਦੇ ਰਹਿੰਦੇ ਨੇ ਪ੍ਰੇਮੀ, ਪਹਿਲੇ ਦਿਨ ਹੀ ਆ ਕੇ। ਮੈਂ ਕਿਹਾ ਇਹ ਕੋਈ ਸੁਖਾਲੀ ਜਿਹੀ ਚੀਜ਼ ਥੋੜ੍ਹਾ ਨਹੀਂ ਹੈ। ਪਹਿਲਾਂ ਤਿਆਰੀ ਕਰੋ, ਅਧਿਕਾਰੀ ਹੋਵੇ ਤਾਂ ਹੀ ਚੀਜ਼ ਦਿਤੀ ਜਾਂਦੀ ਹੈ। ਐਵੇਂ ਤਾਂ ਨਹੀਂ, ਅਧਿਕਾਰ ਤਾਂ ਹੁੰਦਾ ਨਹੀਂ ਵੱਡਿਆਂ-ਵੱਡਿਆਂ ਨੂੰ। ਲੱਖਾਂ 'ਚੋਂ ਇਕ ਨਿਕਲ ਆਵੇ ਤਾਂ ਨਿਕਲ ਆਵੇ ਅਧਿਕਾਰੀ। ਬਾਕੀ ਤਾਂ ਸਫਰ ਕਰਨ ਵਾਲੇ ਚੱਲ ਰਹੇ ਹੁੰਦੇ ਨੇ। ਉਚੀ ਚੀਜ਼ ਦੇ ਅਧਿਕਾਰੀ ਨਹੀਂ ਹੁੰਦੇ ਸਾਰੇ, ਟਾਂਵਾਂ-ਟਾਵਾਂ ਹੀ ਹੁੰਦਾ ਹੈ ਕੋਈ।

ਸੋ ਉਹ ਪ੍ਰੇਮੀ ਬਾਰ-ਬਾਰ ਕਹੀ ਜਾਵੇ। ਸੰਤਾਂ ਨੇ ਕਿਹਾ ਕਿ ਐਉਂ ਤਾਂ ਇਹ ਹਟਦਾ ਨਹੀਂ ਇਹਨੂੰ ਕੋਈ ਜੁਗਤ ਨਾਲ ਹਟਾਈਏ।

ਇਕ ਦਿਨ ਚਿੱਪੀ ਲੈ ਕੇ ਦੁੱਧ ਲੈਣ ਵਾਸਤੇ ਆਉਂਦੇ ਨੇ, ਉਸ ਚਿੱਪੀ ਦੇ ਵਿਚ ਚੁੱਕ ਕੇ ਲਿੱਦ ਪਾ ਲਈ। ਉਥੇ ਜਾ ਕੇ ਸਤਿਨਾਮ ਦਾ ਆਵਾਜ਼ ਦੇ ਦਿਤਾ, ਤੇ ਉਹ ਆਇਆ ਕਿ ਲੈ ਬਈ ਸੰਤ ਆ ਗਏ ਅੱਜ, ਮੈਂ ਇਹਦੀ ਸੇਵਾ ਕਰਾਂ। ਕਹਿੰਦਾ, ਮਹਾਰਾਜ! ਕੀ ਲਿਆਵਾਂ। ਕਹਿੰਦੇ, ਭਾਈ, ਪਾਈਆ ਦੁੱਧ ਚਾਹੀਦਾ ਹੈ। ਕਹਿੰਦਾ, ਨਹੀਂ ਮਹਾਰਾਜ! ਮੈਂ ਵੱਧ ਦੇ ਦਿੰਦਾ ਹਾਂ। ਸੰਤ ਕਹਿਣ ਲੱਗੇ, ਨਹੀਂ ਸਿਰਫ ਇਕ ਪਾ ਦੁੱਧ ਚਾਹੀਦਾ ਹੈ। ਉਹ ਪਾਈਆ ਦੁੱਧ ਲੈ ਜਿਸ ਵਕਤ ਆਇਆ, ਸੰਤਾਂ ਨੇ ਚਿੱਪੀ ਲੈ ਕੇ ਅੱਗੇ ਕਰ ਦਿਤੀ, ਉਹਦੇ ਵਿਚ ਲਿੱਦ ਪਈ ਤੇ ਉਹਨੇ ਦੇਖ ਲਈ। ਕਹਿਣ ਲੱਗਿਆ, ਮਹਾਰਾਜ! ਦੁੱਧ ਤਾਂ ਮੈਂ ਇਹਦੇ ਵਿਚ ਪਾ ਨਹੀਂ ਸਕਦਾ, ਇਹ ਤਾਂ ਗੰਦੀ ਹੈ ਇਹਦੇ ਵਿਚ ਲਿੱਦ ਪਈ ਹੈ। ਪਹਿਲਾਂ ਲਿੱਦ ਨੂੰ ਕੱਢੋ, ਫੇਰ ਸੁੱਚੀ ਮਿੱਟੀ ਲਓ, ਪਾਣੀ ਨਾਲ ਫੇਰ ਦੋ ਤਿੰਨ ਵਾਰ ਮਲ-ਮਲ ਕੇ ਧੋਵੋ। ਤਾਂ ਉਹਦੀ ਦੁਰਗੰਧ ਇਹਦੇ ਵਿਚੋਂ ਨਿਕਲਣੀ ਹੈ, ਫੇਰ ਦੁੱਧ ਪਾ ਸਕਦੇ ਹਾਂ ਐਉਂ ਤਾਂ ਨਹੀਂ ਪਾ ਸਕਦੇ। ਕਹਿੰਦੇ ਐਵੇਂ ਹੀ ਪਾ ਦੇ ਤੂੰ। ਦੱਸ ਕੁ ਵਾਰੀ ਉਹਨੇ ਕਿਹਾ, ਦੱਸ ਕੁ ਵਾਰੀ ਸੰਤਾਂ ਨੇ ਕਹਿ ਦਿਤਾ। ਕਹਿੰਦਾ, ਮਹਾਰਾਜ! ਤੁਸੀਂ ਤਾਂ ਗੱਲ ਹੀ ਨਹੀਂ ਮੰਨਦੇ। ਕਹਿੰਦੇ, ਤੂੰ ਮੰਨਦੈ ? ਜਦੋਂ ਵੀ ਤੂੰ ਮੇਰੇ ਕੋਲ ਆਉਂਦਾ ਹੈਂ ਇਹ ਕਹਿੰਦਾ ਹੈਂ ਨਾਮ ਦੇ ਦਿਓ, ਨਾਮ ਦੇ ਦਿਓ। ਅਸੀਂ ਤੈਨੂੰ ਕਹਿੰਦੇ ਹਾਂ ਕਿ ਤੇਰਾ ਭਾਂਡਾ ਬਹੁਤ ਮਾੜਾ ਹੈ। ਪਹਿਲਾਂ ਭਾਂਡੇ ਨੂੰ ਸਾਫ ਕਰ ਪ੍ਰੇਮੀਆ! ਫੇਰ ਜਾ ਕੇ ਚੀਜ਼ ਮੰਗੀਦੀ ਹੈ। ਦੇਖ ਤੇਰਾ ਦੁੱਧ ਕਿੰਨੇ ਕੁ ਦਾ, ਪਾਈਆ ਦੁੱਧ ਹੈ। ਤੂੰ ਦੋ ਰੁਪਈਏ ਦੀ ਚੀਜ਼ ਨਹੀਂ ਪਾ ਰਿਹਾ, ਮੇਰੇ ਤੋਂ ਤੂੰ ਨਾਮ ਮੰਗ ਰਿਹਾ ਹੈਂ, ਜਿਹਦਾ ਕੋਈ ਮੁੱਲ ਹੀ ਨਹੀਂ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*

*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ - ੮੧*

ਆਹ ਹਾਲ ਸਾਡਾ ਹੈ। ਭਾਂਡਾ ਸਾਡਾ ਗੰਦਾ ਪਿਆ ਹੈ, ਗੰਦੇ ਭਾਂਡੇ ਨੂੰ ਮਹਾਰਾਜ ਕਹਿੰਦੇ, ਪਹਿਲਾਂ ਧੋਵੋ ਉਹਨੂੰ। ਪਹਿਲਾਂ ਇਹ ਦੇਖੋ ਕਿ ਮੈਲ ਕਾਹਦੀ ਲੱਗੀ ਹੋਈ ਹੈ। ਕੀ ਗੰਦ-ਮੰਦ ਪਿਆ ਹੈ ਇਹਦੇ ਵਿਚ। ਮਹਾਰਾਜ ਕਹਿੰਦੇ, ਇਹਦੇ ਵਿਚ ਚਲੋ ਬਾਕੀ ਤਾਂ ਠੀਕ ਹੈ, ਵਾਸ਼ਨਾਵਾਂ ਦਾ ਵੀ ਗੰਦ ਪਿਆ ਹੈ, ਵਾਸ਼ਨਾਵਾਂ ਜਿੰਨਾ ਚਿਰ ਧੋਂਦਾ ਨਹੀਂ ਹੈ, ਮੰਦ ਵਾਸ਼ਨਾਵਾਂ ਨੇ। ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਨੇ, ਧਨ ਦੀ ਵਾਸ਼ਨਾ ਹੈ, ਭੋਗਾਂ ਦੀ ਵਾਸ਼ਨਾ ਹੈ।

ਇਕ ਵਾਰੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਦੇ ਦਰਬਾਰ ਵਿਚ ਰਿਸ਼ੀ-ਮੁਨੀ ਸਾਰੇ ਆਏ ਬੈਠੇ ਨੇ, ਵਸ਼ਿਸ਼ਟ ਜੀ ਅਧਿਆਤਮਕ ਕਥਾ ਵਾਰਤਾ ਕਰ ਰਹੇ ਨੇ। ਬਚਨ ਸੁਣਾ ਰਹੇ ਨੇ, ਸਾਰੇ ਸੁਣ ਰਹੇ ਨੇ, ਟਿਕਿਆ ਹੋਇਆ ਸੀ ਮਨ ਸਾਰਿਆਂ ਦਾ।

ਸ੍ਰੀ ਰਾਮ ਚੰਦਰ ਜੀ ਤਾੜੀ ਮਾਰ ਕੇ ਉਚੀ ਸਾਰੀ ਹੱਸ ਪਏ। ਵਸ਼ਿਸ਼ਟ ਜੀ ਨੇ ਕਿਹਾ, ਮਹਾਂਪੁਰਸ਼ਾਂ ਦਾ ਬੋਲਣਾ, ਹੱਸਣਾ, ਕਿਸੇ ਗੱਲ ਤੋਂ ਬਗੈਰ ਕਦੇ ਨਹੀਂ ਹੋਇਆ ਕਰਦਾ। ਕੋਈ ਬਹੁਤ ਭਾਰੀ ਭੇਤ ਹੈ ਜਿਹੜਾ ਇਹ ਹੱਸੇ ਨੇ ਅਚਾਨਕ। ਉਸ ਵੇਲੇ ਕਹਿਣ ਲੱਗੇ, ਹੇ ਰਾਮ ਜੀ! ਕਥਾ ਹੋ ਰਹੀ ਹੈ ਤੇ ਤੁਸੀਂ ਹੱਸੇ ਹੋਂ, ਹੱਸਣ ਦਾ ਕਾਰਨ ਕੀ ਹੈ? ਕਹਿੰਦੇ, ਕੁਛ ਵੀ ਨਹੀਂ ਮੈਂ ਤਾਂ ਇਸ ਕੀੜੇ ਨੂੰ ਦੇਖ ਕੇ ਹੱਸਿਆ ਹਾਂ? ਵਸ਼ਿਸ਼ਟ ਜੀ ਨੇ ਗਹੁ ਨਾਲ ਦੇਖਿਆ, ਕੀੜੇ ਦੀਆਂ ਪਿਛਲੀਆਂ ਲੱਤਾਂ ਟੁੱਟੀਆਂ ਹੋਈਆਂ ਨੇ, ਕੰਧ ਤੇ ਚੜ੍ਹਦਾ ਹੈ, ਥੋੜ੍ਹਾ ਜਿਹਾ ਚੜ੍ਹ ਜਾਂਦਾ ਹੈ ਫੇਰ ਗਿਰ ਪੈਂਦਾ ਹੈ।

ਕਹਿਣ ਲੱਗੇ, ਮਹਾਰਾਜ! ਆਪ ਅਵਤਾਰ ਹੋਂ, ਤੁਹਾਡਾ ਹੱਸਣਾ ਬੇਮਤਲਬਾ ਨਹੀਂ ਹੁੰਦਾ। ਬਹੁਤ ਗਹਿਰੀ ਗੱਲ ਹੈ ਜਿਸ ਕਰਕੇ ਤੁਸੀਂ ਹੱਸੇ ਓਂ। ਕ੍ਰਿਪਾ ਕਰਕੇ ਸਾਰੀ ਸਭਾ ਨੂੰ ਇਸ ਗੱਲ ਦੀ ਜਾਣਕਾਰੀ ਦਿਓ। ਮਾਇਆ ਸੰਕੋਚ ਲਓ ਤਾਂ ਕਿ ਸਾਨੂੰ ਪ੍ਰਤੱਖ ਰੂਪ ਵਿਚ ਦਿਸ ਜਾਵੇ। ਕਿਉਂਕਿ ਸੰਤ ਅਨੁਭਵ ਦੀ ਗੱਲ ਤਾਂ ਕਹਿ ਦਿੰਦੇ ਨੇ ਕਿ ਇਹ ਫਲਾਣੀ ਚੀਜ਼ ਸੀ, ਫਲਾਣਾ ਐਉਂ, ਫਲਾਣੈ ਏਸ ਤਰ੍ਹਾਂ। ਜਿੰਨਾਂ ਚਿਰ ਅਸੀਂ ਦੇਖਦੇ ਨਹੀਂ ਸਾਡੇ ਤੋਂ ਮੰਨ ਨਹੀਂ ਹੁੰਦਾ। ਕਹਿੰਦੇ, ਪ੍ਰਤੱਖ ਦਿਖਾ ਦਿਓ।

ਉਸ ਵੇਲੇ ਮਾਇਆ ਸੰਕੋਚ ਲਈ, ਦਿਬਜ ਦ੍ਰਿਸ਼ਟੀ ਦੇ ਦਿਤੀ, ਕੀ ਦੇਖਿਆ ਕਿ ਇਹ ਜਿਹੜਾ ਕੀੜਾ ਹੈ, ਸ੍ਰੀ ਰਾਮ ਚੰਦਰ ਜੀ ਕਹਿਣ ਲੱਗੇ ਕਿ ਗੁਰੂਦੇਵ ਅੱਜ ਤੋਂ ਪਹਿਲਾਂ ਜਦੋਂ ਤੋਂ ਸੰਸਾਰ ਬਣਿਆ ਹੈ ਇਹ ਚੌਦਾਂ ਵਾਰੀ ਇੰਦਰ ਦੇ ਤਖਤ ਤੇ ਬੈਠ ਚੁੱਕਿਆ ਹੈ। ਹੁਣ ਇਹ ਚੌਰਾਸੀ ਦੇ ਵਿਚ ਗਿਰਿਆ ਹੈ, ਚੱਕਰ ਕੱਟ ਰਿਹਾ ਹੈ ਫਟਾ ਫਟ। ਦੋ ਲੱਤਾਂ ਟੁੱਟੀਆਂ ਹੋਈਆਂ ਨੇ, ਕੰਧ ਤੇ ਚੜ੍ਹ ਨਹੀਂ ਹੁੰਦਾ, ਇਹਦੇ ਮਨ ਦੇ ਵਿਚ ਕੀ ਹੈ ਕਿ ਮੈਂ ਛੇਤੀ-ਛੇਤੀ ਜੂਨਾਂ ਪੂਰੀਆਂ ਕਰ ਲਵਾਂ ਤੇ ਮੁੜ ਕੇ ਮਨੁੱਖ ਦਾ ਜਨਮ ਧਾਰ ਕੇ, ਫੇਰ ਮੈਂ ਇਕ ਸੌ ਇਕ ਯੱਗ ਕਰਾਂ ਤੇ ਇੰਦਰ ਦੇ ਤਖਤ ਤੇ ਜਾ ਕੇ ਬੈਠਾਂ। ਕਹਿੰਦੇ ਦੇਖੋ, ਵਾਸ਼ਨਾ ਨੇ ਕਿੰਨੀ ਖਿੱਚ ਪਾਈ ਹੋਈ ਹੈ ਇਹਨੂੰ। ਐਨੇ ਜਨਮ ਇਹ ਧਾਰ ਚੁੱਕਿਆ ਹੈ, ਕੀੜਿਆਂ ਮਕੌੜਿਆਂ ਦੇ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥*
*ਅੰਗ - ੧੭੬*

ਔਰ ਇਹਦੀ ਵਾਸ਼ਨਾ ਦੇਖੋ ਕਿੰਨੀ ਗਹਿਰੀ ਚਲੀ ਗਈ। ਜੂਨੀਆਂ 'ਚ ਜਾਣ ਤੋਂ ਬਾਅਦ ਵੀ ਇਹਦੀ ਵਾਸ਼ਨਾ ਲੈਅ ਨਹੀਂ ਹੋਈ। ਉਹੀ ਜਿਹੜੇ ਭੋਗ ਨੇ ਬਾਰ-ਬਾਰ ਏਸ ਨੂੰ ਸਤਿ ਤੇ ਨਹੀਂ ਆਉਣ ਦਿੰਦੇ। ਮਨੁੱਖ ਬਣ ਜਾਂਦਾ ਹੈ ਲੇਕਿਨ ਇਸ ਨੂੰ ਸੋਝੀ ਨਹੀਂ ਹੋਣ ਦਿੰਦੇ।

***ਧਾਰਨਾ - ਇਹੋ ਤੇਰੀ ਵਾਰੀ ਹੈ ਗੋਬਿੰਦ ਮਿਲਣੇ ਦੀ।***
*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥*
*ਅੰਗ - ੧੨*

ਕਿੰਨਾ ਸਪਸ਼ਟ ਮਹਾਰਾਜ ਕਹਿ ਰਹੇ ਨੇ। ਮਾਇਆ ਦੇ ਪਿਆਰ ਵਿਚ ਪੈ ਕੇ ਸਾਰਾ ਜਨਮ ਬਿਰਥਾ ਜਾ ਰਿਹਾ ਹੈ। ਕਹਿੰਦੇ ਦੇਖੋ, ਏਸ ਮੂਰਖ ਨੂੰ ਇਹ ਨਹੀਂ ਪਤਾ, ਚੌਦਾਂ ਵਾਰੀ ਇੰਦਰ ਦੇ ਤਖਤ ਤੇ ਤਾਂ ਬੈਠ ਗਿਆ। ਇਹਦੇ ਦਿਮਾਗ 'ਚ ਨਹੀਂ ਹੈ ਕਿ ਕੋਈ ਪਦ ਐਸਾ ਨਹੀਂ ਹੈ ਜਿਥੇ ਜਾ ਕੇ ਫੇਰ ਨਾ ਗਿਰਨਾ ਪਵੇ, ਉਹ ਮੈਂ ਹਾਸਲ ਕਰਾਂ। ਪਦ ਤਾਂ ਉਹ ਹੈ ਜਿਥੇ ਜਾ ਕੇ ਫੇਰ ਗਿਰਨਾ ਨਾ ਪਵੇ, ਟਿਕ ਜਾਵੇ ਆਦਮੀ। ਇਹਦੀ ਥਾਂ ਤੇ ਪਰਮਪਦ ਪ੍ਰਾਪਤ ਕਰਨ ਵਾਸਤੇ ਐਨੀ ਮਿਹਨਤ ਕਰਦਾ ਤਾਂ ਇਹਦੇ ਜਨਮ ਮਰਨ ਦੇ ਚੱਕਰ ਮਿਟ ਜਾਣੇ ਸੀ। ਇਸ ਕਰਕੇ ਵਸ਼ਿਸ਼ਟ ਜੀ ਇਸਦੀ ਮੂਰਖਤਾ ਦੇਖ ਕੇ ਸਾਨੂੰ ਹਾਸਾ ਆ ਗਿਆ।

ਸੋ ਇਹ ਨਹੀਂ ਪਤਾ ਲਗਦਾ ਕਿ ਅਸੀਂ ਕਿਸ ਕੰਮ ਲਈ ਸੰਸਾਰ ਤੇ ਆਏ ਹਾਂ। ਇਹ ਕਿਉਂ ਹੈ? ਕਿਉਂਕਿ ਭੋਗ

ਵਾਸ਼ਨਾ ਸੀ ਉਹਦੇ ਮਨ ਦੇ ਅੰਦਰ। ਇਨ੍ਹਾਂ ਨੂੰ ਮੰਦ ਵਾਸ਼ਨਾ ਕਿਹਾ ਜਾਂਦਾ ਹੈ। ਇਕ ਸ਼ੁੱਭ ਵਾਸ਼ਨਾ ਹੈ, ਇਕ ਮੰਦ ਵਾਸ਼ਨਾ ਹੈ, ਧਨ ਪ੍ਰਾਪਤੀ ਵਾਸਤੇ ਬੇਅੰਤ ਯਤਨ ਕਰਦਾ ਹੈ, ਸਾਰਾ ਹੀ ਸੰਸਾਰ ਧਨ ਦੇ ਪਿੱਛੇ ਪਿਆ ਹੋਇਆ ਹੈ। ਕਾਨੂੰਨ ਤੋਂ ਉਲਟ ਗੱਲਾਂ ਕਰਦਾ ਹੈ, ਰਿਸ਼ਵਤਾਂ ਖਾਂਦੇ ਨੇ, ਝੂਠ ਬੋਲਦੇ ਨੇ, ਦੂਜੇ ਦੀ ਜਾਇਦਾਦ ਦੱਬਦੇ ਨੇ ਕਿ ਕਿਸੇ ਤਰ੍ਹਾਂ ਮੇਰੇ ਕੋਲ ਧਨ ਹੋ ਜਾਵੇ।

ਗੁਰੂ ਨਾਨਕ ਪਾਤਸ਼ਾਹ ਲਾਹੌਰ ਰਾਵੀ ਨਦੀ ਦੇ ਕੰਢੇ ਬੈਠੇ ਨੇ ਤੇ ਅੰਮ੍ਰਿਤ ਵੇਲਾ ਹੈ। ਓਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਇਕ ਸ਼ਬਦ ਇਸ ਤਰ੍ਹਾਂ ਦੇ ਨਾਲ ਉਚਾਰਨ ਹੁੰਦਾ ਹੈ -

***ਧਾਰਨਾ- ਰੱਬ ਲੇਖਾ ਮੰਗਦਾ ਨੀਂ,***
***ਜਿੰਦੇ ਕਰ ਭਜਨ ਹਿਸਾਬ ਮੁਕਾਈਏ।***

ਅੰਮ੍ਰਿਤ ਵੇਲਾ ਟਿਕਿਆ ਹੋਇਆ। ਭਾਈ ਮਰਦਾਨੇ ਨੇ ਰਾਗਾਂ ਦੇ ਵਿਚ ਇਹ ਗਾਇਆ। ਸੰਗਤ ਬੈਠੀ ਹੈ, ਸੁਣ ਰਹੀ ਹੈ, ਉਹਦਾ ਭਾਵ ਅਰਥ ਸਮਝ ਰਹੇ ਨੇ।

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥*

***ਅੰਗ - ੯੫੩***

ਕਈਆਂ ਨੇ ਜ਼ੁਬਾਨੀ ਯਾਦ ਕਰ ਲਿਆ ਤੇ ਇਕ ਕਿੰਗ ਵਾਲਾ, ਇਕ ਤਾਰੇ ਵਾਲਾ ਇਕ ਸੇਠ ਦੇ ਦਰਵਾਜ਼ੇ ਖੜ੍ਹਾ ਇਹੀ ਸ਼ਬਦ ਪੜ੍ਹ ਰਿਹਾ ਹੈ। ਸੇਠ ਸਮਝਦਾਰ ਸੀ, ਮਨ ਵਿਚ ਖਿਆਲ ਆਇਆ ਕਿ ਕਿਸੇ ਬਹੁਤ ਉਚੇ ਮਹਾਂਪੁਰਸ਼ ਦੀ ਬਾਣੀ ਹੈ। ਉਸਨੂੰ ਬੁਲਾ ਲਿਆ, ਬੁਲਾ ਕੇ ਕਹਿਣ ਲੱਗੇ ਕਿ ਇਹ ਜਿਹੜਾ ਤੁਸੀਂ ਪੜ੍ਹ ਰਹੇ ਓਂ, ਕਿਸ ਮਹਾਂਪੁਰਸ਼ ਦਾ ਹੈ। ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ ਦਾ ਹੈ, ਕੋਈ ਉਸਨੂੰ ਨਾਨਕ ਤਪਾ ਕਹਿੰਦਾ ਹੈ, ਕੋਈ ਗੁਰੂ ਨਾਨਕ ਕਹਿੰਦਾ ਹੈ, ਕੋਈ ਨਾਨਕ ਸ਼ਾਹ ਕਹਿੰਦਾ ਹੈ, ਮੁਸਲਮਾਨ ਨਾਨਕ ਸ਼ਾਹ ਕਹੀ ਜਾਂਦੇ ਨੇ, ਦੂਜੇ ਤਪਾ ਕਹੀ ਜਾਂਦੇ ਨੇ, ਪਿਆਰ ਵਾਲੇ ਗੁਰੂ ਨਾਨਕ ਕਹਿੰਦੇ ਨੇ। ਇਹ ਉਨ੍ਹਾਂ ਦਾ ਹੈ, ਅੰਮ੍ਰਿਤ ਵੇਲੇ ਇਥੇ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਾ ਹੈ ਭਾਈ ਮਰਦਾਨਾ। ਉਹ ਸਮਾਧੀ ਲਾ ਕੇ ਬੈਠੇ ਹੁੰਦੇ ਨੇ। ਉਥੋਂ ਹੀ ਬਚਨ ਮੈਂ ਨੋਟ ਕਰੇ ਨੇ। ਕਹਿਣ ਲੱਗੇ, ਕਦੋਂ ਕੀਰਤਨ ਹੁੰਦਾ ਹੈ? ਇਸ ਨੇ ਦੱਸਿਆ, ਕਿ ਅੰਮ੍ਰਿਤ ਵੇਲੇ ਹੁੰਦਾ ਹੈ, ਪਹਿਰ ਰਾਤ ਰਹਿੰਦੀ ਜਾਗਦੇ ਨੇ, ਫੇਰ ਇਸ਼ਨਾਨ ਕਰਦੇ ਨੇ, ਉਸ ਤੋਂ ਬਾਅਦ ਚੌਂਕੜਾ ਮਾਰ ਕੇ ਬੈਠ ਜਾਂਦੇ ਨੇ, ਅਸੀਂ ਤਾਂ ਪਹਿਲਾਂ ਹੀ ਜਾਂਦੇ ਹਾਂ, ਬੜਾ ਅਨੰਦ ਆਉਂਦਾ ਹੈ, ਨਾਮ ਜਪਦੇ ਨੇ, ਉਸ ਤੋਂ ਬਾਅਦ ਫੇਰ ਦਿਨ ਚੜ੍ਹਨ ਦੇ ਨੇੜੇ ਆ ਕੇ ਫੇਰ ਉਹ ਕੀਰਤਨ ਕਰਦੇ ਨੇ। ਵੀਚਾਰ ਦਿੰਦੇ ਨੇ, ਕੀਰਤਨ ਵੀ ਕਰਦੇ ਨੇ, ਸੋ ਬੜਾ ਅਨੰਦ ਆਉਂਦਾ ਹੈ। ਦੁਨੀਚੰਦ ਕਹਿਣ ਲੱਗਿਆ ਕਿ ਮੈਂ ਵੀ ਚੱਲਾਂਗਾ। ਉਹ ਵੀ ਚਲਿਆ ਜਾਂਦਾ ਹੈ ਤੇ ਬੜਾ ਪ੍ਰਭਾਵ ਪਿਆ ਉਸ ਦੇ ਉਤੇ, ਦੂਜੇ ਦਿਨ, ਤੀਜੇ ਦਿਨ, ਚੌਥੇ ਦਿਨ ਸ਼ਰਧਾ ਬਣ ਗਈ ਕਿ ਉਚੇ ਮਹਾਂਪੁਰਖ ਨੇ, ਇਨ੍ਹਾਂ ਦੇ ਬਚਨ ਸਾਰੇ ਹੀ ਉਚੇ ਨੇ।

ਉਸ ਵੇਲੇ ਇਹਦੇ ਪਿਤਾ ਦਾ ਸ਼ਰਾਧ ਸੀ, ਏਸ ਨੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਬੇਨਤੀ ਕਰੀ ਕਿ ਪਾਤਸ਼ਾਹ! ਮੇਰੇ ਪਿਤਾ ਜੀ ਦਾ ਸ਼ਰਾਧ ਹੈ ਕ੍ਰਿਪਾ ਕਰਕੇ ਆਪ ਚਰਨ ਪਾਓ ਤਾਂ ਕਿ ਉਨ੍ਹਾਂ ਨੂੰ ਵੀ ਕੋਈ ਫਾਇਦਾ ਪਹੁੰਚੇ। ਗੁਰੂ ਨਾਨਕ ਪਾਤਸ਼ਾਹ ਸ਼ਰਾਧਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ ਕਿ ਜੀਵ ਤਾਂ ਕਿਤੇ ਫਿਰਦਾ ਹੈ, ਸ਼ਰਾਧ ਇਥੇ ਹੋਈ ਜਾਂਦੇ ਨੇ। ਇਹ ਠੀਕ ਹੈ, ਪਹਿਲੇ ਯੁੱਗਾਂ ਦੇ ਵਿਚ ਕਰਮ ਕਾਂਡ ਦੇ ਵਿਚ ਲੋਕ ਪੂਰੇ ਸੀ, ਮਾੜੇ ਕੰਮ ਨਹੀਂ ਸੀ ਕਰਦੇ ਤਿੰਨਾਂ ਯੁੱਗਾਂ 'ਚ। ਐਵੇਂ ਕਿਤੇ ਮਾੜਾ ਮੋਟਾ ਹੋ ਗਿਆ, ਹੋ ਗਿਆ, ਨਹੀਂ ਆਪ ਨਹੀਂ ਸੀ ਕਰਦੇ। ਮਹਾਰਾਜ ਨੇ ਕਿਹਾ ਹੈ -

*ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ*
*ਸਤਜੁਗਿ ਪਰਮ ਹੰਸ ਬੀਚਾਰੀ ॥*
*ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ॥*

***ਅੰਗ - ੧੧੩੧***

ਸਤਿਜੁਗ ਦੇ ਵਿਚ ਬ੍ਰਹਮਗਿਆਨੀ ਸੀਗੇ। ਕਲਜੁਗ ਦੇ ਵਿਚ ਪ੍ਰੇਤ ਹਨ, ਤ੍ਰੇਤੇ ਅਤੇ ਦੁਆਪਰ ਦੇ ਵਿਚ ਮਨੁੱਖੀ ਪੱਧਰ ਦੇ ਸੀਗੇ। ਪਰ ਮੈਂ ਭਾਵ ਪੈਦਾ ਹੋ ਗਿਆ ਸੀ, ਉਹ ਵਿਰਲੇ-ਵਿਰਲੇ ਨੇ ਮਾਰਿਆ ਬਾਕੀਆਂ ਨੂੰ ਕਰਮ ਜਿਹੜੇ ਸੀ ਚਿੰਬੜ ਕੇ ਜੂਨਾਂ ਦੇ ਵਿਚ ਘੁੰਮਦੇ ਫਿਰਦੇ ਨੇ। ਇਥੇ ਜੰਮਣੇ ਸ਼ੁਰੂ ਹੋ ਗਏ।

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥*

***ਅੰਗ - ੫੫੬***

ਸੋ ਇਹਨੇ ਸ਼ਰਾਧ ਕਰਿਆ ਤੇ ਮਨ ਵਿਚ ਖਿਆਲ ਆਇਆ ਕਿ ਜੇ ਇਹ ਮੇਰੇ ਪਿਤਾ ਦੇ ਸ਼ਰਾਧ ਵਿਚ ਆ ਜਾਣ ਤਾਂ ਉਹ ਪਿੱਤਰ ਲੋਕ ਦੇ ਵਿਚ ਤ੍ਰਿਪਤ ਹੋ ਜਾਏਗਾ। ਇਹ ਵਹਿਮ ਹੈ ਸਾਡਾ ਪਿੱਤਰ ਲੋਕ ਵਿਚ ਸਾਰੇ ਹੀ ਨਹੀਂ ਜਾਂਦੇ। ਉਥੇ ਦੋ ਤਰ੍ਹਾਂ ਦੇ ਹੁੰਦੇ ਨੇ ਕਿ ਆਦਮੀ ਨੇਕੀ ਵੀ ਕਰਦਾ ਹੈ, ਬਦੀ ਵੀ ਕਰਦਾ ਹੈ। ਨੇਕੀ ਦਾ ਫਲ ਜੇ ਪਹਿਲਾਂ ਚਾਹੁੰਦਾ ਹੈ ਉਹ ਤੋਲਿਆ ਜਾਂਦਾ ਹੈ, ਉਸ ਤੋਂ

ਬਾਅਦ ਉਹਨੂੰ ਗੰਧਰਬ ਲੋਕ ਦੇ ਵਿਚ ਦਾਖਲਾ ਮਿਲਦਾ ਹੈ। ਸੌ ਗੁਣਾਂ ਜ਼ਿਆਦਾ ਸੁਖ ਹੈ ਇਥੇ ਨਾਲੋਂ। ਦੱਸ ਹਜ਼ਾਰ ਗੁਣਾਂ ਜ਼ਿਆਦਾ ਸੁਖ ਹੈ ਦੇਵ ਗੰਧਰਬ ਲੋਕ 'ਚ। ਉਸ ਤੋਂ ਉਚੇ ਹੋਵੋਂਗੇ, ਉਥੇ ਦਾਖਲਾ ਮਿਲਦਾ ਹੈ। ਦਸ ਲੱਖ ਗੁਣਾਂ ਸੁਖ ਹੈਗਾ ਪਿੱਤਰ ਲੋਕ 'ਚ ਇਥੇ ਨਾਲੋਂ, ਦੱਸ ਕਰੋੜ ਗੁਣਾਂ ਜ਼ਿਆਦਾ ਸੁਖ ਇਥੇ ਦੇ ਬਾਦਸ਼ਾਹ ਨਾਲੋਂ ਸਵਰਗ ਲੋਕ ਵਿਚ ਜਿਨ੍ਹਾਂ ਨੂੰ ਵਾਸਾ ਮਿਲ ਜਾਂਦਾ ਹੈ। ਇੰਦਰ ਲੋਕ 'ਚ ਜਿਹੜੇ ਜਾਂਦੇ ਨੇ ਉਨ੍ਹਾਂ ਨੂੰ 10 ਅਰਬ ਗੁਣਾ ਇਥੇ ਦੇ ਬਾਦਸ਼ਾਹ ਨਾਲੋਂ ਜ਼ਿਆਦਾ ਸੁਖ ਹੋ ਜਾਂਦਾ ਹੈ। ਇਸੇ ਤਰ੍ਹਾਂ ਬਾਕੀ ਲੋਕਾ ਦੇ ਵਿਚ ਜਿਉਂ-ਜਿਉਂ ਚੜ੍ਹਦਾ ਜਾਂਦਾ ਹੈ, ਸੁਖ ਵਧਦਾ ਜਾਂਦਾ ਹੈ। ਉਸ ਤੋਂ ਬਾਅਦ ਜਦੋਂ ਉਨ੍ਹਾਂ ਦਾ ਪੂਰਾ ਹੋ ਜਾਂਦਾ ਹੈ ਸਮਾਂ ਉਥੋਂ ਕੱਢ ਦਿਤੇ ਜਾਂਦੇ ਨੇ, ਫੇਰ ਨਰਕਾਂ ਦੀ ਵਾਰੀ ਆ ਜਾਂਦੀ ਹੈ, ਚਾਹੇ ਤਾਂ ਉਹ ਇਥੇ ਨਰਕ ਭੁਗਵਾਉਣ, ਚਾਹੇ ਉਥੇ ਹੀ ਨਰਕ ਭੋਗਵਾ ਦੇਣ। ਬਾਕੀ ਥੋੜ੍ਹਾ ਬਹੁਤ ਰੱਖ ਦਿੰਦੇ ਨੇ, ਸੋ ਇਹ ਸਾਰੇ ਜੀਵ ਪਿੱਤਰ ਲੋਕ 'ਚ ਨਹੀਂ ਜਾਂਦੇ। ਪਿੱਤਰ ਲੋਕ ਦੇ ਵਿਚ ਸ਼ਰਾਧ ਜਾਂਦੇ ਨੇ। ਕਈ ਪ੍ਰੇਮੀਆਂ ਦੇ ਮਨ ਵਿਚ ਇਹ ਖਿਆਲ ਹੁੰਦਾ ਹੈ ਕਿ ਅਸੀਂ ਅਖੰਡਪਾਠ ਕਰਾਉਂਦੇ ਹਾਂ, ਬਰਸੀਆਂ ਮਨਾਉਂਦੇ ਹਾਂ ਆਪਣੇ ਮਾਤਾ ਪਿਤਾ ਦੀਆਂ, ਕੀ ਉਨ੍ਹਾਂ ਨੂੰ ਕੋਈ ਫਾਇਦਾ ਵੀ ਹੁੰਦਾ ਹੈ? ਇਹ ਆਮ ਸਵਾਲ ਹੈ।

ਇਹਦੇ ਦੋ ਜਵਾਬ ਨੇ ਇਕ ਇਹ ਹੈ ਕਿ ਜੇ ਨਾਸਤਕ ਮਤ ਦੇ ਵਿਚ ਵਰਤੀਏ ਕਿ ਭਾਈ, ਆਪਣਾ ਕੀਤਾ ਆਪੇ ਹੀ ਮਿਲਦਾ ਹੈ। ਕਿਸੇ ਦੀ ਮਦਦ ਕਿਸੇ ਨੂੰ ਪਹੁੰਚਦੀ ਨਹੀਂ ਹੈ। ਦੂਸਰਾ ਇਹ ਹੈ ਜਿਹੜਾ facts ਦੇ ਉਤੇ ਆਧਾਰਿਤ ਹੈ, ਉਹ ਇਹ ਹੈ ਕਿ ਕੋਈ ਜੀਵ ਭੁੱਲ ਗਿਆ। ਜੇ ਉਹਦੇ ਪਿਛਲੇ ਪਹੁੰਚਾਉਣਾ ਚਾਹੁੰਦੇ ਨੇ, ਪਹੁੰਚ ਜਾਂਦਾ ਹੈ। ਕਈ ਬੰਦੇ ਕਹਿਣਗੇ ਕਿ ਬਾਣੀ ਵਿਚ ਵੀ ਕੋਈ ਹੈ? ਮਹਾਰਾਜ ਕਹਿੰਦੇ ਜਿਹੜਾ ਬੰਦਗੀ ਕਰਦਾ ਹੈ ਨਾ, ਜਿਸ ਕੁਲ ਵਿਚ ਇਕ ਭਗਤ ਹੋ ਜਾਏ, ਉਸ ਦੀ 101 ਕੁਲ ਤਰ ਜਾਂਦੀ ਹੈ। 24 ਦਾਦਕਿਆਂ ਦੀਆਂ, 20 ਨਾਨਕਿਆਂ ਦੀਆਂ, 16 ਜਿਥੇ ਵਿਆਹਿਆ ਹੋਇਆ ਹੈ, 12 ਜਿੱਥੇ ਲੜਕੀ ਵਿਆਹੀ ਹੋਈ ਹੈ, ਇਸੇ ਤਰ੍ਹਾਂ ਦੇ ਨਾਲ 11 ਜਿੱਥੇ ਮਾਸੀ ਹੈ, 8 ਜਿਥੇ ਭੂਆ ਹੈ। ਇਕ ਸੌ ਇਕ ਕੁਲ ਦਾ ਉਧਾਰ ਹੋ ਜਾਂਦਾ ਹੈ ਉਹ ਤਾਂ ਹੀ ਹੁੰਦਾ ਹੈ ਜੇ ਉਥੇ ਕੋਈ ਮਿਲਦਾ ਹੈ ਤਪ ਕਰਨ ਵਾਲਾ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਜਦੋਂ ਮਹਿਤਾ ਕਾਲੂ ਜੀ ਤੋਂ ਮਾਇਆ ਹਟਾ ਦਿਤੀ, ਦਰਗਾਹ ਦਾ ਨਕਸ਼ਾ ਦਿਖਾ ਦਿਤਾ, ਉਥੇ ਕੀ ਦੇਖਦੇ ਨੇ, ਉਨ੍ਹਾਂ ਦਾ ਪਿਤਾ, ਪਿਤਾ ਦਾ ਪਿਤਾ, ਉਹਦੇ ਪਿਤਾ, ਰਿਸ਼ਤੇਦਾਰ, ਸਾਰਾ ਧੰਨ-ਧੰਨ ਕਰ ਰਹੇ ਨੇ। ਕਹਿੰਦੇ, ਕਾਲੂ ਜੀ ਤੁਸੀਂ ਤਾਂ ਬਹੁਤ ਭਾਗਾਂ ਵਾਲੇ ਓਂ, ਗੁਰੂ ਨਾਨਕ ਏਸ ਕੁਲ 'ਚ ਹੋਇਆ ਹਜ਼ਾਰ੍ਹਾਂ ਕੁਲਾਂ ਦਾ ਉਧਾਰ ਹੋ ਗਿਆ, ਜਿਹੜੀਆਂ ਲੰਘ ਚੁੱਕੀਆਂ ਸੀ। ਇਸ ਤੋਂ ਬਾਅਦ ਜਿਹੜਾ ਗਲਤ ਕੰਮ ਕਰਦਾ ਹੈ, ਉਹਦਾ ਵੀ ਅਸਰ ਉਨ੍ਹਾਂ ਕੁਲਾਂ ਤੇ ਪੈਂਦਾ ਹੈ, ਸ਼ਰਾਬ ਪੀਣ ਵਾਲਾ ਸੱਤ ਕੁਲਾਂ ਦਾ ਨਾਸ਼ ਕਰ ਦਿੰਦਾ ਹੈ। ਆਪਣਾ, ਤਿੰਨ ਆਉਣ ਵਾਲੀਆਂ ਦਾ ਤੇ ਤਿੰਨ ਬਾਪ, ਦਾਦਾ ਤੇ ਪੜਦਾਦਾ। ਭੰਗ ਜਿਹੜੀ ਹੈ ਇਕ ਕੁਲ ਦਾ ਉਸੇ ਦਾ ਨਾਸ਼ ਕਰਦੀ ਹੈ। ਤਮਾਕੂ 100 ਕੁਲ ਦਾ ਨਾਸ਼ ਕਰ ਦਿੰਦਾ ਹੈ। ਜੇ ਨਿੰਦਕ ਪੁੱਤਰ ਆ ਗਿਆ ਤਾਂ ਕੁਲਾਂ ਦੀ ਕੋਈ ਗਿਣਤੀ ਮਿਣਤੀ ਨਹੀਂ ਰਹਿੰਦੀ ਨਾਸ਼ ਹੋਣ ਦੀ। ਏਸੇ ਵਾਸਤੇ ਮਹਾਰਾਜ ਏਸ ਜੀਵ ਨੂੰ ਵੀ ਉਲਾਂਭਾ ਦਿੰਦੇ ਨੇ। ਮਾਤਾ ਨੂੰ ਵੀ ਉਲਾਂਭਾ ਦਿੰਦੇ ਨੇ। ਮਾਤਾ ਨੂੰ ਬੜੀ ਸਖਤ ਸਜ਼ਾ ਦਿੰਦੇ ਨੇ। ਐਉਂ ਪੜ੍ਹ ਲਓ ਸਾਰੇ -

ਧਾਰਨਾ - ਜੇ ਤੈਂ ਭਗਤ ਪੁੱਤਰ ਨਹੀਂ ਸੀ ਜੰਮਣਾ, ਵਿਧਵਾ ਹੋ ਜਾਂਦੀ।

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥੧॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥*

***ਅੰਗ - ੩੨੮***

ਕਿੱਡੀ ਵੱਡੀ ਗੱਲ ਮਹਾਰਾਜ ਜੀ ਨੇ ਕਹਿ ਦਿਤੀ ਕਿ ਜੇ ਭਗਤ ਪੁੱਤਰ ਨਹੀਂ ਸੀ ਪੈਦਾ ਕਰਨਾ ਤਾਂ ਵਿਧਵਾ ਹੋ ਜਾਂਦੀ। ਕਿਉਂ? ਸ਼ਰਾਬੀ ਪੁੱਤਰ ਆ ਗਿਆ ਘਰ 'ਚ। ਉਸਨੇ ਸੱਤ ਕੁਲਾਂ ਦਾ ਨਾਸ਼ ਕਰ ਦਿਤਾ ਤੇ ਤਮਾਕੂ ਪੀਣ ਵਾਲਾ ਆ ਗਿਆ ਸੌ ਕੁਲ ਦਾ ਨਾਸ਼ ਕਰ ਦਿੰਦਾ। ਨਿੰਦਾ ਵਾਲੇ ਦਾ ਤਾਂ ਕੋਈ ਹਿਸਾਬ ਕਿਤਾਬ ਨਹੀਂ, ਉਹਨੂੰ ਤਾਂ ਸਿੱਧਾ ਮਹਾਰਾਜ ਇਹ ਕਹਿੰਦੇ ਨੇ -

***ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਓਏ, ਕਾਹਨੂੰ ਜੰਮਣਾ।***

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ ॥* ***ਅੰਗ - ੪੫੦***

ਕੀ ਫਾਇਦਾ ਹੈ ਜੇ ਨਾਮ ਨਹੀਂ ਸੀ ਜਪਣਾ। ਨਾਮ ਇਥੇ ਵੀ ਸਹਾਇਤਾ ਕਰਦਾ ਹੈ ਤੇ ਦਰਗਾਹ ਵਿਚ ਵੀ ਕਰਦਾ ਹੈ।

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।***

ਇਹ ਨਹੀਂ ਕਿ ਅਸੀਂ ਹੀ ਉਨ੍ਹਾਂ ਦੀ ਮਦਦ ਕਰਦੇ ਹਾਂ, ਉਹ ਵੀ ਸਾਡੀ ਮਦਦ ਕਰਦੇ ਨੇ ਜਿਹੜੇ ਚਲੇ ਜਾਂਦੇ ਨੇ ਸਾਡਾ ਮਾਂ-ਬਾਪ, ਦਾਦੇ-ਪੜਦਾਦੇ। ਸਵਰਗ ਲੋਕਾਂ 'ਚੋਂ ਦਇਆ ਦ੍ਰਿਸ਼ਟੀ ਰਖਦੇ ਨੇ, ਮਦਦ ਹੋ ਜਾਂਦੀ ਹੈ। ਪਰ ਜੇ ਓਲਾਦ ਗਲਤ ਹੋ ਜਾਵੇ, ਬੱਚਾ ਗਲਤ ਹੋ ਜਾਵੇ ਫੇਰ ਉਹ ਬੇਦਾਵਾ ਦੇ ਦਿੰਦੇ ਨੇ। ਦੇਵਤਾ ਲੋਕ ਵੀ ਛੱਡ ਦਿੰਦੇ ਨੇ।

***ਪਾਣੀ ਤਾ ਕੇ ਹਾਥ ਮਦਰਾ ਸਮ ਅਘਦਾਇ।***

ਜੇ ਉਹਦੇ ਹੱਥ ਦਾ ਪਾਣੀ ਪੀ ਲਓ ਜਿਹੋ ਜਿਹੀ ਸ਼ਰਾਬ ਪੀ ਲਈ, ਜਿਹੋ ਉਹਦੇ ਹੱਥ ਦਾ ਪਾਣੀ ਪੀ ਲਿਆ। ਫੇਰ ਅੱਗੇ ਪੁੱਛਿਆ ਕਿ ਸ਼ਰਾਬ ਦਾ ਦੋਸ਼ ਕੀ ਹੈ? ਕਹਿੰਦੇ –

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***

ਸੱਤ ਕੁਲਾਂ ਦਾ ਨਾਸ਼ ਕਰਦੀ ਹੈ। ਉਹ ਕਿਸੇ ਦਾ ਮਿਤਰ ਹੀ ਨਹੀਂ ਹੁੰਦਾ, ਉਹ ਪਿਉ ਨੂੰ ਵੀ ਖੱਡੇ 'ਚ ਸੁੱਟੇਗਾ, ਦਾਦੇ ਨੂੰ ਵੀ, ਪੜਦਾਦੇ ਨੂੰ ਵੀ। ਆਪਣੇ ਪੁੱਤਰ ਨੂੰ ਵੀ, ਪੋਤੇ ਨੂੰ, ਪੜੋਤੇ ਨੂੰ ਵੀ। ਐਨੀ ਮਾੜੀ ਹੈ ਜਿਹੜੇ ਸਾਡੇ ਬੋਤਲਾਂ ਲੈ-ਲੈ ਕੇ ਪੀਈ ਜਾਂਦੇ ਨੇ ਸਿੰਘ। ਨਾਲੇ ਫੇਰ ਸਿੰਘ ਦੇ ਸਿੰਘ ਬਣੇ ਫਿਰਦੇ ਨੇ। ਨੀਲਾ ਸਾਫਾ ਬੰਨ੍ਹਿਆ ਹੋਇਆ, ਮੇਰੇ ਕੋਲ ਆਏ ਜੀ। ਮੈਂ ਕਿਹਾ, ਜਾਂ ਤਾਂ ਨੀਲੇ ਸਾਫੇ ਲਾਹ ਦਿਓ। ਸਾਨੂੰ ਪੈਂਦਾ ਹੈ ਭੁਲੇਖਾ ਕਿ ਤੁਸੀਂ ਸਿੰਘ ਓਂ, ਅਜੇ ਸਾਡੇ ਮਨਾਂ 'ਚ ਸਤਿਕਾਰ ਹੈ ਵਰਦੀ ਦਾ ਕਿ ਨੀਲਾ ਸਾਫਾ ਬੰਨ੍ਹਿਆ ਹੈ, ਕਿਰਪਾਨ ਪਾਈ ਹੋਈ ਹੈ, ਸਿੰਘ ਹੈ ਬਹੁਤ ਸੋਹਣਾ। ਜੀਅ ਕਰਦਾ ਹੈ ਕਿ ਇਹਦਾ ਆਦਰ ਸਤਿਕਾਰ ਕਰੀਏ। ਪਰ ਉਪਰੋਂ ਤਾਂ ਇਹ ਹੈਗਾ ਬੁਰਕਾ ਸ਼ੇਰ ਦਾ ਤੇ ਅੰਦਰੋਂ ਤਾਂ ਗਧੇ ਹੋਂ। ਛੱਡ ਦਿਓ ਇਹਨੂੰ, ਨਾ ਪੀਆ ਕਰੋ। ਸਿੰਘ ਨੂੰ ਤਾਂ ਸ਼ਰਾਬ ਦੇ ਨੇੜੇ ਜਾਣਾ ਹੀ ਚਾਹੀਦਾ, ਅੰਮ੍ਰਿਤ ਦੀ ਘੁੱਟ ਇਹਦੇ ਅੰਦਰ ਗਈ ਹੋਈ ਹੈ। ਸਭ ਤੋਂ ਕੀਮਤੀ ਚੀਜ਼ ਇਹਨੂੰ ਮਿਲੀ ਹੋਈ ਹੈ, ਫੇਰ ਉਹਨੂੰ ਗੁਆ ਦਿੰਦਾ।

ਸੋ ਇਸ ਤਰ੍ਹਾਂ ਦੋਵੇਂ ਪਾਸੇ ਹੀ ਸਾਧਸੰਗਤ ਜੀ! ਓਧਰੋਂ ਵੀ ਰਿਆਇਤ ਆਉਂਦੀ ਹੈ, ਸਾਡੇ ਵਲੋਂ ਵੀ ਉਨ੍ਹਾਂ ਦੀ ਮਦਦ ਹੁੰਦੀ ਹੈ, ਫੇਰ ਤਾਂ ਪਾਠ ਵਗੈਰਾ ਕਰਾਉਣੇ ਸਭ ਖਤਮ ਹੋ ਜਾਣ।

ਮੈਂ ਤੁਹਾਨੂੰ ਦਸਦਾ ਹਾਂ ਕਿ ਧਮੋਟ ਦੇ ਸੈਂਕੜੇ ਬਿਰਧ ਮੈਨੂੰ ਕਹਿੰਦੇ ਸੀ ਕਿ ਅਸੀਂ ਬੜੇ ਦੁਖੀ ਹਾਂ। ਪੰਦਰਾਂ ਅਖੰਡਪਾਠ ਮੈਂ ਕਰਾ ਦਿਤੇ, ਸਾਡੇ ਪਿਤਾ ਜੀ ਸੀ ਉਹ ਨਾਮ ਜਪਣ ਵਾਲੇ ਸੀ, ਬਾਬਾ ਵੀ ਚੰਗਾ ਸੀ ਉਹਦਾ ਵੀ ਕਰਾਇਆ, ਕਿਉਂਕਿ ਉਹ ਮੈਨੂੰ ਦਿਸਦਾ ਰਹਿੰਦਾ ਸੀ। ਪੜਦਾਦਾ, ਨਕੜਦਾਦਾ ਸਭ ਦੇ ਕਰਾਏ। ਉਹ ਸਾਰੀਆਂ ਰੂਹਾਂ ਸ਼ਾਂਤ ਹੋ ਗਈਆਂ। ਫੇਰ ਦੂਜੀਆਂ ਆਉਣ ਲੱਗ ਗਈਆਂ। ਮੈਂ ਕਿਹਾ ਐਉਂ ਤਾਂ ਨਹੀਂ ਹੋਣਾ, ਚਲੋ ਉਥੇ ਦੀਵਾਨ ਲਾ ਕੇ, ਉਹਦਾ ਪੁੰਨ ਉਨ੍ਹਾਂ ਨੂੰ ਦੇ ਦਿਓ।

ਧਮੋਟ ਦੀਵਾਨ ਆਪਣੇ ਖਰਚ ਤੇ ਸਿੰਘਾਂ ਨੇ ਆਪੇ ਹੀ ਲਾਏ। ਉਥੇ ਜਾਣਦੇ ਨਹੀਂ ਸੀ ਲੋਕ, ਕਿਉਂਕਿ ਮੈਂ 50 ਸਾਲ ਦਾ ਉਥੋਂ ਆਇਆ ਹੋਇਆ ਸੀ, ਦੋ ਪੁਸ਼ਤਾਂ ਲੰਘ ਗਈਆਂ ਸੀ, ਤੀਸਰੀ ਚੱਲ ਰਹੀ ਹੈ, ਭੁੱਲ ਭੱਲ ਜਾਂਦੇ ਨੇ। ਦੇਖਦੇ ਸੀ ਕਿ ਦੀਵਾਨ ਲਾ ਰਿਹਾ ਹੈ ਕੋਈ। ਉਹਦੀ ਅਰਦਾਸ ਕਰਾਈ ਕਿ ਸੱਚੇ ਪਾਤਸ਼ਾਹ! ਇਹ ਜਿਹੜਾ ਕੀਰਤਨ ਦਾ ਫਲ ਹੈ ਇਹ ਉਨ੍ਹਾਂ ਅਵਗੱਤ ਰੂਹਾਂ ਨੂੰ ਜਾਵੇ, ਜਿਹੜੇ ਭਟਕਦੇ ਫਿਰਦੇ ਨੇ। ਬਹੁਤ ਫਾਇਦਾ ਹੋ ਗਿਆ, ਫੇਰ ਵੀ ਮੈਨੂੰ ਟਾਵੇਂ-ਟਾਵੇਂ ਫੇਰ ਦਿਖੀ ਜਾਣ। ਜਿਨ੍ਹਾਂ ਨੂੰ ਮੈਂ ਜਾਣਦਾ ਵੀ ਨਹੀਂ ਸੀ, ਕਹਿੰਦੇ ਅਸੀਂ ਬਹੁਤ ਔਖੇ ਹਾਂ। ਦੂਸਰੇ ਸਾਲ ਮੈਂ ਫੇਰ ਕਰਾਇਆ, ਫੇਰ ਉਹਦਾ ਫਲ ਉਨ੍ਹਾਂ ਨੂੰ ਪਹੁੰਚਾਇਆ, ਫੇਰ ਮੈਂ ਕਿਹਾ ਕਿ ਮੈਂ ਹੁਣ ਦੀਵਾਨ ਆਪ ਨਹੀਂ ਲਾਉਣੇ, ਤੁਸੀਂ ਲਵਾਓਂਗੇ ਅਸੀਂ ਲਾ ਦੇਵਾਂਗੇ। ਮੇਰਾ ਕੰਮ ਐਨਾ ਹੀ ਸੀ, ਉਹ ਪੂਰਾ ਹੋ ਗਿਆ, ਮੈਂ ਨਹੀਂ ਹੁਣ ਆਉਣਾ। ਸ਼ਾਂਤੀ ਆ ਗਈ। ਮੈਨੂੰ ਦਿਸਣ ਤੋਂ ਸਾਰੇ ਹੀ ਹਟ ਗਏ।

ਸੋ ਇਹ ਜਿਹੜੇ ਪੁੰਨ ਕਰਮ ਹੁੰਦੇ ਨੇ ਇਥੋਂ ਉਨ੍ਹਾਂ ਦੀ ਮਦਦ ਕਰਦੇ ਨੇ, ਪ੍ਰਤੱਖ ਦੇ ਵਿਚ ਮੈਂ ਦੇਖਿਆ ਹੈ। ਆਹ ਕਿੰਨੀਆਂ ਅਵਗਤ ਰੂਹਾਂ ਸਾਡੇ ਕੋਲ ਆਈਆਂ ਨੇ। ਬੜਾ ਦੁਖੀ ਕਰਿਆ ਇਕ ਨੇ, ਤਿੰਨ ਪੋਤੇ ਮਾਰ ਦਿਤੇ, ਮੈਂ ਕਿਹਾ, ਮਾਈ ਤੇਰਾ ਪਾਠ ਕਰਾਉਂਦੇ ਹਾਂ ਤੇਰੇ ਨਮਿਤ, ਤੈਨੂੰ ਪੁੰਨ ਭੇਜ ਕੇ ਪ੍ਰੇਤ ਦੇ ਸਰੀਰ 'ਚੋਂ ਕਢਾਉਂਦੇ ਹਾਂ। ਪ੍ਰੇਤ ਦਾ ਸਰੀਰ ਉਹਦਾ ਸ਼ਾਂਤ ਹੋ ਗਿਆ। ਇਧਰਲੇ ਪਾਸੇ ਤਿੰਨ ਬੱਚੇ ਹੋ ਗਏ। ਪਹਿਲਾਂ ਜਿਹੜਾ ਹੋਵੇ, ਉਹਨੂੰ ਮਾਰ ਦਿੰਦੀ ਸੀ।

ਸੋ ਸਰਾਧ ਕਰਾਇਆ ਕਰਦਾ ਸੀ ਦੁਨੀਚੰਦ। ਹੁਣ ਸਰਾਧ ਜੇ ਤਾਂ ਉਹ ਕਾਉਂ ਬਣਿਆ ਹੋਵੇ, ਤਾਂ, ਤਾਂ ਕਾਵਾਂ ਨੂੰ ਖਿਲਾਉਂਦੇ ਨੇ ਜ਼ਰੂਰ ਇਹ। 'ਕਊਆ ਕੂਕਰ ਖਾਏ'। ਪਰ ਇਹ ਨਹੀਂ ਸੀ ਪਤਾ ਕਿ ਉਹਦੀ ਮਦਦ ਹੁੰਦੀ ਹੈ ਕਿ ਨਹੀਂ ਹੁੰਦੀ। ਸੋ ਮਹਾਰਾਜ ਕਹਿਣ ਲੱਗੇ, ਚੰਗਾ ਦੁਨੀਚੰਦ ਅਸੀਂ ਆਵਾਂਗੇ, ਜ਼ਰੂਰ ਆਵਾਂਗੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਜਾਂਦੇ ਨੇ, ਸ਼ਰਾਧ ਹੋਇਆ। ਪੂਰੀ ਵਿਧੀ ਨਾਲ ਪੜ੍ਹਿਆ ਗਿਆ, ਸਲੋਕ ਪੜ੍ਹੇ, ਵੇਦਾਂ ਦੀਆਂ ਰੀਚਾਂ ਪੜ੍ਹੀਆਂ, ਪੂਰੀ ਮਰਿਆਦਾ ਨਾਲ ਕਰਿਆ। ਸਭ ਛਕ ਹਟੇ ਤੇ ਕਹਿਣ ਲੱਗਿਆ ਕਿ ਗੁਰੂ ਨਾਨਕ ਸਾਹਿਬ ਨੇ ਪ੍ਰਸ਼ਾਦਾ ਨਹੀਂ ਛਕਿਆ। ਮਹਾਰਾਜ ਕੋਲ

ਲੈ ਆਏ ਥਾਲ।

ਮਹਾਰਾਜ ਕਹਿੰਦੇ, ਪ੍ਰੇਮੀਆ! ਕਾਹਦੇ ਨਮਿਤ ਕਰਾਇਆ ਹੈ ਸ਼ਰਾਧ?

ਕਹਿੰਦਾ ਜੀ ਆਪਣੇ ਪਿਤਾ ਦੇ ਨਮਿਤ।

ਕਹਿੰਦੇ, ਉਹਨੂੰ ਮਿਲ ਗਿਆ? ਕਿੰਨਵਾਂ ਸ਼ਰਾਧ ਹੈ?

ਕਹਿੰਦਾ, ਜੀ! ਦੋ ਤਿੰਨ ਪਹਿਲਾਂ ਕਰਾ ਚੁੱਕਿਆ।

ਕਹਿੰਦੇ, ਉਹਨੂੰ ਮਿਲ ਜਾਂਦਾ ਹੈ?

ਕਹਿੰਦਾ, ਜੀ ਕਹਿੰਦੇ ਤਾਂ ਹੈਂ ਕਿ ਮਿਲ ਜਾਂਦਾ ਹੈ। ਮੇਰੇ ਕੋਲ ਤਾਂ ਉਹ ਅੱਖ ਨਹੀਂ ਜਿਹਦੇ ਨਾਲ ਮੈਂ ਦੇਖ ਲਵਾਂ।

ਮਹਾਰਾਜ ਜੀ, ਹੱਸ ਪਏ ਕਹਿਣ ਲੱਗੇ ਕਿ ਉਹਨੂੰ ਤਾਂ ਅੱਜ ਤੱਕ ਕੁਛ ਨਹੀਂ ਗਿਆ ਤੇਰਾ ਦਿਤਾ ਹੋਇਆ। ਤੂੰ ਲੱਖਾਂ ਰੁਪਏ ਖਰਚ ਦਿੰਦਾ ਹੈਂ, ਉਹਨੂੰ ਕੁਛ ਨਹੀਂ ਜਾ ਰਿਹਾ। ਕਿਉਂਕਿ ਇਨ੍ਹਾਂ 'ਚ ਅਭਿਆਗਤ ਕੋਈ ਨਹੀਂ ਹੈ।

***ਅਭਿਆਗਤ ਏਹਿ ਨ ਆਖੀਅਨਿ***
***ਜਿਨ ਕੇ ਚਿਤ ਮਹਿ ਭਰਮੁ ॥ ਅੰਗ - ੯੪੯***

ਜਿਹਦੇ ਚਿੱਤ ਵਿਚ ਭਰਮ ਹੈ। ਇਹ ਭਰਮ ਕੀ ਹੁੰਦਾ ਹੈ, ਇਹ ਸਾਰਾ ਸੰਸਾਰ ਵਾਹਿਗੁਰੂ ਆਪ ਹੀ ਹੈ। ਭਰਮ ਕਰਕੇ ਸਾਨੂੰ ਇਹ ਅੱਡ ਲਗਦਾ ਹੈ। ਅਸੀਂ ਇਹਦੇ ਵਿਚ ਹਾਂ। ਪੰਜ ਭਰਮ ਹੋਇਆ ਕਰਦੇ ਨੇ। ਜਿਹਦੇ ਚਿੱਤ ਵਿਚ ਭਰਮ ਨੇ ਉਹਦਾ ਦਾਨ ਨਹੀਂ ਲਗਦਾ ਕੀਤਾ ਹੋਇਆ। ਜਿਹੜੇ ਅਭਿਆਗਤ ਨੇ ਹਰ ਵਕਤ ਵਾਹਿਗੁਰੂ ਦੇ ਗਿਆਨ ਵਿਚ ਰਹਿੰਦੇ ਨੇ, ਉਨ੍ਹਾਂ ਨੂੰ ਚਾਹੇ ਇਕ ਬੁਰਕੀ ਛਕਾ ਦਿਓ, ਉਹਦਾ ਹਜ਼ਾਰਾਂ ਗੁਣੰ ਦਾਨ ਉਥੇ ਲੱਗੇਗਾ। ਉਹਨੂੰ ਦਿਤਾ ਹੋਇਆ ਵੀ ਲਗਦਾ ਹੈ।

ਮਹਾਰਾਜ ਕਹਿੰਦੇ ਦੁਨੀਚੰਦ! ਇਹ ਰਸਮੀ ਲੋਕ ਨੇ। ਰਸਮਾਂ ਦੇ ਵਿਚ ਨੇ, ਪਰ ਇਨ੍ਹਾਂ ਦੇ ਰਾਹੀਂ ਤੇਰੇ ਪਿਤਾ ਤਕ ਪਹੁੰਚ ਨਹੀਂ ਸਕਦਾ।

ਸੱਚੇ ਪਾਤਸ਼ਾਹ! ਫੇਰ ਸਭ ਐਵੇਂ ਹੀ ਗਿਆ?

ਕਹਿੰਦੇ, ਹਾਂ ਸਭ ਐਵੇਂ ਹੀ ਗਿਆ।

ਕਹਿੰਦੇ, ਅਸੀਂ ਤਾਂ ਤੇਰੇ ਪਿਤਾ ਨੂੰ ਛਕਾ ਕੇ ਫੇਰ ਛਕਾਂਗੇ। ਆਹ ਥਾਲ ਜਿਹੜਾ ਸਾਨੂੰ ਲਿਆਂਦਾ ਹੈ ਇਹ ਲੈ ਜਾ ਪ੍ਰਸ਼ਾਦ। ਚਾਰ ਕੋਹ ਚਲਿਆ ਜਾਹ, ਰਾਵੀ ਦੇ ਕੰਢੇ ਜਿਧਰ ਨੂੰ ਪਾਣੀ ਜਾਂਦਾ ਹੈ, ਅੱਗੇ ਇਕ ਸੰਘਣਾ ਜੰਗਲ ਆਏਗਾ, ਇਕ ਝੁੰਡ ਸੰਘਣੇ ਦਰਖਤਾਂ ਦਾ ਉਥੇ ਤੇਰਾ ਪਿਤਾ ਪਿਆ ਹੈ ਅਤੇ ਭੁੱਖਾ ਹੈ ਸੱਤ ਦਿਨਾਂ ਦਾ। ਕੋਈ ਸ਼ਿਕਾਰ ਨਹੀਂ ਮਿਲਿਆ ਉਹਨੂੰ।

ਕਹਿੰਦਾ ਜੀ, ਉਹ ਕੀ ਹੈ?

ਕਹਿੰਦੇ, ਬਘਿਆੜ। ਡਰੀਂ ਨਾ।

ਉਥੇ ਚਲਿਆ ਗਿਆ। ਜਾ ਕੇ ਦੇਖਿਆ, ਬਘਿਆੜ, ਅਧਮੋਇਆ ਜਿਹਾ ਭੁੱਖਾ ਪਿਆ ਹੈ। ਉਠਿਆ, ਉਠ ਕੇ ਆਪਣਾ ਪਿੰਡਾ ਝਾੜਿਆ, ਉਸ ਤੋਂ ਬਾਅਦ ਦੁਨੀਚੰਦ ਵਲ ਨੂੰ ਆਗਿਆ, ਕੁਛ ਇਹ ਵਧ ਗਿਆ। ਇਹਨੇ ਉਸ ਵੇਲੇ ਪ੍ਰਸ਼ਾਦ ਜਿਹੜਾ ਮਹਾਰਾਜ ਜੀ ਦਾ ਸੀਗਾ ਦ੍ਰਿਸ਼ਟੀ ਪਾਈ ਹੋਈ, ਦ੍ਰਿਸ਼ਟੀ ਭੋਗ ਲੱਗਿਆ ਹੋਇਆ ਉਹ ਪ੍ਰਸ਼ਾਦ ਅੱਗੇ ਰੱਖ ਦਿਤਾ। ਉਹਨੇ ਜਦੋਂ ਛਕਿਆ, ਉਹਦਾ ਜਿਹੜਾ ਬਘਿਆੜ ਦਾ ਸਰੀਰ ਸੀ ਉਹ ਤਾਂ ਗਿਰ ਗਿਆ ਉਥੇ ਹੀ ਤੇ ਉਹਦੇ ਵਿਚੋਂ ਇਕ ਦੇਵ ਦੇਹ ਨਿਕਲੀ, ਚਿੱਟੇ ਰੰਗ ਦੀ। ਇਹ ਪਛਾਣ ਗਿਆ ਕਿ ਇਹ ਤਾਂ ਮੇਰਾ ਪਿਤਾ ਹੈ। ਕਹਿਣ ਲੱਗਿਆ, ਪਿਤਾ ਜੀ! ਆਹ ਕੀ ਗੱਲ? ਮੈਂ ਸ਼ਰਾਧ ਕਰਦਾ ਸੀ ਕੀ ਤੁਹਾਡੇ ਕੋਲ ਪਹੁੰਚਦੇ ਸੀ? ਕਹਿੰਦਾ, ਨਾ ਪੁੱਤਰ! ਮੇਰੇ ਕੋਲ ਤਾਂ ਕਦੇ ਵੀ ਨਹੀਂ ਪਹੁੰਚੇ। ਮੈਂ ਤਾਂ ਹੁਣ ਵੀ ਸੱਤ ਦਿਨਾਂ ਦਾ ਭੁੱਖਾ ਹਾਂ। ਕਹਿਣ ਲੱਗਿਆ, ਕੀ ਗੱਲ ਹੋਈ? ਕਹਿੰਦਾ, ਦੇਖ ਜਿਹੜੇ ਤੁਹਾਡੇ ਘਰ ਆਏ ਨੇ ਨਾ, ਗੁਰੂ ਨਾਨਕ ਸਾਹਿਬ ਨੇ ਉਹ। ਉਹ ਦੀਨ ਦੁਨੀਆਂ ਦੇ ਪਾਤਸ਼ਾਹ ਨੇ। ਕਰੋੜਾਂ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਨੇ। ਕਹਿੰਦਾ, ਤੁਹਾਨੂੰ ਕਿਵੇਂ ਪਤਾ ਹੈ? ਕਹਿੰਦਾ ਮੈਨੂੰ ਗਿਆਨ ਆ ਰਿਹਾ ਹੈ, ਉਤੋਂ ਆ ਰਹੀਆਂ ਨੇ ਗੱਲਾਂ, ਜਿਹੜੀਆਂ ਮੈਂ ਤੈਨੂੰ ਦੱਸ ਰਿਹਾ ਹਾਂ। ਉਨ੍ਹਾਂ ਤੋਂ ਆਪਣਾ ਉਧਾਰ ਕਰਾ ਲੈ। ਮੇਰੇ ਵਾਂਗੂੰ ਨਾ ਰੁਲੀਂ।

ਕਹਿੰਦਾ, ਤੁਸੀਂ ਇਸ ਤਰ੍ਹਾਂ ਕਿਉਂ ਹੋਏ?

ਕਹਿੰਦਾ, ਮੈਂ ਤਾਂ ਹੋਇਆ ਜਦੋਂ ਮੇਰੇ ਪ੍ਰਾਣ ਨਿਕਲ ਰਹੇ ਸੀ, ਪੜੌਸ ਦੇ ਵਿਚ ਕੋਈ ਮਾਸ ਨੂੰ ਰਾੜ੍ਹਾ ਲਾ ਰਿਹਾ ਸੀ, ਉਹਦੀ ਜਦੋਂ ਮੈਨੂੰ ਮੁਸਕ ਆਈ, ਮਾਸ ਵਿਚ ਮੇਰੀ ਸੁਰਤੀ ਚਲੀ ਗਈ ਤੇ ਮੈਂ ਬਘਿਆੜ ਬਣ ਗਿਆ। ਸੋ ਜਿਹੋ ਜਿਹੀ ਵਾਸ਼ਨਾ ਉਹੋ ਜਿਹਾ ਅੱਗੋਂ ਸਰੀਰ ਮਿਲਦਾ ਹੈ। ਕਹਿਣ ਲੱਗਿਆ ਕਿ ਮੈਨੂੰ ਸਰੀਰ ਇਹ ਮਿਲ ਗਿਆ ਕਿਉਂਕਿ ਮੇਰੀ ਅੰਤ ਵਾਸ਼ਨਾ ਚੰਗੀ ਨਹੀਂ ਸੀ।

ਬੰਦਾ ਬਹਾਦਰ ਦੇ ਕੋਲ ਜਦੋਂ ਗੁਰੂ ਸਾਹਿਬ ਗਏ ਨੇ, ਸਾਰਾ ਕੁਛ ਹੋ ਹਟਿਆ। ਚਰਨਾਂ ਤੇ ਢਹਿ ਪਿਆ।

ਮਹਾਰਾਜ ਕਹਿੰਦੇ, ਤੇਰੇ ਗੁਰੂ ਦਾ ਕੀ ਨਾਉਂ ਸੀ?

ਕਹਿੰਦਾ, ਅਗੜਨਾਥ।

ਕਹਿੰਦੇ, ਕਿੱਥੇ ਨੇ ਉਹ?

ਕਹਿੰਦਾ, ਜੀ ਉਹ ਤਾਂ ਬੈਕੁੰਠ ਧਾਮ 'ਚ ਚਲੇ ਗਏ।

ਮਹਾਰਾਜ ਜੀ ਮੁਸਕਰਾ ਪਏ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਗਏ ਨਹੀਂ ਹਨ ਉਥੇ?

ਕਹਿੰਦੇ, ਨਾ ਉਥੇ ਨਹੀਂ ਗਏ।

ਕਹਿੰਦਾ, ਫੇਰ ਕਿੱਥੇ ਨੇ ਉਹ, ਉਹ ਤਾਂ ਬੜੀ ਕਰਨੀ ਕਮਾਈ ਵਾਲੇ ਸੀ।

ਕਹਿੰਦੇ ਉਹ ਬਿੱਲ ਲੱਗਿਆ ਹੋਇਆ ਹੈ ਨਾ ਉਹਦੇ ਵਿਚ ਕੀੜਾ ਬਣ ਕੇ ਬੈਠਾ ਹੈ।

ਦੇਖੋ! ਗਤੀ ਕਿਹੋ ਜਿਹੀ ਹੁੰਦੀ ਹੈ।

ਬਿੱਲ ਤੋੜਿਆ, ਭੰਨਿਆ ਵਿਚੋਂ ਨਿਕਲ ਆਇਆ। ਚਿਰੜ-ਚਿਰੜ ਕਰਦਾ ਹੈ। ਮਹਾਰਾਜ ਕਹਿੰਦੇ, ਇਹਦੀ ਬੋਲੀ ਤੈਨੂੰ ਸਮਝ 'ਚ ਨਹੀਂ ਆਉਂਦੀ?

ਕਹਿੰਦਾ, ਨਾ ਮਹਾਰਾਜ।

ਕਿਉਂਕਿ ਸਾਧਸੰਗਤ ਜੀ! ਪਿਛਲੇ ਜੁਗਾਂ ਦੇ ਅੰਦਰ ਸਾਡੇ ਅੰਦਰ ਟੈਲੀਪੈਥੀ ਸਮਝਣ ਦੀ ਤੇ ਭੇਜਣ ਦੀ ਪੂਰੀ ਸ਼ਕਤੀ ਸੀ। ਕਿਉਂਕਿ ਮਨ ਇਕਾਗਰ ਹੋਇਆ ਕਰਦੇ ਸੀ। ਕੁੱਤਿਆਂ ਦੀ, ਬਿਲਿਆਂ ਦੀ, ਸੱਪਾਂ ਦੀ, ਜਾਨਵਰਾਂ ਦੀ ਪੰਛੀਆਂ ਦੀ ਸਭ ਦੀ ਬੋਲੀ ਸਮਝ ਲੈਂਦੇ ਸੀ ਕਿ ਕੀ ਕਹਿੰਦਾ ਹੈ ਇਹ।

ਬਹੁਤੀਆਂ ਸਾਖੀਆਂ ਵੀ ਇਸ ਤਰ੍ਹਾਂ ਆਉਂਦੀਆਂ ਨੇ, ਫੇਰ ਘਬਰਾ ਜਾਂਦੇ ਹਾਂ ਕਿ ਪੰਛੀ ਵੀ ਬੋਲਦੇ ਹੁੰਦੇ ਨੇ। ਇਹ ਇਕ ਸਰਬ ਵਿਦਿਆ ਯੋਗ ਹੈ, ਅੱਜ ਵੀ ਹੈਗੇ ਜਿਹੜੇ ਇਹ ਗੱਲਾਂ ਸਮਝਦੇ ਨੇ। ਗੁਰੂ ਨਾਨਕ ਸਾਹਿਬ ਜਿੱਥੇ ਜਾਂਦੇ ਸੀ, ਉਹਦੀ ਬੋਲੀ 'ਚ ਗੱਲ ਕਰਦੇ ਸੀ। ਉਹਦੀ ਬੋਲੀ 'ਚ ਹੀ ਉਹਨੂੰ ਸਮਝਾਉਂਦੇ ਸੀ। ਜੇ ਗਏ ਨੇ ਮਹਾਰਾਜ ਜੀ ਤਾਮਿਲਨਾਡੂ ਦੇ ਵਿਚ, ਲੰਕਾ ਪਹੁੰਚੇ ਨੇ, ਉਥੇ ਮਹਾਰਾਜ ਨੇ ਉਨ੍ਹਾਂ ਦੀ ਬੋਲੀ 'ਚ ਹੀ ਗੱਲ ਕਰੀ, ਉਥੇ ਪੰਜਾਬੀ ਨਹੀਂ ਬੋਲੇ। ਇਸੇ ਤਰ੍ਹਾਂ ਦੇ ਨਾਲ ਜੇ ਬਘਿਆੜ ਨੇ ਮਰਦਾਨੇ ਨੂੰ ਦੱਸਿਆ, ਉਹ ਟੈਲੀਪੈਥੀ 'ਚ ਗੱਲ ਕਰ ਰਿਹਾ ਸੀ।

ਅਸੀਂ ਤਾਂ ਸੁਖਾਲਾ ਕਹਿ ਦਿੰਦੇ ਹਾਂ ਕਿ ਐਵੇਂ ਰੌਲਾ ਪਏਗਾ, ਕਿ ਉਹ ਮਨੁੱਖ ਬੋਲੀ 'ਚ ਬੋਲਣ ਲੱਗ ਪਿਆ, ਸ਼ਕਤੀ ਦੇ ਦਿਤੀ ਮਹਾਰਾਜ ਨੇ।

ਸੋ ਉਹ ਕਹਿਣ ਲੱਗਿਆ ਕਿ ਮੇਰੇ ਉਤੇ ਗੁਰੂ ਨਾਨਕ ਦੀ ਕ੍ਰਿਪਾ ਹੋ ਰਹੀ ਹੈ, ਮੈਨੂੰ ਹੁਣ ਪ੍ਰਲੋਕ ਨਜ਼ਰ ਆ ਰਿਹਾ ਹੈ ਸਾਰਾ। ਉਹਨੇ ਫੇਰ ਸਾਰਾ ਦੱਸਿਆ ਕਿ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ - ੧੪੨੫*

ਕਹਿੰਦੇ, ਜਾਹ ਉਹ ਤਾਂ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ। ਜੋ ਕੁਛ ਕਹਿਣਗੇ ਮੰਨ ਲਈਂ, ਤੂੰ ਆਪਣਾ ਉਧਾਰ ਕਰਾ, ਮੇਰਾ ਉਨ੍ਹਾਂ ਨੇ ਕਰ ਦਿਤਾ।

ਉਸ ਵੇਲੇ ਵਾਪਸ ਆ ਗਿਆ, ਮਹਾਰਾਜ ਜੀ ਨੂੰ ਪ੍ਰਸਾਦਾ ਛਕਾਇਆ। ਕਹਿੰਦਾ, ਸੱਚੇ ਪਾਤਸ਼ਾਹ! ਮੈਨੂੰ ਕੋਈ ਸੇਵਾ ਦੱਸੋ। ਉਹਦੇ ਘਰ ਦੇ ਉਤੇ ਸੱਤ ਝੰਡੇ ਲੱਗੇ ਹੋਏ ਸੀ, ਕਰੋੜ-ਕਰੋੜ ਦੇ। ਕਰੋੜੀਆ ਸੀਗਾ। ਮਹਾਰਾਜ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ! ਸੂਈ ਤਾਂ ਦੇਹ। ਮਰਦਾਨੇ ਨੇ ਸੂਈ ਦੇ ਦਿਤੀ। ਕਹਿੰਦੇ, ਲੈ ਆਹ ਸੂਈ ਸਾਡੀ ਸਾਂਭ ਕੇ ਰੱਖ ਲੈ, ਅਸੀਂ ਤੇਰੇ ਤੋਂ ਅਗਲੇ ਜਨਮ 'ਚ ਲੈ ਲਵਾਂਗੇ।

ਸਮਝ 'ਚ ਨ ਆਈ ਗੱਲ। ਸੂਈ ਲੈ ਕੇ ਅੰਦਰ ਚਲਿਆ ਗਿਆ ਘਰਵਾਲੀ ਨੂੰ ਕਹਿਣ ਲੱਗਿਆ ਕਿ ਆਹ ਸੂਈ ਦਿਤੀ ਹੈ ਮਹਾਂਪੁਰਸ਼ਾਂ ਨੇ, ਕਹਿੰਦੇ ਕਿ ਅਗਲੇ ਜਨਮ 'ਚ ਲੈ ਲਵਾਂਗੇ ਤੇਰੇ ਤੋਂ।

ਕਹਿੰਦੀ, ਤੁਸੀਂ ਤਾਂ ਸਿੱਧੇ ਹੀ ਹੋਂ, ਭੋਲੇ ਹੀ ਹੋਂ। ਆਪਣਾ ਤਾਂ ਸਰੀਰ ਵੀ ਨਾਲ ਨਹੀਂ ਜਾਣਾ, ਕੋਈ ਕੱਪੜਾ ਨਾਲ ਨਹੀਂ ਜਾਣਾ, ਘਰ ਨਹੀਂ ਜਾਣਾ, ਸਵਾਰੀਆਂ ਨਹੀਂ ਜਾਣੀਆਂ, ਇਹ ਤਾਂ ਇਥੇ ਦਾ ਇਥੇ ਹੀ ਰਹਿ ਜਾਣਾ ਹੈ। ਇਹ ਤਾਂ ਕੋਈ ਚੀਜ਼ ਵੀ ਨਹੀਂ ਜਾਣੀ। ਫੇਰ ਦੱਸੋ ਸੂਈ ਕਿਵੇਂ ਲੈ ਜਾਵਾਂਗੇ ਆਪਾਂ? ਕੋਈ ਹੈ ਤਰੀਕਾ?

ਵਾਪਿਸ ਆ ਗਿਆ, ਸੂਈ ਵਾਪਸ ਕਰ ਦਿਤੀ।

ਮਹਾਰਾਜ ਕਹਿੰਦੇ, ਬੱਸ ਐਨੀ ਕੁ ਸੇਵਾ ਨਹੀਂ ਹੋਈ ਤੇਰੇ ਤੋਂ ਦੁਨੀਚੰਦ?

ਕਹਿੰਦਾ, ਮਹਾਰਾਜ! ਤੁਸੀਂ ਤਾਂ ਮੇਰੇ ਨੇਤਰ ਖੋਲ੍ਹ ਦਿਤੇ, ਮੈਂ ਤਾਂ ਬੰਦ ਕਰੀਂ ਬੈਠਾ ਸੀ।

ਕਹਿੰਦਾ, ਕਿੱਥੇ ਰੱਖਾਂ?

ਕਹਿੰਦੇ, ਘਰ 'ਚ ਰੱਖ ਲੈ। ਘਰ ਤੇਰੇ ਨਾਲ ਜਾਏਗਾ।

ਕਹਿੰਦਾ, ਸੱਚੇ ਪਾਤਸ਼ਾਹ! ਜਦ ਮੇਰੇ ਨਾਲ ਮੇਰਾ ਸਰੀਰ ਹੀ ਨਹੀਂ ਜਾਣਾ ਤੇ ਮੇਰੇ ਨਾਲ ਸੂਈ ਕਿਵੇਂ ਚਲੀ ਜਾਏਗੀ? ਕਹਿੰਦੇ, ਫੇਰ ਦੁਨੀਚੰਦ! ਕਰੋੜਾਂ ਦਾ ਮਾਲਕ ਬਣਿਆ ਹੋਇਆ ਹੈਂ, ਇਹ ਤੇਰੀ ਵਾਸ਼ਨਾ ਹੈ, ਇਹ ਦਮੜਾ ਨਾਲ ਨਹੀਂ ਜਾਂਦਾ। ਦਮੜਾ ਓਹੀ ਨਾਲ ਜਾਂਦਾ ਹੈ ਜਿਹੜਾ ਸਹੀ ਲੇਖੇ ਦੇ ਵਿਚ ਲਗ ਜਾਵੇ।

*ਦਮੜਾ ਤਿਸੀਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥*
*(ਨਸੀਹਤਨਾਮਾ)*

ਇਹ ਤਾਂ ਪਿਆਰਿਆ ਤੈਨੂੰ ਤਾਂ ਮਿਲੇਗਾ ਜੇ ਤੂੰ ਇਹਨੂੰ ਸ਼ੁੱਭ ਕਾਰਜਾਂ ਦੇ ਵਿਚ ਲਾ ਦੇਵੇਂਗਾ। ਦੂਜੀ ਗੱਲ ਇਹ ਹੈ, ਇਹ ਤੇਰਾ ਮਾਨਸ ਜਨਮ ਲੰਘਦਾ ਤੁਰਿਆ ਜਾ ਰਿਹਾ ਹੈ, ਤੂੰ ਆਇਆ ਸੀ ਬੰਦਗੀ ਕਰਨ ਵਾਸਤੇ, ਤੂੰ ਪੈਸੇ ਦੇ ਚੱਕਰ 'ਚ ਪੈ ਗਿਆ, ਇਹ ਤੇਰੀ ਪਰਾਲਬਧ ਸੀ, ਇਹ ਰੱਬ ਵਲੋਂ ਦਾਤ ਸਮਝ ਕੇ ਖਰਚੀ ਖਾਈ ਜਾਂਦਾ। ਲੇਕਿਨ ਏਸ ਵਾਸ਼ਨਾ ਨੇ ਤੈਨੂੰ ਫੜ ਲਿਆ। ਵਾਸ਼ਨਾ ਦੇ ਵਿਚ ਫਸ ਕੇ ਤੇਰਾ ਪਿਉ ਤਾਂ ਬਣਿਆ ਬਘਿਆੜ ਤੂੰ ਬਣੇਂਗਾ ਸੱਪ। ਆਪਣੇ ਖਜ਼ਾਨਿਆਂ ਤੇ ਮੇਲ੍ਹੇਗਾ।

ਓਸ ਵੇਲੇ ਕਹਿਣ ਲੱਗਿਆ ਪਾਤਸ਼ਾਹ! ਮੇਰੇ ਤਾਂ ਨੇਤਰ ਖੋਲ੍ਹ ਦਿਤੇ ਆਪ ਨੇ। ਕ੍ਰਿਪਾ ਕਰੋ।

ਮਹਾਰਾਜ ਨੇ ਕਿਹਾ ਕਿ ਕ੍ਰਿਪਾ ਇਹੀ ਹੈ ਵੱਡੀ ਕਿ ਆਪਣੀ ਕੋਠੀ ਨੂੰ ਤਾਂ ਬਣਾ ਲੈ ਸਤਿਸੰਗ ਘਰ। ਇਹ ਜਿਹੜੀ ਮਾਇਆ ਹੈ ਇਹ ਲਾ ਦੇ ਧਰਮ ਕਾਰਜਾਂ ਤੇ। ਦੇ ਦੇ ਗਰੀਬਾਂ ਨੂੰ, ਜਿਨ੍ਹਾਂ ਦੇ ਗੁਜ਼ਾਰੇ ਨਹੀਂ ਚਲਦੇ। ਸੋ ਧਨ ਦੇ ਦਿਤਾ। ਧਰਮਸਾਲਾ ਬਣ ਗਿਆ ਘਰ, ਬੰਦਗੀ ਹੋਣੀ ਸ਼ੁਰੂ ਹੋ ਗਈ। ਓਹੀ ਦੁਨੀਚੰਦ ਮਹਾਰਾਜ ਦੇ ਚਰਨਾਂ 'ਚ ਪਹੁੰਚ ਗਿਆ।

ਸੋ ਇਹ ਜਿਹੜੀ ਧਨ ਵਾਸ਼ਨਾ ਹੈ ਮਹਾਰਾਜ ਕਹਿੰਦੇ ਨੇ –

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ – ੧੩੬੫*

ਦੱਸ ਖਰਬ ਨੂੰ ਲੱਖ ਕਰੋੜ ਕਹਿੰਦੇ ਨੇ। ਜਿਨ੍ਹਾਂ ਕੋਲ ਐਨਾ ਵੀ ਸੀ ਉਹ ਵੀ ਖਾਲੀ ਹੱਥ, ਨੰਗੇ ਪੈਰੀਂ ਸੰਸਾਰ ਤੋਂ ਜਾਂਦੇ ਨੇ। ਸੋ ਇਕੋ ਵਾਸ਼ਨਾ ਆਦਮੀ ਨੂੰ ਕਿੱਥੇ ਲੈ ਜਾਂਦੀ ਹੈ।

ਸੋ ਮੈਂ ਬੇਨਤੀ ਜੋ ਕਰਦਾ ਸੀ ਕਿ ਮਹਾਰਾਜ ਕਹਿੰਦੇ ਨੇ ਕਿ ਪਹਿਲਾਂ ਤੂੰ ਭਾਂਡਾ ਧੋ, ਇਹਦੇ ਵਿਚ ਮੰਦ ਵਾਸ਼ਨਾਵਾਂ ਪਈਆਂ ਨੇ। ਮੰਦ ਵਾਸ਼ਨਾਵਾਂ ਦੇ ਵਿਚ ਜਿਵੇਂ ਮੈਂ ਦੱਸਿਆ ਕਿ ਉਹ ਸੰਤਾਂ ਦੇ ਕੋਲ ਇਕ ਪਾ ਦੁੱਧ ਨਾ ਪਾ ਸਕਿਆ, ਕਿਉਂਕਿ ਲਿੱਦ ਪਈ ਸੀ ਵਿਚ। ਉਹ ਨਾਮ ਕਿੱਥੋਂ ਆ ਜਾਏਗਾ ਜਿੰਨੀ ਦੇਰ ਤੱਕ ਭਾਂਡਾ ਨਹੀਂ ਧੋਂਦਾ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

– ਅਨੰਦ ਸਾਹਿਬ – ਗੁਰ ਸਤੋਤਰ – ਅਰਦਾਸ –

**(ਪੰਨਾ 6 ਦਾ ਬਾਕੀ)**

*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*

ਜੋ ਇਸ ਦਾ ਅਸਲ ਸਰੂਪ ਸੀ ਉਹ ਪ੍ਰਗਟ ਹੋ ਗਿਆ। ਅਸਲ ਸਰੂਪ ਪ੍ਰਗਟ ਹੋਣ ਤੋਂ ਪਹਿਲਾਂ ਇਹ ਆਪਣੇ-ਆਪ ਨੂੰ ਦੇਹ ਸਮਝਦਾ ਸੀ ਕਿ ਮੈਂ ਆਹ ਸਾਢੇ ਤਿੰਨ ਹੱਥ ਦੀ ਦੇਹ ਹਾਂ ਤੇ ਮੇਰਾ ਨਾਂ ਫਲਾਣਾ ਹੈ, ਮੇਰੇ ਪੁੱਤਰ ਦਾ ਨਾਂ ਇਹ ਹੈ, ਮੇਰੀ ਲੜਕੀ ਦਾ ਨਾਂ ਇਹ ਹੈ, ਮੇਰਾ ਘਰ ਐਨੇ ਨੰਬਰ ਹੈ, ਮੇਰੀ ਫਲਾਣੀ ਜਾਤ ਹੈ, ਮੈਂ ਸਿੱਖ ਹਾਂ, ਮੈਂ ਮੁਸਲਮਾਨ ਹਾਂ, ਮੈਂ ਹਿੰਦੂ ਹਾਂ ਇਹ ਚੀਜ਼ਾਂ ਸਮਝਦਾ ਸੀ ਪਹਿਲਾਂ ਆਪਣੇ ਆਪ ਨੂੰ, ਜਿਸ ਵਕਤ ਇਸਨੂੰ ਥੋੜ੍ਹਾ ਅੰਦਰ ਗਿਆਨ ਹੋਇਆ ਤੇ ਬਾਣੀ ਸੁਣੀ ਤਾਂ ਪਤਾ ਲੱਗਿਆ ਕਿ ਮੈਂ ਤਾਂ ਜੀਵ ਹਾਂ ਤੇ ਪ੍ਰਾਣਾਂ ਨਾਲ ਚੱਲ ਰਿਹਾ ਹੈ ਇਹ ਸਰੀਰ। ਜਦੋਂ ਫੇਰ ਸੁਣਦਾ ਹੈ ਕਿ ਇਹ ਜੀਵ ਤੇ ਪ੍ਰਾਣ ਦੋਵੇਂ ਵਾਹਿਗੁਰੂ ਦੇ ਨੇ। ਇਹ ਵਸਤ ਮੇਰੀ ਨਹੀਂ ਹੈ, ਮੇਰੀ ਕੀ ਹੈ? ਇਸ ਦੇ ਵਿਚ ਇਕ ਹਉਮੈ ਹੈ, ਤੱਤ ਉਹ 'ਮੇਰੀ-ਮੇਰੀ' ਕਰੀ ਜਾਂਦਾ ਹੈ। ਉਸਨੂੰ ਅਗਿਆਨ ਰਹਿੰਦਾ ਹੈ ਕਿ ਆਹ ਵੀ ਮੇਰਾ ਹੈ, ਆਹ ਵੀ ਮੇਰਾ ਹੈ। ਮਹਾਰਾਜ ਜੀ ਕਹਿੰਦੇ ਤੇਰਾ ਕੁਝ ਵੀ ਨਹੀਂ ਹੈ ਤੈਥੋਂ ਜਦੋਂ ਜੀਅ ਕਰਦਾ ਹੈ ਉਹ ਲੈ ਜਾਂਦਾ ਹੈ, ਤੂੰ ਤਾਂ ਆਪਣੇ ਆਪ ਨੂੰ ਸਰੀਰ ਸਮਝਦਾ ਹੈਂ, ਹਉਮੈ ਸਰੀਰ ਸਮਝਦੀ ਹੈ। ਫੇਰ ਇਹ ਹੌਲੀ-ਹੌਲੀ ਜਿਉਂ-ਜਿਉਂ ਤਰੱਕੀ ਕਰਦਾ ਹੈ ਤਾਂ ਇਸਨੂੰ ਅੰਦਰ ਵਸਦੇ ਪ੍ਰਮੇਸ਼ਰ ਦਾ ਗਿਆਨ ਹੋ ਜਾਂਦਾ ਹੈ। ਜਦੋਂ ਉਸ ਦਾ ਪੂਰਨ ਪ੍ਰਕਾਸ਼ ਹੁੰਦਾ ਹੈ ਉਸ ਵੇਲੇ ਹਨ੍ਹੇਰਾ ਦੂਰ ਹੋ ਜਾਂਦਾ ਹੈ, ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਮਹਾਰਾਜ ਜੀ ਕਹਿੰਦੇ ਸ਼ਬਦ ਤੋਂ ਬਗੈਰ ਇਸ ਦੇ ਅੰਦਰ ਹਨ੍ਹੇਰਾ ਸੀ –

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ – ੧੨੪*

ਨਾ ਇਸਨੂੰ ਆਤਮ ਵਸਤੂ ਦੀ ਪ੍ਰਾਪਤੀ ਹੋਈ, ਹਨ੍ਹੇਰੇ ਵਿਚ ਚੱਕਰ ਕੱਢਦਾ ਫਿਰਦਾ ਹੈ ਤੇ ਪੂਰਨ ਗੁਰੂ ਦਾ ਮਿਲਾਪ ਨਾ ਹੋਣ ਕਰਕੇ ਇਸਨੂੰ ਕੁੰਜੀ ਨਾ ਮਿਲੀ –

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ – ੧੨੪*

ਹੋਰ ਕੋਈ ਇਸਨੂੰ ਖੋਲ੍ਹ ਨਹੀਂ ਸਕਦਾ ਤੇ ਉਥੇ ਪੁਚਾ ਨਹੀਂ ਸਕਦਾ।

ਪੂਰੇ ਭਾਗ ਹੋਣ ਤਾਂ ਅਧਿਆਤਮਕ ਗੁਰੂ ਦਾ ਮਿਲਾਪ ਹੋਇਆ ਕਰਦਾ ਹੈ।

**(* * * * *)**

ੑ

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਵਤਾਰ ਕਥਾ

ਗੁਰਪੁਰਬ ਸਪਤਮੀ ਵਾਲੇ ਦਿਨ ਅੰਮ੍ਰਿਤ ਵੇਲੇ ਸਾਧ ਸੰਗਤ ਦਾ ਦੀਵਾਨ ਸਜਿਆ, ਆਸਾ ਜੀ ਦੀ ਵਾਰ ਦਾ ਕੀਰਤਨ ਪ੍ਰੇਮ ਨਾਲ ਹੋਇਆ, ਫੇਰ ਸੰਤ ਬਿਮਲਾ ਸਿੰਘ ਜੀ ਨੇ ਸ੍ਰੀ ਗੁਰੂ ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਅਵਤਾਰ ਦੀ ਕਥਾ ਐਉਂ ਕੀਤੀ –

ਅਵਤਾਰ

***ਵਾਹਿਗੁਰੂ ਜਾ ਕਾ ਖਾਲਸਾ***
***ਸ੍ਰੀ ਵਾਹਿਗੁਰੂ ਜੀ ਕੀ ਫਤਹਿ।***

ਸਤਿਗੁਰੂ ਦੀ ਪਿਆਰੀ ਸਾਧ ਸੰਗਤ ਜੀ!

ਅੱਜ ਅਸੀਂ ਇਥੇ ਇਕੱਤਰ ਹੋਏ ਹਾਂ ਆਪਣੇ ਪਿਆਰੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਣ ਗਾਇਨ ਲਈ, ਉਨ੍ਹਾਂ ਦੇ ਕੀਤੇ ਉਪਕਾਰਾਂ ਨੂੰ ਯਾਦ ਕਰਨ ਲਈ ਤੇ ਉਨ੍ਹਾਂ ਦੇ ਚਰਨਾਂ ਉਤੇ ਆਪਣੇ ਪਿਆਰ ਤੇ ਸ਼ਰਧਾ ਦੇ ਫੁਲ ਚੜ੍ਹਾਉਣ ਲਈ। ਅਸੀਂ ਸੁਭਾਗ ਹੁੰਦੇ ਜੇ ਅਸੀਂ ਉਸ ਵੇਲੇ ਜਗਤ ਵਿਚ ਹੁੰਦੇ, ਸਾਨੂੰ ਵੀ ਸਤਿਗੁਰੂ ਦੀ ਸਿੱਖੀ ਦਾ ਛਾਂਦਾ ਮਿਲਦਾ, ਅਸੀਂ ਵੀ ਚਰਨਾਂ ਵਿਚ ਹਾਜ਼ਰ ਹੁੰਦੇ। ਹਾਂ ਇਨ੍ਹਾਂ ਨੈਣਾਂ ਨਾਲ ਰੱਜ ਰੱਜ ਕੇ ਦਰਸ਼ਨ ਕਰਦੇ ਤੇ ਜੇ ਮਿਹਰ ਹੋ ਜਾਂਦੀ ਤਾਂ ਆਪਣੇ ਸਰੀਰ ਨੂੰ ਆਪ ਦੇ ਹੁਕਮ ਦੀ ਜਗਵੇਦੀ ਤੇ ਸਦਕੇ ਕਰ ਦੇਂਦੇ। ਇਹ ਅਭਿਲਾਖ ਹੈ ਜੋ ਹਰੇਕ ਸਿੱਖ ਦੀ ਦਿਲ ਵਿਚ ਉਪਜੀ ਹੈ। ਹਰੇਕ ਪ੍ਰੇਮ ਵਾਲੇ, ਸਿਦਕ ਵਾਲੇ ਸਿੱਖ ਦਾ ਦਿਲ ਇਹ ਉਛਾਲ ਕਦੇ ਨਾ ਕਦੇ ਖਾ ਜਾਂਦਾ ਹੈ, ਜਦੋਂ ਉਸ ਆਪਾ ਵਾਰਨ ਵਾਲੇ ਮਿਹਰਾਂ ਦੇ ਸਾਂਈ ਦੇ ਕਾਰਨਾਮੇ ਪੜ੍ਹੀ ਤੇ ਸੁਣੀਦੇ ਹਨ। ਪਰ ਬੀਤ ਗਏ ਸਮੇਂ ਵਿਚ ਕੋਈ ਕੀਕੂੰ ਜਾ ਸਕਦਾ ਹੈ, ਸੋ ਇਹ ਸੱਧਰ ਉਪਰਜ ਉਪਜ ਕੇ ਬਿਨਸ ਜਾਂਦੀ ਹੈ, ਪਰ ਇਹ ਬਿਨਸਨੀ ਨਹੀਂ ਚਾਹੀਦੀ। ਗੁਰੂ ਅਟੱਲ ਹੈ, ਚਾਹੇ ਤਦੋਂ ਰੂਪ ਧਾਰੀ ਸੀ ਤੇ ਹੁਣ ਰੂਪ ਅਰੂਪੀ ਰੰਗਾਂ ਵਿਚ ਖੇਡਦਾ ਹੈ, ਗੁਰੂ ਜੀ ਦਾ ਹੁਕਮ ਅਟੱਲ ਹੈ ਤੇ ਗੁਰੂ ਦਾ ਪੁੱਤਰ ਖਾਲਸਾ ਰੂਪਮਾਨ ਵੀ ਹੈ ਤੇ ਅਟੱਲ ਵੀ ਹੈ। ਜਦੋਂ ਸਾਹਿਬਾਂ ਨੇ ਔਰੰਗਜ਼ੇਬ ਨੂੰ ਜ਼ਫਰਨਾਮਾ ਲਿਖ ਕੇ ਘੱਲਿਆ ਸੀ, ਉਸ ਵਿਚ ਦੱਸਿਆ ਸੀ ਕਿ ਜੇ ਤੂੰ ਮੇਰੇ ਚਾਰ ਪੁੱਤਰ ਮਾਰ ਲਏ ਹਨ ਤਾਂ ਕੀ ਹੋਇਆ, ਮੇਰਾ ਇਕ ਹੋਰ ਪੁੱਤਰ-ਭੁਜੰਗੀ- ਜੀਉਂਦਾ ਹੈ, ਤੂੰ ਚਿੰਗਾੜੇ ਬੁਝਾ ਲਏ ਤਾਂ ਕੀ ਹੋਇਆ, ਕਦੇ ਨਾ ਬੁਝਣ ਵਾਲੀ ਅਗਨੀ ਮੇਰੀ ਪ੍ਰਜ੍ਵਲਤ ਹੈ। ਤਦੋਂ ਸਾਹਿਬ ਖਾਲਸੇ ਵਲ ਇਸ਼ਾਰਾ ਕਰ ਰਹੇ ਸਨ ਤੇ ਉਸਨੂੰ ਦੱਸ ਰਹੇ ਸਨ ਕਿ ਮੇਰਾ ਇਹ ਪੁੱਤਰ ਸਦਾ ਜੀਵਨ ਵਾਲਾ ਹੈ ਤੇ ਤੇਰੇ ਤੋਂ ਨਹੀਂ ਮਾਰਿਆ ਜਾ ਸਕੇਗਾ। ਇਸ ਤੋਂ ਸਮਝ ਲਓ ਕਿ ਸਤਿਗੁਰ ਜੀ ਨੇ ਖਾਲਸੇ ਅੰਦਰ ਆਪਣੀ ਸਦਾ ਜਾਗਦੀ ਜੋਤ ਰੱਖੀ ਹੈ ਤੇ ਆਸ ਕੀਤੀ ਹੈ ਕਿ ਇਹ ਮੇਰੇ ਚਲਾਏ ਕੰਮ ਨੂੰ ਸਦਾ ਜਾਰੀ ਰੱਖੇਗਾ। ਸੋ ਸਾਹਿਬਾਂ ਦੇ ਸਮੇਂ ਜੇ ਅਸੀਂ ਹੁੰਦੇ ਤੇ ਭਰੋਸੇ ਵਾਲੇ ਸਿੱਖ ਹੁੰਦੇ ਤਾਂ ਸਾਹਿਬਾਂ ਦੇ ਹੁਕਮ ਵਿਚ ਸੇਵਾ ਕਰਕੇ ਜਨਮ ਸਫਲ ਕਰ ਲੈਂਦੇ। ਇਹ ਗੱਲ ਠੀਕ ਹੈ, ਪਰ ਇਹ ਅਭਿਲਾਖਾ ਹੁਣ ਭੀ ਪੂਰੀ ਹੋ ਸਕਦੀ ਹੈ, ਜੇ ਕਦੇ ਅਸੀਂ ਸਾਹਿਬਾਂ ਦੇ ਅਟੱਲ ਹੁਕਮਾਂ ਤੇ ਚੱਲੀਏ। ਜੋ ਉਨ੍ਹਾਂ ਨੇ ਤਦੋਂ ਆਖਿਆ ਸੀ, ਸੋਈ ਹੁਣ ਆਖ ਰਹੇ ਹਨ। ਜੇ ਅਸੀਂ ਹੁਣ ਭੀ ਉਨ੍ਹਾਂ ਦੇ ਹੁਕਮਾਂ ਤੇ ਟੁਰੀਏ ਤਾਂ ਉਹ ਹੁਣ ਭੀ ਉਸੇ ਤਰ੍ਹਾਂ ਦੇਖ ਰਹੇ ਹਨ ਤੇ ਪ੍ਰਸੰਨ ਹੋ ਰਹੇ ਹਨ। ਜਿਹੜੀ ਸਾਡੀ ਸ਼ਰਧਾ ਆਪ ਦੇ ਦਰਸ਼ਨਾਂ ਦੀ ਹੈ, ਉਹ ਭੀ ਦੋ ਰੰਗਾਂ ਵਿਚ ਪੂਰਨ ਹੋ ਸਕਦੀ ਹੈ, ਇਕ ਤਾਂ ਸਾਹਿਬਾਂ ਦਾ ਰੂਪ ਹੈ ਗੁਰਸ਼ਬਦ – ਗੁਰਬਾਣੀ, ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਹਿਬ ਆਪਾਂ ਸਾਰਿਆਂ ਨੂੰ ਦਰਸ਼ਨ ਦੇ ਰਹੇ ਹਨ ਤੇ ਗੁਰਾਂ ਦੇ ਹਿਰਦੇ ਵਿਚ ਵਸਦੇ ਗਿਆਨ ਦਾ ਉਪਦੇਸ਼ ਸਾਨੂੰ ਦੇ ਰਹੇ ਹਨ। ਨਾਲ ਹੀ ਕੀਰਤਨ ਦਾ ਰੂਪ ਹੋ ਕੇ ਦਿਦਾਰੇ ਦੇ ਰਹੇ ਹਨ। ਗੁਰਬਾਣੀ ਹੁਕਮ ਦਿੰਦੀ ਹੈ ਨਾਮ ਦਾ ਸਿਮਰਨ ਕਰੋ ਸੋ ਨਾਮ ਦਾ ਰੂਪ ਹੋ ਕੇ ਬੀ ਗੁਰੂ ਜੀ ਸਾਧ ਸੰਗਤ ਦੇ ਹਿਰਦਿਆਂ ਵਿਚ ਵੱਸ ਰਹੇ ਹਨ। ਦੂਸਰਾ ਆਪ ਦਾ ਰੂਪ ਹੈ ਖਾਲਸਾ, ਸੋ ਇਹ ਦੀਵਾਨ, ਇਹ ਦਰਬਾਰ, ਖਾਲਸੇ ਦਾ ਸਜ ਰਿਹਾ ਹੈ ਤੇ ਸਾਹਿਬਾਂ ਦੇ ਪ੍ਰਤੱਖ ਦੀਦਾਰੇ ਹੋ ਰਹੇ ਹਨ। ਤੀਸਰਾ ਆਪ ਦਾ ਰੂਪ ਹੈ ਗੁਰੂ ਚਰਿਤ੍ਰ। ਸੋ ਜੇ ਅਸੀਂ ਤਦੋਂ ਹੁੰਦੇ ਤਾਂ ਇਨ੍ਹਾਂ ਨੈਣਾਂ ਨਾਲ, ਹੁੰਦੇ ਤੇ ਵਰਤਦੇ ਹੋਏ ਸਤਿਗੁਰਾਂ ਦੇ ਚਰਿਤ੍ਰ ਵੇਖਦੇ ਤੇ ਪ੍ਰਸੰਨ ਹੁੰਦੇ, ਪਰ ਹੁਣ ਇਕ ਚਰਿਤ੍ਰ ਅਸੀਂ ਪੁਸਤਕਾਂ ਵਿਚੋਂ ਵਾਚ ਤੇ ਗੁਰ ਸਿੱਖਾਂ ਤੋਂ ਸੁਣ ਸਕਦੇ ਹਾਂ ਤੇ ਉਨ੍ਹਾਂ ਨੂੰ ਸੁਣ ਕੇ ਸੁਖੀ ਹੋ ਸਕਦੇ ਹਾਂ, ਉਤਸ਼ਾਹ ਨਾਲ ਉਭਰ ਸਕਦੇ ਹਾਂ ਤੇ ਸਿਖਿਆ ਲੈ ਕੇ ਆਪਾ ਸੁਆਰ ਸਕਦੇ ਹਾਂ। ਆਪ ਸਤਿਗੁਰੂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਹੀ ਰੂਪ ਖਾਲਸੇ ਦਾ ਦਰਸ਼ਨ ਕਰ ਰਹੇ ਹੋ। ਹੁਣ ਮੇਰਾ ਵਿਚਾਰ ਹੈ ਕਿ ਸਤਿਗੁਰਾਂ ਦੇ ਦੀਦਾਰੇ ਇਸ ਤੀਸਰੇ ਰੂਪ ਵਿਚ ਬੀ ਝਲਕਿਆਂ ਮਾਤ੍ਰ ਵਿਚ ਆਪ ਸਾਰਿਆਂ ਜੋਗ ਕਰਾਵਾਂ ਤਾਂ ਜੋ ਸੱਚਮੁੱਚ ਜੀਵਨ ਬਸਰ ਹੁੰਦਾ, ਭਾਵੇਂ ਦ੍ਰਿਸ਼ਟੀ ਗੋਚਰ ਨਾ ਹੋਵੇ, ਪਰ ਜੀਵਨ ਵਿਥਿਆ ਖਿਆਲ ਮੰਡਲ ਵਿਚ ਮੂਰਤੀਮਾਨ ਹੋ ਜਾਵੇ। ਇਹ ਦੀਦਾਰੇ ਜੁਬਾ

ਅਵਸਥਾ ਚੜ੍ਹਨ ਦੇ ਵੇਲੇ ਤਕ ਦੇ ਹੋਸਨ। ਆਖੋ –

ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ!

ਸਾਡੇ ਦੀਨ ਦੁਨੀ ਦੇ ਵਾਲੀ ਸਾਹਿਬਾਂ ਦਾ ਜਗਤ ਵਿਚ ਅਵਤਾਰ ਪਟਨੇ ਸ਼ਹਿਰ ਵਿਖੇ ਹੋਇਆ ਸੀ। ਇਹ ਸ਼ਹਿਰ ਬਹੁਤ ਪੁਰਾਤਨ ਹੈ ਤੇ ਗੰਗਾ ਦੇ ਕਿਨਾਰੇ ਬਿਹਾਰ ਬੰਗਾਲ ਦੇਸ਼ ਵਿਚ ਹੈ। ਜਦੋਂ ਆਪ ਜਗਤ ਤਾਰਨ ਹਿਤ ਸੰਸਾਰ ਵਿਚ ਆਏ ਤਾਂ ਮਹੀਨਾ ਪੋਹ ਦਾ ਸੀ, ਤਿਥੀ ਸੀ ਸਪਤਮੀ ਤੇ ਤਰੀਕ ਸੀ 13 ਅਤੇ ਬਿਕਰਮੀ ਸੰਮਤ 1723 ਲਿਖਿਆ ਹੈ। ਆਪ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਤਦੋਂ ਆਸਾਮ ਦੇਸ਼ ਵਿਚ ਗਏ ਹੋਏ ਸਨ ਤੇ ਜਾਂਦੇ ਹੋਏ ਪਰਿਵਾਰ ਨੂੰ ਪਟਨੇ ਸ਼ਹਿਰ ਛੋੜ ਗਏ ਸਨ। ਇਹ ਵਾਰਤਾ ਸ੍ਰੀ ਗੁਰੂ ਜੀ ਨੇ ਆਪ ਐਉਂ ਵਰਣਨ ਕੀਤੀ ਹੈ –

***ਮੁਰ ਪਿਤ ਪੂਰਬ ਕੀਯਸ ਪਿਆਨਾ॥***
***ਭਾਂਤਿ ਭਾਂਤਿ ਕੇ ਤੀਰਥ ਨਾਨਾ॥***
***ਜਬ ਹੀ ਜਾਤ ਤ੍ਰਿਬੇਣੀ ਭਏ॥***
***ਪੁੰਨ ਦਾਨ ਦਿਨ ਕਰਤ ਬਿਤਏ॥***
***ਤਹੀ ਪ੍ਰਕਾਸ਼ ਹਮਾਰਾ ਭਯੋ॥***
***ਪਟਣਾ ਸਹਿਰ ਬਿਖੈ ਭਵ ਲਯੋ॥***

ਜਦੋਂ ਸਾਹਿਬਾਂ ਦਾ ਅਵਤਾਰ ਪਟਨੇ ਵਿਖੇ ਹੋਇਆ ਤਦੋਂ ਸ਼ਾਹ ਭੀਖ ਨੂੰ ਆਪਣੀ ਸਮਾਧੀ ਵਿਚ ਇਸ ਗੱਲ ਦਾ ਪਤਾ ਲਗ ਗਿਆ। ਉਸ ਦਿਨ ਇਸ ਫਕੀਰ ਨੇ ਮੁਰੀਦਾਂ ਵਿਚੋਂ ਉਠ ਕੇ ਪੂਰਬ ਵਲ ਮੂੰਹ ਕਰਕੇ ਸਜਦਾ ਕੀਤਾ ਤੇ ਨਮਾਜ਼ ਪੜ੍ਹੀ। ਜਦੋਂ ਵਿਹਲਾ ਹੋਇਆ ਤਾਂ ਮੁਰੀਦਾਂ ਨੇ ਪੁਛਿਆ – ਹਜ਼ਰਤ! ਨਮਾਜ਼ ਪੱਛੋ ਨੂੰ ਮੂੰਹ ਕਰਕੇ ਪੜ੍ਹੀਦੀ ਹੈ, ਜੁਨਾਬ ਨੇ ਅੱਜ ਪੂਰਬ ਵਲ ਪੜ੍ਹੀ ਤੇ ਸਜਦੇ ਕੀਤੇ ਹਨ, ਇਸ ਦਾ ਕੀ ਕਾਰਣ ਹੈ?

***ਸ਼ਾਹ ਭੀਖ ਸੁਨਿ ਕੈ ਤਬ ਕਹਯੋ,***
***ਕਾਰਨ ਸੁਨੋਂ ਜਥਾ ਮੈਂ ਲਹੋ।***
***ਦੀਨ ਦੁਨੀ ਕੋ ਖਾਂਵਦ ਆਵਾ।***
***ਮਾਨੁਖ ਦੇਹਿ ਦਾਰ ਬਿਦਤਾਵਾ।***
***ਗਰਬਨ ਕੇ ਗਰਬਨ ਕੋ ਗੰਜਨ।***
***ਮਰਿਜਾਦਾ ਭੰਜਨ ਕੋ ਭੰਜਨ।***
***ਤੇਜ ਤ੍ਰਿਲੋਕਨ ਮੈ ਬਿਸਤਾਰੇ।***
***ਤੁਰਕਨ ਔਂਧੇ ਕਰੈ ਨਗਾਰੇ।***
***ਸਿਖ ਸੰਗਤ ਕੇ ਤ੍ਰਾਸ ਮਿਟਾਵੈ।***
***ਸਤਿਨਾਮ ਕੋ ਜਾਪ ਜਪਾਵੈ।***
***ਅਪਨੋ ਪੰਥ ਜਗਤ ਬਿਦਤਾਵੈ।***
***ਇਕ ਮਤ ਕਰਤ ਤੀਨ ਦਿਖਰਾਵੈ।***
***ਨਿਸਾ ਆਜ ਕੀ ਜਨਮਯੋ ਬਾਲਕ।***
***ਤਰੁਨਿ ਤਰਨਿਸਮ ਤਮ ਰਿਪੁ ਘਾਲਕ॥***

***ਸੂਰਜ ਪ੍ਰਕਾਸ਼ ਗ੍ਰੰਥ***

ਇਹ ਸੱਯਦ ਫਕੀਰ ਸਾਂਈ ਫੇਰ ਘਰ ਠਹਿਰਿਆ ਨਹੀਂ। ਠਸਕੇ ਤੋਂ ਟੁਰਕੇ ਪਟਨੇ ਆਇਆ ਤੇ ਬਾਲ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੇ ਦਰਸ਼ਨ ਪਾ ਕੇ ਸੁਖੀ ਹੋਇਆ।

ਸਰੀਰ ਦੇ ਹੁੰਦਿਆਂ ਕਈ ਵੇਰ ਫਕੀਰਾਂ ਨੂੰ ਬੀ ਪਰਦੇ ਰਹਿੰਦੇ ਤੇ ਸੰਸੇ ਉਠਦੇ ਹਨ, ਹੁਣ ਫਕੀਰ ਸਾਂਈ ਦੇ ਜੀ ਵਿਚ ਸੰਸਾ ਉਠਿਆ ਤੇ ਪ੍ਰੀਖਿਆ ਦਾ ਸ਼ੌਕ ਆਇਆ ਕਿ ਦੇਖੀਏ ਇਹ ਹਿੰਦੂ ਮਤ ਦੇ ਪੱਖੀ ਹੋਣਗੇ ਕਿ ਇਸਲਾਮ ਦੇ? ਉਨ੍ਹਾਂ ਨੇ ਇਹ ਦੇਖਣ ਦੀ ਆਸਾ ਧਾਰ ਕੇ ਦੁੱਧ ਡੁਹਲਣਗੇ ਤਦ ਮੁਸਲਮਾਨ, ਜੇ ਪਾਣੀ ਡੁਹਲਣਗੇ ਤਾਂ ਹਿੰਦੂ ਸਮਝਾਂਗੇ, ਦੋ ਕੁੱਜੀਆਂ ਲੀਤੀਆਂ, ਇਕ ਵਿਚ ਦੁੱਧ ਤੇ ਦੂਈ ਵਿਚ ਪਾਣੀ ਪਾ ਕੇ ਦੈਵੀ ਬਾਲਕ ਜੀ ਦੇ ਅੱਗੇ ਕੀਤਾ। ਪਰ ਕੌਤਕਹਾਰ ਬਾਲਕ ਨੇ ਇਕ ਪੈਰ ਨਾਲ ਦੋਨੋਂ ਉਲਟਾ ਦਿਤੀਆਂ, ਤਦ ਦੇਖੋ ਕਿ ਪਾਣੀ ਤੇ ਦੁੱਧ ਦੋਵੇਂ ਡੁਲ੍ਹ ਕੇ ਰਲ ਮਿਲ ਕੇ ਇਕ ਹੋ ਗਏ। ਪ੍ਰਤੱਖ ਉਪਦੇਸ਼ ਦੇ ਦਿਤਾ ਕਿ ਤਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਤੇ ਵਰਨਾਸ਼੍ਰਮ ਦੇ ਹਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ ਦੁੱਧ ਨੂੰ ਇਕ ਖਾਲਸਾ ਕਰ ਦਿਆਂਗੇ। ਜਲ ਦੁੱਧ ਦੀ ਪ੍ਰੀਤ ਪ੍ਰਸਿੱਧ ਹੈ, ਸ੍ਰੀ ਗੁਰਵਾਕ ਹੈ –

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥

ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ॥

ਐਉਂ ਹਿੰਦੂ ਤੇ ਮੁਸਲਮਾਨ ਇਕ ਦੂਏ ਨਾਲ ਪਿਆਰ ਕਰਨ ਵਾਲੇ ਬਣਾਵਾਂਗਾ। ਦੁੱਧ ਅੱਗ ਤੇ ਧਰੋ ਤਾਂ ਪਾਣੀ ਸੜਦਾ ਹੈ, ਦੁੱਧ ਨੂੰ ਨਹੀਂ ਸੜਨ ਦਿੰਦਾ। ਦੁੱਧ ਆਪਣੇ ਪਿਆਰੇ ਦਾ ਦੁੱਖ ਦੇਖ ਕੇ ਉਛਲਦਾ ਤੇ ਆਪ ਅੱਗ ਤੇ ਪੈ ਕੇ ਉਸਨੂੰ ਬੁਝਾ ਦਿੰਦਾ ਹੈ ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖੁਸ ਹੋ ਕੇ ਮੁੜ ਜਾਂਦਾ ਹੈ। ਫਕੀਰ ਜੀ ਸਮਝ ਗਏ ਕਿ ਇਹ ਪ੍ਰੇਮ ਅਵਤਾਰ ਦੋਹਾਂ ਨੂੰ ਨਿਮਰਤਾ ਦੀ ਧਰਤੀ ਤੇ ਪਾ ਕੇ ਪ੍ਰੇਮ ਨਾਲ ਗੁੰਨੇਗਾ। ਇਹ ਤੱਕ ਕੇ ਉਸਦਾ ਪ੍ਰੇਮ ਹੋਰ ਉਮਗਿਆ ਕਿ ਸ਼ੁਕਰ ਹੈ ਇਸ ਦੁੱਖੀ ਸ੍ਰਿਸ਼ਟੀ ਦਾ ਪਾਰ ਉਤਾਰਾ ਹੋਵੇਗਾ, ਫਿਰ ਫਕੀਰ ਆਪਣੇ ਹੋਰ ਬੀ ਧੰਨ ਭਾਗ ਜਾਣ ਕੇ ਮੱਥਾ ਟੇਕ ਕੇ ਵਿਦਾ ਹੋਇਆ।

ਹਾਂ, ਇਹ ਪਤੀਆ ਲੈ ਕੇ, ਨਿਰਸੰਸੇ ਹੋ ਕੇ ਤੇ ਦਰਸ਼ਨ ਨਾਲ ਆਤਮ ਲਾਭ ਪਾ ਕੇ ਸ਼ਾਹ ਭੀਖ ਠਸਕੇ ਨੂੰ ਮੁੜ ਗਿਆ। ਇਸ ਸਾਖੀ ਤੋਂ ਸਾਨੂੰ ਇਹ ਉਪਦੇਸ਼ ਮਿਲਦਾ ਹੈ ਕਿ ਸ੍ਰੀ ਦਸ਼ਮੇਸ਼ ਪਿਤਾ ਜੀ ਉਸ ਵੇਲੇ ਦਾ ਰਾਜ-ਉਪੱਦ੍ਰਵ ਦੂਰ ਕਰਨ ਵਾਸਤੇ ਆਏ ਸੇ, ਉਨ੍ਹਾਂ ਦਾ ਵੈਰ ਕਿਸੇ ਨਾਲ ਨਹੀਂ ਸੀ। ਆਪ ਨੇ ਆਪਣੇ ਆਉਣ ਦਾ ਪ੍ਰਯੋਜਨ ਆਪੇ ਐਉਂ ਦੱਸਿਆ ਹੈ –

***ਹਮ ਇਹ ਕਾਜ ਜਗਤ ਮੋ ਆਏ।***

*ਧਰਮ ਹੇਤ ਗੁਰਦੇਵ ਪਠਾਏ।*
*ਜਹਾਂ ਤਹਾਂ ਤੁਮ ਧਰਮ ਬਿਥਾਰੋ।*
*ਦੁਸਟ ਦੋਖੀਅਨ ਪਕਰ ਪਛਾਰੋ।*
*ਇਹੈ ਕਾਜ ਧਰਾ ਹਮ ਜਨਮੰ।*
*ਸਮਝ ਲੇਹੁ ਸਾਧੂ ਸਭ ਮਨਮੰ।*
*ਧਰਮ ਚਲਾਵਨ ਸੰਤ ਉਬਾਰਨ।*
*ਦੁਸਟਿ ਸਭਨ ਕੋ ਮੂਲ ਉਪਾਰਨ।*

**(ਅ) ਬਾਲ ਕਥਾ**

ਆਪਣੀ ਪਹਿਲੀ ਬਾਲਕ ਵਰੇਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨੇ ਹੀ ਰਹੇ। ਅਵਤਾਰ ਤੋਂ ਕੁਝ ਸਮੇਂ ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਸਾਮ ਤੋਂ ਪਟਨੇ ਵਾਪਸ ਆਏ ਤੇ ਕੁਛ ਸਮਾਂ ਉੱਥੇ ਰਹਿ ਕੇ ਦੇਸ਼ ਆ ਗਏ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪਟਨੇ ਹੀ ਰਹੇ। ਆਪ ਦੀ ਇਸ ਛੋਟੀ ਵਰੇਸ ਵਿਚ ਉਤੇ ਕਈ ਕੌਤਕ ਵਰਤੇ। ਬਚਪਨ ਵਿਚ ਹੀ ਆਪ ਦਾ ਸ਼ਾਂਤ ਰਸੀਏ ਹੋਣਾ ਪ੍ਰਗਟ ਹੋ ਰਿਹਾ ਸੀ, ਪਰ ਨਾਲ ਹੀ ਚੜ੍ਹਦੀਆਂ ਕਲਾਂ ਦੇ ਵਿਕਾਸ਼ ਉਹ ਸਨ ਕਿ ਦੇਖਣ ਵਾਲੇ ਦੰਗ ਰਹਿ ਜਾਂਦੇ ਸਨ ਤੇ ਉਨ੍ਹਾਂ ਦੇ ਸਾਂਤ ਤੇ ਚੜ੍ਹਦੀਆਂ ਕਲਾਂ ਦੇ ਸੰਗਮ ਨੂੰ ਸਮਝ ਨਹੀਂ ਸਨ ਸਕਦੇ। ਬੱਚਿਆਂ ਨਾਲ ਖੇਲਣ ਤਾਂ ਅਸਚਰਜ ਕੌਤਕ ਕਰਨੇ। ਚਾਰ ਪੰਜ ਬਰਸ ਦੀ ਉਮਰ ਵਿਚ ਹੀ ਬੱਚਿਆ ਨਾਲ ਖੇਲ੍ਹਣ ਤੇ ਅਸਚਰਜ ਕੌਤਕ ਕਰਨੇ। ਚਾਰ ਪੰਜ ਬਰਸ ਦੀ ਉਮਰ ਵਿਚ ਹੀ ਬੱਚਿਆਂ ਦੇ ਜੱਥੇ ਬਣਾ ਕੇ ਜੰਗ ਕਰਨੇ ਕਰਾਉਣੇ ਆਦਿ ਕਈ ਰੰਗ ਵਰਤਦੇ ਰਹੇ ਮਾਮਾ ਕ੍ਰਿਪਾਲ ਆਪ ਦੀ ਸੇਵਾ ਦੀ ਨਿਗਰਾਨੀ ਲਈ ਪਟਨੇ ਛੱਡੇ ਗਏ ਸਨ, ਉਹ ਪੂਰਾ ਪੂਰਾ ਧਿਆਨ ਦਿੰਦੇ ਸਨ, ਪਰ ਅਸਚਰਜ ਲੀਲਾ ਤੱਕ ਕੇ ਉਹ ਵੀ ਅਸਚਰਜ ਰਹਿ ਜਾਂਦੇ ਸਨ। ਪਟਨੇ ਵਿਚ ਇਕ ਸ਼ਿਵਦੱਤ ਨਾਮੇ ਬ੍ਰਾਹਮਣ ਰਹਿੰਦਾ ਸੀ, ਪਦਾਰਥ ਤੇ ਜ਼ਿੰਮੀਆਂ ਭੋਆਂ ਦੀ ਮਾਲਕੀ ਵਲੋਂ ਇਹ ਇਤਨਾ ਵੱਡਾ ਸੀ ਕਿ ਇਸਨੂੰ ਰਾਜੇ ਦਾ ਖਿਤਾਬ ਸੀ, ਪਰਮਾਰਥ ਵਲੋਂ ਇਹ ਦਰਮੀ ਪੁਰਖ ਸੀ ਤੇ ਸ਼ਾਸਤ੍ਰਵੇਤਾ ਸੀ। ਗੰਗਾ ਕਿਨਾਰੇ ਸਵੇਰ ਨੂੰ ਇਹ ਨਿਤ ਪੂਜਾ ਕਰਦਾ ਸੀ। ਉੱਥੇ ਸ੍ਰੀ ਬਾਲਕ ਗੁਰੂ ਦੇ ਦਰਸ਼ਨ ਕਰਦਾ ਕਰਦਾ ਇਹ ਇਤਨਾ ਪ੍ਰੇਮੀ ਹੋ ਗਿਆ ਕਿ ਧਿਆਨ ਹੀ ਆਪ ਦਾ ਧਾਰਨ ਲੱਗ ਪਿਆ। ਗੁਰੂ ਜੀ ਇਸਨੂੰ ਆਪ ਪੂਰਨ ਅਵਤਾਰ ਹੋ ਭਾਸੇ, ਤਦ ਇਸ ਨੇ ਮਨ ਵਿਚ ਕਈ ਰੂਪ ਧਾਰੇ ਕਿ ਗੁਰੂ ਜੀ ਜੇ ਮੈਨੂੰ ਉਹੋ ਰੂਪ ਦਿਖਾ ਦੇਣ ਤਾਂ ਅੰਤਰਜਾਮੀ ਮੰਨ ਲਵਾਂ। ਜਦੋਂ ਇਹ ਗੱਲਾਂ ਪੂਰਨ ਹੋ ਗਈਆਂ ਤਾਂ ਉਸਦਾ ਨਿਸਚਾ ਬੱਝ ਗਿਆ।

ਹੁਣ ਉਹ ਸ੍ਰੀ ਗੁਰੂ ਜੀ ਨੂੰ ਘਰ ਲੈਜਾਯਾ ਕਰੇ ਤੇ ਉਸਦੇ ਮਕਾਨ ਤੇ ਬਾਗਾਂ ਵਿਚ ਆਪ ਖੇਡਾਂ ਕਰਦੇ ਵਿਗਸਦੇ ਫਿਰਦੇ ਰਹਿੰਦੇ। ਇਸੇ ਤਰ੍ਹਾਂ ਦਾ ਇੱਥੇ ਇਕ ਹੋਰ ਖਤਰੀ ਰਾਜਾ ਸੀ, ਜਿਸਦਾ ਨਾਉਂ ਫਤਹਿ ਚੰਦ ਮੈਣੀ ਸੀ, ਇਸਦੀ ਆਪ ਜੀ ਪੁਰ ਬਹੁਤ ਸ਼ਰਧਾ ਹੋ ਗਈ। ਫਤੇ ਚੰਦ ਦੇ ਘਰ ਔਲਾਦ ਨਹੀਂ ਸੀ, ਤੇ ਇਹ ਅਰਦਾਸਾਂ ਕਰਦੇ ਹੁੰਦੇ ਸਨ ਕਿ ਗੁਰੂ-ਮਿਹਰ ਨਾਲ ਸਾਡੇ ਪੁੱਤਰ ਹੋਵੇ। ਇਕ ਦਿਨ ਆਪ ਇਸਦੇ ਮਹਿਲਾਂ ਵਿਚ ਚਲੇ ਗਏ ਤੇ ਰਾਣੀ ਦੀ ਗੋਦ ਵਿਚ ਜਾ ਬੈਠੇ ਤੇ ਉਸਨੂੰ ਮਾਂ ਕਹਿ ਕੇ ਬੁਲਾਇਆ ਤਾਂ ਉਸਦਾ ਮਾਵਾਂ ਵਾਲਾ ਪਿਆਰ ਆਪ ਵਲ ਪੈ ਗਿਆ। ਆਪ ਨਿਤ ਇਸੇ ਮਾਤਾ ਦੇ ਘਰ ਪੂਰੀ ਅਤੇ ਛੋਲਿਆਂ ਦਾ ਭੋਜਨ ਪਾਉਂਦੇ ਹੁੰਦੇ ਸਨ।

ਇਸੇ ਤਰ੍ਹਾਂ ਉਥੇ ਇਕ ਨਵਾਬ ਦੇ ਖਿਤਾਬ ਵਾਲੇ ਰਹੀਮ ਬਖਸ਼ ਕਰੀਮ ਬਖਸ਼ ਨਾਮੇ ਅਮੀਰ ਸਨ। ਆਸਾਮ ਤੋਂ ਵਾਪਸ ਆ ਕੇ ਨੌਂਵੇਂ ਸਤਿਗੁਰੂ ਜੀ ਇਨ੍ਹਾਂ ਦੇ ਇਕ ਵੱਡੇ ਬਾਗ ਵਿਚ ਜਾ ਬੈਠੇ ਸੇ ਜੋ ਅਕਾਰਣ ਸੁੱਕਦਾ ਜਾਂਦਾ ਸੀ ਆਪ ਜੀ ਦੇ ਚਰਨ ਕਮਲ ਪੈਣ ਨਾਲ ਉਨ੍ਹਾਂ ਦਾ ਬਾਗ ਹਰਾ ਹੋ ਗਿਆ, ਤਦ ਉਹ ਸ਼ਰਧਾਵਾਨ ਹੋ ਗਿਆ ਤੇ ਉਸ ਨੇ ਦੋ ਬਾਗ ਤੇ ਇਕ ਪਿੰਡ ਅਰਦਾਸ ਕਰਾਏ ਜੋ ਉਨ੍ਹਾਂ ਦੀ ਆਮਦਨ ਨਾਲ ਗੁਰੂ ਕਾ ਲੰਗਰ ਸਦਾ ਚਲਦਾ ਰਹੇ। ਇਨ੍ਹਾਂ ਬਾਗਾਂ ਵਿਚ ਵੀ ਸਾਹਿਬ ਜੀ ਸੈਲੇ ਕਰਨ ਜਾਂਦੇ ਹੁੰਦੇ ਸਨ। ਇਸੇ ਤਰ੍ਹਾਂ ਇਕ ਜਗਤ ਸੇਠ ਨਾਮੇ ਸਾਹੂਕਾਰ ਸੀ, ਇਸਦੇ ਘਰ ਬੀ ਨਾਵੇਂ ਗੁਰਾਂ ਦੇ ਵਰ ਕਰਕੇ ਪੁੱਤਰ ਹੋਏ ਸੀ। ਉਹ ਭੀ ਆਪਣੀਆਂ ਸੇਠਾਣੀਆਂ ਸਮੇਤ ਸਾਹਿਬਜ਼ਾਦੇ ਜੀ ਦੀ ਬਹੁਤ ਆਗਤ ਭਾਗਤ ਕਰਿਆ ਜਾਂਦੇ ਸੀ। ਇਸ ਤਰ੍ਹਾਂ ਦੇ ਅਨੇਕਾਂ ਪ੍ਰੇਮੀ ਉਥੇ ਆਪ ਜੀ ਨਾਲ ਅਤੁੱਟ ਪ੍ਰੇਮ ਵਿਚ ਪੈ ਗਏ ਸਨ।

ਹੁਣ ਨੌਂਵੇਂ ਸਤਿਗੁਰੂ ਜੀ ਦੀ ਆਗਿਆ ਆਈ ਕਿ ਸਾਹਿਬਜ਼ਾਦੇ ਜੀ ਤੇ ਪਰਿਵਾਰ ਆਨੰਦਪੁਰ ਸਾਹਿਬ ਆ ਜਾਣ, ਤਾਂ ਓਥੋਂ ਤੁਰਨ ਦੀ ਤਿਆਰੀ ਹੋਣ ਲੱਗੀ। ਛੋਟੀ ਉਮਰਾ ਦੇ ਕੌਤਕ ਨਾਲ ਪਟਨੇ ਦੀ ਸਾਧਸੰਗਤ ਦਾ ਸ੍ਰੀ ਜੀ ਨਾਲ ਉਹ ਪਰਚਾ ਪੈ ਗਿਆ ਸੀ ਕਿ ਪ੍ਰੇਮੀ ਬਿਹਬਲ ਹੋਣ ਲੱਗ ਪਏ, ਤਦ ਬਾਲਕ ਦਾਤਾ ਜੀ ਨੇ ਸਭ ਨੂੰ ਵਰਾਂ ਨਾਲ ਨਿਹਾਲ ਕਰ ਦਿਤਾ। ਫਤਹ ਚੰਦ ਤੇ ਉਸਦੀ ਰਾਣੀ ਨੂੰ ਜੋ ਬੇਹੋਸ਼ ਹੋ ਰਹੀ ਸੀ - ਆਤਮ ਬਲ ਨਾਲ ਸੁਰਜੀਤ ਕੀਤਾ ਅਰ ਸਰੂਪ ਵਿਚ ਇਸਥਿਤੀ ਬਖਸ਼ੀ ਅਰ ਢੇਰ ਵਰ ਦਿੱਤੇ, ਪਰ ਸਾਰੇ ਵਰ ਤੇ ਉਪਦੇਸ਼ ਲੈ ਕੇ ਮੈਣਿਆਣੀ ਨੇ ਕਿਹਾ, ਹੇ ਮੁਕਤੀ ਦਾਤਾ! ਹੇ ਤ੍ਰਾਣ ਕਰਤਾ! ਹੇ ਰਖੱਯਕ! ਹੇ ਗੁਸਾਈਂ! ਮੈਂ ਅਭਾਗ ਤੇ ਨਿਪੁੱਤੀ ਨੂੰ ਮਾਂ ਕਹਿ ਕੇ ਸੁਭਾਗ ਤੇ ਸੁਪੁੱਤੀ ਕਰਨ ਵਾਲੇ ਦਇਆ ਸਮੁੰਦਰ! ਇਨ੍ਹਾਂ ਸਥੂਲ ਨੇਤ੍ਰਾਂ ਨਾਲ ਆਪ ਦੇ ਦਰਸ਼ਨ ਦੀ ਸਿੱਕ ਕਿਕੁੱਰ ਤਸੱਲੀ ਪਾਇਆ ਕਰੇਗੀ? ਗਿਆਨ ਅਰ ਸਿਮਰਨ, ਧਿਆਨ ਅਰ ਰਸ ਆਪ ਦੀ ਅਪਾਰ ਬਖਸ਼ਿਸ਼ ਹੈ, ਪਰ

ਦਰਸ਼ਨਾਂ ਬਿਨ ਕਿਸ ਤਰ੍ਹਾਂ ਕਟੇਗੀ? ਚੋਜੀ, ਪਰ ਦਾਨੇ ਪਰੀਤਮ ਜੀ ਬਾਲਾ, ਪਰ ਸਭ ਤੋਂ ਉੱਚੇ ਤੇ ਵੱਡੇ ਪ੍ਰੀਤਮ ਜੀ ਨੇ ਆਖਿਆ - ਇਹ ਕਟਾਰ ਤੇ ਤਲਵਾਰ ਹੈ, ਇਹ ਪੋਸ਼ਾਕ ਹੈ, ਜਦ ਸਥੂਲ ਦਰਸ਼ਨ ਨੂੰ ਜੀ ਚਾਹੇ ਇਨ੍ਹਾਂ ਨੂੰ ਤੱਕੋ, ਮੇਰੇ ਸਰੂਪ ਦਾ ਝਲਕਾ ਵੱਜੇਗਾ। ਜਦੋਂ ਪਿਆਰ ਨੂੰ ਚਿੱਤ ਕਰੇ ਚਣੇ ਤਲਕੇ ਤੇ ਦੋਧੀ ਪੂਰੀਆਂ ਬਣਾ ਕੇ ਰੰਗ ਵਿਚ ਆਏ ਮੇਰੇ ਸਖਿਆਂ ਨੂੰ ਖੁਲਾਇਆ ਕਰੋਗੇ ਤਦ ਮੈਂ ਖਾਇਆ ਕਰਾਂਗਾ ਤੇ ਤੁਹਾਨੂੰ ਮੇਰੇ ਦਰਸ਼ਨ ਹੋਇਆ ਕਰਨਗੇ।

ਨਵਾਬ ਰਹੀਮ ਬਖਸ਼ ਨੇ ਜਦ ਦਰਸ਼ਨਾਂ ਦੀ ਮੰਗ ਮੰਗੀ ਤਾਂ ਹੁਕਮ ਹੋਇਆ ਕਿ ਤੈਨੂੰ ਜਪੁ ਸਾਹਿਬ ਦੇ ਪਾਠ ਦੇ ਸਮੇਂ ਦਰਸ਼ਨ ਹੋਇਆ ਕਰੇਗਾ। ਜੈਤੇ ਭਗਤ ਦੀ ਨਾਮ ਅਵਸਥਾ ਪ੍ਰਪੱਕ ਸੀ, ਉਸਨੇ ਭੀ ਦਰਸ਼ਨ ਦਾਨ ਮੰਗਿਆ, ਹੁਕਮ ਹੋਇਆ, ਪਾਠ ਵੇਲੇ ਝਲਕਾ ਵੱਜ ਸੀ, ਸ਼ਿਵਦੱਤ ਬ੍ਰਾਹਮਣ ਪ੍ਰੇਮ ਕੁੱਠਾ ਬੇਜੁਬਾਨ ਸਿਰ ਨਿਹੁੜਾਏ ਖੜ੍ਹਾ ਸੀ, ਮਨ ਹੀ ਮਨ ਮੰਗ ਮੰਗ ਰਿਹਾ ਸੀ। ਹੱਸ ਕੇ ਬਾਲਾ ਪ੍ਰੀਤਮ ਜੀ ਨੇ ਆਪਣੇ ਸੱਚੇ, ਸੁੱਚੇ ਤੇ ਉੱਚੇ ਪ੍ਰੇਮੀ ਨੂੰ ਕਿਹਾ ਸਵੇਰੇ ਗੰਗਾ ਕਿਨਾਰੇ ਮਾਨਸਕ ਪੂਜਾ ਸਮੇਂ ਤੈਨੂੰ ਪ੍ਰਤੱਖ ਦਰਸ਼ਨ ਹੋਇਆ ਕਰਨਗੇ। ਜਗਤ ਸੇਠ ਨੂੰ ਮੁਕਤੀ ਭੁਗਤੀ ਦਾ ਵਰ ਦਾਨ ਦਿੱਤਾ। ਇਸ ਨੇ ਬੇਨਤੀ ਕੀਤੀ ਕਿ ਹਰ ਥਾਂ, ਹਰ ਸਹਿਰ ਮੇਰੀਆਂ ਦੁਕਾਨਾਂ ਹਨ, ਆਪ ਦੀ ਸੇਵਾ ਲਈ ਮੇਰੇ ਕਾਮੇ ਹਾਜ਼ਰ ਹੋਣਗੇ। ਚਿੱਠੀਆਂ ਘੱਲ ਦਿਆਂ? ਆਪ ਨੇ ਕਿਹਾ ਮੇਰੇ ਪਾਸ ਧੁਰ ਦੀ ਚਿੱਠੀ ਹੈ, ਜਿਸਨੂੰ ਹਰ ਕਿਸੇ ਸਕਾਰਨਾ ਹੈ, ਪਰ ਸੇਠ ਨੇ ਤਦ ਵੀ ਹਰ ਟਿਕਾਣੇ ਹੁਕਮ ਘੱਲ ਦਿੱਤੇ ਕਿ ਸ੍ਰੀ ਜੀ ਦੀ ਸਭ ਥਾਂ ਸੇਵਾ ਹੋਵੇ। ਫੇਰ ਸਾਰੀ ਸੰਗਤ ਵਲੋਂ ਬਿਨੈ ਹੋਈ, ਆਪ ਨੇ ਆਗਿਆ ਕੀਤੀ ਜੋ ਅੰਮ੍ਰਿਤ ਵੇਲੇ ਦੀਵਾਨ ਵਿਚ ਹਾਜ਼ਰ ਹੋਵੇਗਾ, ਵਾਰ ਸੁਣੇਗਾ, ਉਸਨੂੰ ਅਸੀਂ ਪੰਘੂੜਾ ਝੂਟਦੇ ਮੰਦਰ ਦੇ ਵਿਚ ਦਿਸਾਂਗੇ। ਗੁਰੂ ਜੀ ਦਾ ਪੰਘੂੜਾ ਹੁਣ ਤਕ ਉਥੇ ਪਿਆ ਹੈ।

ਗੱਲ ਕੀਹ ਇਸ ਪ੍ਰਕਾਰ ਵਰ ਦਾਨ ਦਿੰਦੇ, ਉਪਦੇਸ਼ ਕਰਦੇ ਆਪ ਟੁਰੇ, ਸਾਰੀ ਸੰਗਤ ਦਾਨਾਪੁਰ ਤਕ ਨਾਲ ਆਈ, ਇੱਥੇ ਇਕ ਗਰੀਬ ਪ੍ਰੇਮਣ ਮਾਈ ਨੇ ਸਾਰੀ ਸੰਗਤ ਦੀ ਸੇਵਾ ਕੀਤੀ। ਇਕ ਮਿੱਟੀ ਦੀ ਹਾਂਡੀ ਵਿਚ ਸ੍ਰੀ ਗੁਰੂ ਜੀ ਲਈ ਖਿਚੜੀ ਬਣਾ ਕੇ ਛਕਾਈ। ਉਸ ਗਰੀਬ ਪ੍ਰੇਮਣ ਨੇ ਆਪਣਾ ਮਕਾਨ ਧਰਮਸਾਲ ਬਣਵਾਇਆ। ਹੁਣ ਤੋੜੀ ਉਸ ਧਰਮਸਾਲ ਦਾ ਹਾਂਡੀ ਵਾਲੀ ਸੰਗਤ ਨਾਮ ਪੈਂਦਾ ਹੈ, ਅਰ ਹਾਂਡੀ ਯਾਦਗਾਰ ਪਈ ਹੈ। ਗੱਲ ਕੀਹ ਦਾਨਾਪੁਰ ਤੋਂ ਆਪ ਨੇ ਸੰਗਤ ਨੂੰ ਬੜੇ ਜਤਨਾਂ ਨਾਲ ਮੋੜਿਆਂ ਤੇ ਅਗਾਂਹ ਨੂੰ ਟੁਰੇ।

ਰਾਜਾ ਫਤਹਿ ਚੰਦ ਤੇ ਰਾਣੀ ਨੇ ਘਰ ਆ ਕੇ ਉਸ ਸਥਾਨ ਨੂੰ - ਜਿੱਥੇ ਸ੍ਰੀ ਜੀ ਆ ਕੇ ਬੈਠਦੇ, ਬਿਰਾਜਦੇ, ਸਤਿਸੰਗ ਕਰਦੇ ਹੁੰਦੇ ਸੀ - ਮੰਦਰ ਦੀ ਸ਼ਕਲ ਵਿਚ ਪਲਟ ਦਿੱਤਾ ਅਰ ਕਿਰਪਾਨ, ਕਟਾਰ ਤੇ ਪੁਸ਼ਾਕ ਸਥਾਪਨ ਕੀਤੀ, ਦੋ ਵੇਲੇ ਕੀਰਤਨ ਕਰਦੇ ਤੇ ਪੂਰੀ ਛੋਲਿਆਂ ਦਾ ਪ੍ਰਸ਼ਾਦਾ ਵਰਤਾਂਦੇ। ਸ਼ਿਵ ਦੱਤ, ਪ੍ਰੇਮੀ ਸ਼ਿਵਦੱਤ, ਬਾਲਾ ਪ੍ਰੀਤਮ ਬਿਨ ਛਿਨ ਨਾ ਰਹਿਣ ਵਾਲਾ ਸ਼ਿਵਦੱਤ ਸਾਯੰਕਾਲ ਨੂੰ ਰੋਜ਼ ਇਸੇ ਮੰਦਰ ਵਿਚ ਆ ਕੇ ਸਤਿਸੰਗ ਵਿਚ ਹਿੱਸਾ ਲੈਂਦਾ।

ਪਟਣੇ ਤੋਂ ਟੁਰ ਕੇ ਦਾਨਾ ਪੁਰ ਤੋਂ ਅੱਗੋਂ ਛਪਰੇ ਆਦਿ ਥਾਈਂ ਠਹਿਰਦੇ ਕਾਂਸ਼ੀ ਅਯੁੱਧਿਆ ਆਦਿ ਥਾਈਂ ਟਿਕਦੇ, ਸਹਾਰਨ ਦੇ ਇਲਾਕੇ ਲੰਘਦੇ ਅੰਬਾਲੇ ਦੇ ਲਖਨੌਰ ਨਾਮੇ ਟਿਕਾਣੇ ਆ ਟਿਕੇ। ਇੱਥੇ ਕਿਤਨਾ ਚਿਰ ਨੌਂਵੇਂ ਗੁਰਾਂ ਦੇ ਹੁਕਮ ਵਿਚ ਟਿਕੇ ਰਹੇ। ਇਕ ਦਿਨ ਸਾਹਿਬਜ਼ਾਦੇ ਜੀ ਹੋਰ ਆਪਣੀ ਵਰੇਸ਼ ਦੇ ਬਾਲਕਾਂ ਨਾਲ ਖੇਡ ਰਹੇ ਸਨ ਕਿ ਇੱਥੇ ਦਾ ਇਕ ਨਾਮੀ ਪੀਰ - ਜਿਸ ਦਾ ਨਾਮ ਆਰਫ ਦੀਨ ਸੀ - ਪਾਲਕੀ ਵਿਚ ਬੈਠਾ ਪਾਸ ਦੀ ਲੰਘ ਰਿਹਾ ਸੀ ਦਰਸ਼ਨ ਕਰਕੇ ਪਾਲਕੀ ਖੜ੍ਹਵਾ ਲਈ, ਉਸ ਤੋਂ ਉਤਰ ਕੇ ਸਜਦਾ ਕੀਤੋਸੁ। ਉਸ ਵੇਲੇ ਉਨ੍ਹਾਂ ਦੇ ਨਾਲ ਮੁਰੀਦ ਵੀ ਸਨ। ਡੇਰੇ ਜਾ ਕੇ ਉਨ੍ਹਾਂ ਨੇ ਪੁੱਛਿਆ ਕਿ ਆਪ ਨੇ ਹਿੰਦੂ ਬੱਚੇ ਨੂੰ ਕਿਉਂ ਸਜਦਾ ਕੀਤਾ ਸੀ? ਆਪ ਦੀਨਦਾਰ ਸਾਡੇ ਬਜ਼ੁਰਗ ਸਓ। ਸ਼ਰਅ ਮੋਮਨਾਂ ਨੂੰ ਹਿੰਦੂਆਂ ਅੱਗੇ ਝੁਕਣੋਂ ਮਨ੍ਹਾ ਕਰਦੀ ਹੈ। ਤਦ ਪੀਰ ਨੇ ਨੈਣ ਭਰ ਕੇ ਆਖਿਆ - ਤੁਸੀਂ ਅਜੇ ਜਗਿਆਸੂ ਹੋ, ਇਲਾਹੀ ਭੇਤਾਂ ਨੂੰ ਸਮਝ ਨਹੀਂ ਸਕਦੇ ਹੋ, ਜੇ ਮੈਂ ਤੁਸਾਂ ਨੂੰ ਤੁਸਾਡੀ ਸਮਝ ਗੋਚਰੀ ਕਰਕੇ ਗੱਲ ਸਮਝਾਵਾਂ ਤਾਂ ਸ਼ਾਇਦ ਤੁਸੀਂ ਕੁਛ ਗਲ ਸਮਝ ਜਾਓ, ਇਹ ਬਾਲਕਾ ਮਾਮੂਲੀ ਬੱਚਾ ਨਹੀਂ ਹੈ, ਇਹ ਇਕ ਮਹਾਨ ਉੱਚੀ ਰੂਹਾਨੀ ਸ਼ਕਤੀ ਤੇ ਸ਼ਖਸੀਅਤ ਹੈ, ਮੈਂ ਮਰਾਕਬੇ ਵਿਚ ਜਦ ਦਰਸ਼ਨਾਂ ਦੀ ਤਾਂਘ ਕੀਤੀ ਤਾਂ ਸਭ ਤੋਂ ਉੱਚੀ ਥਾਂਵੇਂ ਇਸ ਸ਼ਖਸੀਅਤ ਦੇ ਦਰਸ਼ਨ ਪਾਏ, ਹੋਰ ਸਾਰੇ ਪੈਗੰਬਰਾਂ ਨੂੰ ਮੈਂ ਇਸ ਤੋਂ ਨੀਵੇਂ ਥਾਂ ਡਿੱਠਾ ਹੈ। ਤੁਸੀਂ ਦੁਨੀਆਂ ਦੇ ਹਿਸਾਬ ਸਮਝ ਲਓ ਕਿ ਜਿਵੇਂ ਸਾਰੇ ਵੱਡੇ ਉਮਰਾਵਾਂ ਦਾ ਕੋਈ ਸਿਰ ਉਮਰਾਉ ਹੋਵੇ, ਜੋ ਪਾਤਸ਼ਾਹ ਤਕ ਸਭ ਦੀ ਅਰਜ਼ ਪੁਚਾਵੇ, ਐਉਂ ਇਹ ਹੈ ਰੱਬੀ ਦਰਬਾਰ ਵਿਚ, ਸਭ ਤੋਂ ਉੱਚੀ ਸ਼ਖਸੀਅਤ। ਉਂਞ ਬਰਖੁਰਦਾਰੋ! ਖੁਦਾਵੰਦ ਕਰੀਮ ਬੇਰੰਗ ਬੇਚੂਨ ਹੈ, ਉਸਦੇ ਪਿਆਰੇ ਉਸਦੇ ਨਾਲ ਮਿਲੇ ਪਏ ਹਨ। ਪਰ ਅਸੀਂ ਐਉਂ ਹੀ ਆਪਣੇ ਖਿਆਲਾਂ ਵਿਚ ਸਮਝਾ ਸਕਦੇ ਹਾਂ।

ਇਸ ਤਰ੍ਹਾਂ ਕਈ ਦਿਨਾਂ ਪਿੱਛੋਂ ਗੁਰੂ ਜੀ ਦੀ ਆਗਿਆ ਆ ਜਾਵਣ ਤੇ ਆਪ ਆਨੰਦਪੁਰ ਆਣ ਪਹੁੰਚੇ। ਉਥੇ ਆਪ ਦੇ ਖੇਲਣ ਖੇਲਾਣ ਵਾਸਤੇ ਤੇ ਸਿਖਿਆ ਵਿਦਿਆ ਵਾਸਤੇ ਸਿਆਣੇ ਲਾਏ ਗਏ, ਜਿਸਦਾ ਪਤਾ

ਆਪ ਸ੍ਰੀ ਗੁਰੂ ਜੀ ਨੇ ਦਿਤਾ ਹੈ –

*ਮਦ੍ਰ ਦੇਸ ਹਮ ਕੋ ਲੇ ਆਏ॥*
*ਭਾਂਤ ਭਾਂਤ ਦਾਈਅਨ ਦੁਲਰਾਏ॥*
*ਦੀਨੀ ਭਾਂਤ ਭਾਂਤ ਕੀ ਸਿੱਛਾ॥*
*ਕੀਨੀ ਅਨਿਕ ਭਾਂਤ ਕੀ ਰੱਛਾ॥*

ਇਸ ਤਰ੍ਹਾਂ ਜਦ ਆਪ ਹੋਰ ਸਿਆਣੇ ਹੋਏ ਤਾਂ ਨੌਵੇਂ ਪਾਤਸ਼ਾਹ ਜੀ ਸੱਚਖੰਡ ਪਿਆਨਾ ਕਰ ਗਏ। ਇਸ ਸਬੰਧੀ ਸ੍ਰੀ ਦਸ਼ਮੇਸ਼ ਜੀ ਆਪ ਐਉਂ ਲਿਖਦੇ ਹਨ –

*ਜਬ ਹਮ ਧਰਮ ਕਰਮ ਮੋ ਆਏ॥*
*ਦੇਵ ਲੋਕ ਤਬ ਪਿਤਾ ਸਿਧਾਏ॥*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਹੇਤ ਆਪਣਾ ਸੀਸ ਦਿੱਲੀ ਵਿਚ ਕੁਰਬਾਨ ਕੀਤਾ, ਇਸ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਐਉਂ ਲਿਖਦੇ ਹਨ –

*ਧਰਮ ਹੇਤ ਸਾਕਾ ਜਿਨਿ ਕੀਆ॥*
*ਸੀਸ ਦੀਆ ਪਰ ਸਿਰੁ ਨ ਦੀਆ॥*
*ਨਾਟਕ ਚੇਟਕ ਕੀਏ ਕੁਕਾਜਾ॥*
*ਪ੍ਰਭੁ ਲੋਗਨ ਕਹਿ ਆਵਤ ਲਾਜਾ॥*

*ਦੋਹਰਾ – ਠੀਕ ਫੋਰਿ ਦਿਲੀਸ ਸਿਰ ਪ੍ਰਭੁ ਪੁਰ ਕੀਓ ਪਯਾਨ॥*
*ਤੇਗ ਬਹਾਦਰ ਸੀ ਕ੍ਰਿਯਾ ਕਰੀ ਨ ਕਿਨਹੂ ਆਨ॥*
*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥*



**ਸਰਬੰਸਦਾਨੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬੇ ਕਮਾਲ**

(ੲ) ਗੁਰਗੱਦੀ ਪਰ ਬਿਰਾਜਣਾ

ਨੌਵੇਂ ਸਤਿਗੁਰਾਂ ਦੇ ਸੀਸ ਦਾ ਸਸਕਾਰ ਆਨੰਦਪੁਰ ਹੋ ਚੁੱਕਾ ਹੈ, ਦਸਤਾਰਬੰਦੀ ਹੋ ਚੁੱਕੀ ਹੈ। ਜੋ ਜੋ ਆਏ ਪਿਆਰ ਭਰੇ ਨੈਣ ਵਹਾਉਂਦੇ ਆਏ, ਦਿਲ ਪਾੜ ਪਾੜ ਅੱਗੇ ਧਰਦੇ ਆਏ, ਪਰ ਗੁਰੂ-ਜਯੋਤੀ ਵਾਲੇ ਬਾਲਕੇ ਨੇ ਇਹੋ ਆਖਿਆ – ਤਕੜੇ ਹੋਵੇ, ਉਹ ਤਾਂ ਦੁਸ਼ਟ ਰਾਜ ਦੇ ਸਿਰ ਠੀਕਰਾ ਫੋੜ ਕੇ ਅਰਸ਼ਾਂ ਨੂੰ ਗਏ ਤੇ ਪਰਜਾ ਵਿਚ ਜਾਨ ਭਰ ਗਏ ਹਨ, ਹੁਣ ਤੁਸੀਂ ਸਭ ਤਿਆਰ ਹੋਵੋ, ਹੁਣ ਉਨ੍ਹਾਂ ਸ਼ੋਕ ਨਾ ਕਰੋ, ਸ਼ੁਕਰ ਕਰੋ ਤੇ ਟੁਰੋ ਪੂਰਨਿਆਂ ਤੇ ਜੋ ਉਹ ਵਾਹ ਗਏ ਹਨ। ਇਸ ਤਰ੍ਹਾਂ ਸੰਗਤਾਂ ਹੈਰਾਨ ਹਨ, ਪੀੜਤ ਹਨ, ਪਰ ਦਬਕੀਆਂ ਨਹੀਂ। ਕਿਸੇ ਨੂੰ ਭੈ ਨਹੀਂ ਆਇਆ, ਵਹੀਰਾਂ ਬੰਨ੍ਹ ਕੇ ਆਏ ਹਨ। ਖੁਫੀਆ ਮੁਖਬਰਾਂ ਤੋਂ, ਚੁਗਲਖੋਰਾਂ ਤੋਂ ਨਹੀਂ ਡਰੇ। ਅਮੀਰ, ਗਰੀਬ, ਪਤਵੰਤੇ, ਜਗੀਰਦਾਰ ਤੇ ਰਿਆਸਤੀ ਸਭ ਅੱਪੜੇ ਹਨ। ਇਹ ਜਿੰਦੜੀ ਰੁਮਕ ਪਈ ਦੇ ਸਬੂਤ ਹਨ। ਛੇਵੇਂ ਸਤਿਗੁਰੂ ਨੇ ਸਰੀਰ ਦੀ ਨਿਰਭੈਤਾ ਸਿਖਾਈ ਸੀ ਕਿ ਜਦ ਲੋੜ ਪਵੇ, ਭਾਣਾ ਆ ਵਰਤੇ, ਸਰੀਰ ਦੀ ਲੋੜ ਪਵੇ ਤਾਂ ਦੇ ਦਿਓ। ਦੇਖੋ ਸਿੱਖਾਂ ਵਿਚ ਅਭੈਤਾ ਕਿਤਨੀ ਹੈ, ਜ਼ਾਲਮ ਤੋਂ ਜ਼ਾਲਮ ਪਾਤਸ਼ਾਹ ਤੋਂ ਵੀ ਆਭੈ ਆਨੰਦਪੁਰ ਆ ਰਹੇ ਹਨ। ਦਸਤਾਰ ਬੰਦੀ ਹੋ ਚੁੱਕੀ, ਰੱਬੀ ਬਾਲਕੇ ਨੇ ਗੁਰੁਤਾ ਦਾ ਕੰਮ ਸੰਭਾਲਿਆ। ਗੁਰੁਤਾ ਦਾ ਕੰਮ ਕੀਹ ਹੈ? ਪਿਆਰੇ ਵਾਹਿਗੁਰੂ ਦੇ ਪਿਆਰ ਦੀ ਖਿੱਚ ਖਾਂਦੇ ਰਹਿਣਾ, ਸੁਰਤ ਦਾ ਚਰਨ ਕਮਲਾਂ ਵਿਚ ਖੁਭੇ ਰਹਿਣਾ, ਮਨ ਨੇ ਖੇੜੇ ਤੇ ਚੜ੍ਹਦੀਆਂ ਕਲਾਂ ਵਿਚ ਟਿਕੇ ਰਹਿਣਾ, ਕਿਸੇ ਵੇਲੇ ਚਮਕ ਪੈਣਾ ਤੇ ਇਹ ਛੁਹ ਹੋਰਨਾਂ ਨੂੰ ਲਾ ਦੇਣੀ। ਨੂਰ ਦੀ ਛੁਹ ਹਨ੍ਹੇਰੇ ਨੂੰ, ਅੱਗ ਦੇ ਅਲਾਂਬੇ ਦੀ ਛੁਹ ਮਾਨੋਂ ਲੱਕੜਾਂ ਦੇ ਢੇਰ ਨੂੰ ਲੱਗਣੀ, ਫੇਰ ਉਨ੍ਹਾਂ ਦਾ ਚਮਕਣਾ, ਬਲਣਾ, ਜੀਉਣਾ, ਚਮਕਾਉ, ਬਾਲਣਾ, ਜਿਵਾ ਦੇਣਾ ਸਭ ਕੌਤਕ ਦਿਖਾਲਦੇ ਤੇ ਸਿਖਾਲਦੇ ਹਨ। ਹਾਂ ਜਗਤ ਦੇਖਦਾ ਹੈ, ਕਦੇ ਤਾਂ ਡੁਲ੍ਹ ਡੁਲ੍ਹ

ਪੈ ਰਹੇ ਹਨ, ਕਦੇ ਕਿਸੇ ਗੁਰ ਸ਼ਬਦ ਦੀ ਇਲਾਹੀ ਸੱਦ ਇਉਂ ਗਲੇ ਤੋਂ ਉਠਦੀ ਹੈ ਕਿ ਸੁਣਨ ਵਾਲੇ ਦ੍ਰਵ ਦ੍ਰਵ ਕੇ ਨੀਰ ਨੈਣਾਂ ਵਿਚ ਠਲ੍ਹ ਨਹੀਂ ਸਕਦੇ। ਦੂਜੇ ਪਾਸੇ ਘੋੜੇ ਦੀ ਸਵਾਰੀ, ਤੀਰ ਚਲਾਉਣ ਦੀ ਵਰਜਿਸ਼ ਹੁੰਦੀ ਹੈ, ਤ੍ਰਿਖਾ ਰੁਖ ਜੰਗੀ ਸਾਮਾਨਾਂ ਵਲ ਹੈ। ਇਧਰ ਮਾਮਾ ਕ੍ਰਿਪਾਲ ਜੀ ਸਾਰਾ ਪ੍ਰਬੰਧ ਸੰਭਾਲਦੇ ਹਨ, ਜੋ ਕਿਸੇ ਦਾਨੇ, ਨੇਕ ਰੱਬ ਦੇ ਭੈ ਵਾਲੇ ਦਾ ਕੰਮ ਹੈ। ਹੋਰ ਪਿਆਰੇ ਸਤਿਗੁਰਾਂ ਦੇ ਵੇਲੇ ਦੇ ਕਾਰਦਾਰ ਉਸੇ ਤਰ੍ਹਾਂ ਸੇਵਾ ਤੇ ਕੰਮ ਕਾਰਜ ਕਰਦੇ ਹਨ। ਹੁਣ ਮਾਤਾ ਜੀ ਤੇ ਮਾਮਾ ਜੀ ਦੇ ਮਸ਼ਵਰੇ ਨਾਲ ਗੁਰਗੱਦੀ ਬਿਰਾਜਣ ਦਾ ਦਿਨ ਫੱਗਣ ਦੇ ਪਹਿਲੇ ਪੱਖ ਦੀ ਪੰਚਮੀ ਮੁਕੱਰਰ ਹੋਇਆ ਸੀ। ਦੇਸ਼ ਦੇਸ ਸੰਦੇਸੇ ਅੱਪੜ ਗਏ ਕਿ ਗੁਰ ਨਾਨਕ ਗੱਦੀ ਤੇ ਦਸਮੇਂ ਜਾਮੇ ਨੇ ਹੁਣ ਗੁਰ-ਜਯੋਤੀ ਦਾ ਨੂਰ ਚਮਕਾਉਣਾ ਹੈ। ਟਿੱਕੇ ਦਾ ਦਿਨ ਫਗਣ ਦੀ ਪੰਚਮੀ ਹੈ।



**ਪੀਰ ਭੀਖਣ ਸ਼ਾਹ ਪਟਨੇ ਸਾਹਿਬ ਵਿਖੇ ਪਹੁੰਚ ਕੇ ਬਾਲ ਗੋਬਿੰਦ ਰਾਇ ਦੇ ਦਰਸ਼ਨ ਕਰਦੇ ਹੋਏ।**

ਦਿਨ ਨੇੜੇ ਆ ਰਿਹਾ ਹੈ, ਸੰਗਤਾਂ ਦੂਰ ਦੂਰ ਤੋਂ ਆ ਰਹੀਆਂ ਹਨ, ਭਾਈ ਬੁੱਢੇ ਜੀ ਦਾ ਪਰਿਵਾਰ ਆ ਗਿਆ, ਗੁਰਦਿੱਤੇ ਜੀ ਦਾ ਭਰਾ ਹਰਦਿੱਤਾ ਆਇਆ ਹੈ, ਨਾਲ ਭਾਈ ਰਾਮ ਕੌਰ ਜੀ ਹਨ, ਜੋ ਅਜੇ ਬੱਚੇ ਹਨ। ਬੇਦੀ, ਤੇਹਣ, ਭੱਲੇ, ਸੋਢੀ ਸਭਨਾਂ ਵਿਚੋਂ ਵੱਡੇ-ਵੱਡੇ ਪੁਰਖ ਆਏ ਹਨ। ਬਖਸ਼ਿਸ਼ਾਂ ਵਾਲੇ, ਮੰਜੀਆਂ ਵਾਲੇ ਤੇ ਮਸੰਦ ਸਭ ਆ ਰਹੇ ਹਨ। ਜਗ੍ਹਾ ਜਗ੍ਹਾਂ ਤੋਂ ਸੰਗਤਾਂ ਦੇ ਵਹੀਰ ਆ ਰਹੇ ਹਨ। ਕਾਬਲ, ਕੰਧਾਰ, ਬੁਖਾਰਾ, ਅਸਾਮ, ਦੱਖਣ ਤੱਕ ਤੋਂ ਸਿੱਖ ਅੱਪੜ ਰਹੇ ਹਨ। ਆਨੰਦਪੁਰ ਵਿਚ ਭਾਰੀ ਇਕੱਠ ਹੋ ਰਿਹਾ ਹੈ, ਪਰ ਅੱਗੇ ਪ੍ਰਬੰਧ ਪੂਰਨ ਹਨ। ਮਾਮਾ ਜੀ ਨੇ ਐਸੇ ਸੁਹਣੇ ਇੰਤਜ਼ਾਮ ਤੇ ਸੇਵਾ ਦੀਆਂ ਵੰਡਾਂ ਕੀਤੀਆਂ ਹਨ ਕਿ ਜੋ ਆਉਂਦੇ ਹਨ, ਰਹਿਣ ਦਾ ਟਿਕਾਣਾ ਤੇ ਲੰਗਰ ਪ੍ਰਸ਼ਾਦ ਆਰਾਮ ਨਾਲ ਪਾਉਂਦੇ ਹਨ। ਬੀਬੀ ਵੀਰੋ ਜੀ ਦੇ ਪੰਜੇ ਪੁੱਤਰ-ਸੰਗੋ ਸ਼ਾਹ, ਜੀਤ ਮੱਲ, ਗੁਲਾਬ ਚੰਦ, ਗੰਗਾਰਾਮ, ਮਾਹਰੀ ਚੰਦ ਆ ਚੁੱਕੇ ਹਨ। ਸੂਰਜ ਮੱਲ ਦੇ ਦੋ ਪੋਤੇ - ਗੁਲਾਬ ਰਾਇ, ਸਯਾਮ ਦਾਸ ਪੁੱਜ ਚੁੱਕੇ ਹਨ। ਦਇਆ ਰਾਮ ਸਤਿਗੁਰਾਂ ਦਾ ਬੇਲੀ, ਭਲਾ ਮਸੰਦ ਨੰਦ ਚੰਦ ਮੌਜੂਦ ਹਨ, ਦੀਵਾਨ ਮਤੀ ਰਾਮ ਤੇ ਸਾਹਿਬ ਚੰਦ ਇੰਤਜ਼ਾਮਾਂ ਵਿਚ ਲਗ ਰਹੇ ਹਨ, ਹੋਰ ਭੀ ਸਾਰੇ ਮਸੰਦ ਦੂਰ-ਦੂਰ ਤੋਂ ਆ ਗਏ ਹਨ, ਇਤਨੀ ਗਹਿਮਾ ਗਹਿਮ ਹੋ ਰਹੀ ਹੈ ਕਿ ਭਾਰੀ ਮੇਲੇ ਤੇ ਵੀ ਨਹੀਂ ਹੁੰਦੀ। ਤਰ੍ਹਾਂ-ਤਰ੍ਹਾਂ ਦੀਆਂ ਭੇਟਾਂ, ਸੁਗਾਤਾਂ ਤੇ ਨਜ਼ਾਰਨੇ ਲੈ ਕੇ ਸਿੱਖ ਆ ਰਹੇ ਹਨ। ਹੁਣ ਦਿਨ ਨੇੜੇ ਆ ਜਾਣ ਕਰਕੇ ਨੇੜੇ ਤੇੜ ਦੀਆਂ ਸਿੱਖ ਸੰਗਤਾਂ, ਸਾਧੂ, ਸੰਤ, ਮਹੰਤ, ਜਗੀਰਦਾਰ, ਗਰੀਬ ਅਮੀਰ ਉਮਡੇ ਆ ਰਹੇ ਹਨ, ਮਾਨੋ ਇਕ ਪੁਰਖ ਦਰਿਆ ਠਾਠਾ ਮਾਰਦੀ ਚੜ੍ਹੀ ਕਾਂਗ ਵਾਂਗੂੰ ਅਭੈ ਆ ਰਿਹਾ ਹੈ।

ਅਨੰਦਪੁਰ ਵਿਚ ਇਕ ਦਮਦਮਾ ਸੀ, ਇੱਥੇ ਕੁਦਰਤੀ ਢਲਾਨ ਇਉਂ ਸੀ ਜਿਵੇਂ ਦਰਜੇ ਬੈਠਣ ਲਈ ਉਚੇ ਨੀਵੇਂ ਬਣਾਏ ਗਏ ਹਨ। ਇੱਥੇ ਇਕ ਸ਼ਾਮਿਯਾਨਾ ਤਾਣਿਆ ਗਿਆ। ਇਸਦੀ ਸਜਾਵਟ ਪ੍ਰੇਮੀਆਂ ਨੇ ਆਪ ਕੀਤੀ। ਸੰਗਤਾਂ ਦੇ ਬੈਠਣ ਲਈ ਵਿਛਾਈਆਂ ਹੋ ਗਈਆਂ, ਸ਼ਾਮਿਯਾਨੇ ਹੇਠ ਸੁੰਦਰ ਤਖਤ ਵਿਛਾਇਆ ਗਿਆ। ਇਸ ਪਰ ਮਖਮਲੀ ਗੱਦੀ ਵਿਛਾਈ ਗਈ, ਜੋ ਪਿਛਲੇ ਸਤਿਗੁਰਾਂ ਦੇ ਵਿਰਾਜਣ ਦੀ ਗੱਦੀ ਸੀ। ਤਖਤ ਦੇ ਉਪਰ ਇਕ ਜ਼ਰੀਦਾਰ ਚੰਦੋਆ ਤਣ ਰਿਹਾ ਸੀ। ਜਿਸ ਟਿਕਾਣੇ ਗੱਦੀ ਵਿਛੀ ਸੀ, ਉਸਦੇ ਉਪਰਵਾਰ ਛਤਰ ਲਟਕ ਰਿਹਾ ਸੀ।

ਅੰਮ੍ਰਿਤ ਵੇਲੇ ਸ੍ਰੀ ਗੁਰੂ ਜੀ ਨੂੰ ਇਸ਼ਨਾਨ ਕਰਾਇਆ ਗਿਆ ਤੇ ਤਿਆਰੀ ਹੋਈ ਜਿਵੇਂ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ -

***ਸ੍ਰੀ ਗੁਰੂ ਗੋਬਿੰਦ ਸਿੰਘ ਸ਼ਨਾਨੇ॥***
***ਸੂਖਮ ਬਸਤ੍ਰ ਦਾਸ ਗਨ ਆਨੇ॥***
***ਪਹਿਰਤ ਭਏ ਅੰਗ ਬਡ ਸ਼ੋਭਾ।।***
***ਦੇਖਤ ਸਭ ਕੋ ਮਨ ਬਹੁ ਲੋਭਾ॥***

*ਸੁੰਦਰ ਸਿਰ ਦਸਤਾਰ ਸਜਾਈ॥*
*ਮੁਕਤਾ ਮਾਲ ਬਿਸਾਲ ਸੁਹਾਈ॥*
*ਹੀਰਨ ਜਰੇ ਹੇਮ ਕੀ ਮੁਸਟਿ॥*
*ਮਹਰੋ ਖੜਗ ਲੋਹ ਬਹੁ ਸੁਸ਼ਟ॥*
*ਮੁਕਤਾ ਗੁੱਛੇ ਸੰਗ ਨਿਖੰਗ।.*
*ਭਰ ਕਰ ਤੀਖਨ ਬ੍ਰਿੰਦ ਖਤੰਗ॥*
*ਪਾਇ ਗਰੇ ਮਹਿੰ ਬਾਂਧੀ ਕਮਰ॥*
*ਸੰਮਤ ਦਸਵੇਂ ਮਹਿੰ ਜਿਨ ਉਮਰ॥*
*ਖੰਜਰ ਜਮਧਰ ਬਿਛੂਆ ਲੀਨ॥*
*ਕਮਰਕਸੇ ਮਹਿ ਧਾਰ ਪ੍ਰਬੀਨ॥*
*ਪਾਨ ਕਮਾਨ ਲਹੌਰੀ ਧਰਿਕੈ॥*
*ਹੇਰਤ ਸਰ ਕਰ ਫੇਰਨ ਕਰਿਕੈ॥*
*ਅਨਿਕ ਬਿਭੂਖਨ ਚਾਮੀਕਰ ਕੈ॥*
*ਜਥਾ ਜੋਗ ਸਭ ਪਹਿਰਨ ਕਰਿਕੈ॥*
*ਜੁਗ ਮਾਤਨ ਕੌ ਕਰਿ ਪਗ ਬੰਦਨ॥*
*ਅਭਿਨੰਦਨ ਹ੍ਵੈ ਦੇਸ਼ੋ ਨੰਦਨ॥*
*ਦੇਤ ਅਸੀਸ ਸੀਸ ਕਰ ਫੇਰਾ॥*
*ਹੋਵਹੁ ਸੁਜਸ ਪ੍ਰਤਾਪ ਉਚੇਰਾ॥*
*ਨਿਕਸੇ ਸਦਨ ਪੌਰ ਗੁਰ ਪੂਰੇ॥*
*ਪੰਕਜ ਪਾਇ ਉਪਾਯਨ ਰੂਰੇ॥*
*ਦਰਸ ਹੇਤ ਸਿਖ ਖਰੇ ਹਜ਼ਾਰੋਂ॥*
*ਉਮਗੇ ਜਨੁ ਜਸੁ ਪਾਰਵਾਰੋ॥*



ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਲ ਰੂਪ ਅੰਦਰ ਪਟਨੇ ਸਾਹਿਬ ਵਿਖੇ ਬੱਚਿਆਂ ਨੂੰ ਉਪਦੇਸ਼ ਦੇ ਰਹੇ ਹਨ।

ਐਉਂ ਫਕੀਰਾਂ ਦੇ ਪਾਤਸ਼ਾਹ, ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਰੂਹਾਨੀਆਂ ਦੇ ਸੁਲਤਾਨ ਸਜੇ ਧਜੇ ਆਪਣੀ ਆਤਮ ਜਯੋਤੀ ਵਿਚ ਲਸਲਸ ਕਰਦੇ ਬਾਹਰ ਨਿਕਲੇ, ਅੱਗੇ ਸੰਗਤਾਂ ਦੇ ਜਮਘਟੇ ਦਰਸ਼ਨਾਂ ਵਾਸਤੇ ਖੜ੍ਹੇ ਸਨ, ਸ਼ਹਿਰ ਦੇ ਮਕਾਨ ਦਰਸ਼ਨ ਕਰਨ ਦੀ ਚਾਹਨਾਂ ਵਾਲਿਆਂ ਨਾਲ ਭਰੇ ਪਏ ਸਨ, ਘਰੋਂ ਬਾਹਰ ਇਕ ਬਲਵਾਨ ਕੁਮੈਤ ਘੋੜਾ ਖੜ੍ਹਾ ਸੀ, ਜਿਸ ਪਰ ਆਪ ਸਵਾਰ ਹੋ ਪਏ। ਸਵਾਰੀ ਸਹਿਜੇ ਸਹਿਜੇ ਟੁਰੀ –

*ਸਨੈ ਸਨੈ ਤਬ ਕੀਨ ਪਯਾਨਾ॥*
*ਗਰੀਯਨ ਮਹਿ ਠਾਂਢੇ ਨਰ ਆਨਾ॥*
*ਮਨਹੁੰ ਚਕੋਰ ਚੰਦ ਕੋ ਜੋਵੈਂ॥*
*ਰਿਦੈ ਅਨੰਦ ਨਿੰਮ੍ਰਿ ਸਿਰ ਹੋਵੈਂ॥*
*ਸਭ ਦਿਸ਼ ਦੇਖਤ ਜਾਤ ਕ੍ਰਿਪਾਲਾ॥*
*ਹੁਇ ਨਿਹਾਲੁ ਸ਼ਰਧਾਲੂ ਵਿਸਾਲਾ॥*
*ਭਈ ਭੀਰ ਬਹੁ ਮਾਨਵ ਕੇਰੀ॥*
*ਚਲਹਿ ਪਿਛਾਰੀ ਮੰਗਲ ਹੇਰੀ॥*

ਚਾਰ ਚੁਫੇਰੇ ਤੋਂ ਤੇ ਮਹਿਲਾਂ ਉਪਰੋਂ ਫੁਲਸਰੀਆਂ ਤੇ ਸਿਹਰਿਆਂ ਦੀ ਬਰਖਾ ਹੁੰਦੀ ਸੀ, ਅਤਰ ਜਲ ਤੇ ਅੰਬੀਰ ਉਡੇ ਸੀ, ਕਿਤੇ ਸੰਖ ਦੀ ਧੁਨਿ ਉਠਦੀ ਸੀ, ਕਿਤੇ ਨਰਸਿੰਘੇ ਦਾ ਨਾਦ ਧੁਨਿ ਲਾਉਂਦਾ ਸੀ, ਕਿਤੇ ਤੂਤੀਆਂ ਤੇ ਨਫੀਰੀਆਂ ਵਜਦੀਆਂ ਸਨ। ਇਸ ਤਰ੍ਹਾਂ ਦੇ ਪਿਆਰ ਤੇ ਆਦਰ ਦੇ ਮੰਡਲ ਵਿਚੋਂ ਲੰਘਦੇ, ਸਤਿਕਾਰ ਲੈਂਦੇ, ਪਿਆਰ ਜਵਾਬ ਦਿੰਦੇ ਸਤਿਗੁਰੂ ਜੀ ਦਮਦਮੇ ਅੱਪੜੇ। ਅੱਗੇ ਦੀਵਾਨ ਸਜ ਰਿਹਾ ਸੀ, ਕੀਰਤਨ ਹੋ ਰਿਹਾ ਸੀ, ਸ੍ਰੀ ਗੁਰੂ ਜੀ ਘੋੜੇ ਤੋਂ ਉਤਰੇ, ਦੀਵਾਨ ਵਿਚੋਂ ਵੱਡੇ-ਵੱਡੇ ਮੁਖੀ ਅੱਗੋਂ ਲੈਣ ਆਏ ਹੋਏ ਸਨ। ਮਾਜਾ ਜੀ ਤੇ ਹੋਰ ਮੁਖੀਏ ਨਾਲ ਹੋ ਲਏ। ਇਕ ਸੁਨਹਿਰੀ ਝੂਲਦੇ ਛੱਤਰ ਦੇ ਹੇਠਾਂ ਦੀਵਾਨ ਵਿਚ ਆਏ। ਸਾਰੀ ਸੰਗਤ ਜੈਕਾਰ ਕਰਦੀ ਖੜੀ ਹੋ ਗਈ, ਖੁਸ਼ੀਆਂ ਦਾ ਇਕ ਉਭਾਰ ਉਛਲਿਆਂ, ਪਿਆਰ ਤੇ ਉਮਾਹ ਭਰੇ ਦਿਲਾਂ ਦਾ ਉਮਡਾਉ ਉਮਡਿਆ। ਇਸ ਸੰਸਾਰਕ ਤੇ ਮਾਨਸਿਕ ਆਦਰ ਦੇ ਮੰਡਲ ਵਿਚ ਆਪ ਅੱਗੇ ਵਧੇ, ਤਖਤ ਉਪਰ ਵਿਛੀ ਆਪਣੇ ਪਹਿਲੇ ਸਤਿਗੁਰਾਂ ਦੇ ਬਿਰਾਜਣ ਦੀ ਗੱਦੀ ਨੂੰ ਅਦਬ ਨਾਲ ਤੱਕਿਆ, ਨੈਣ ਮੁੰਦ ਲਏ, ਹੱਥ ਜੋੜ ਲਏ, ਇਸ ਗੱਦੀ ਪਰ ਬਿਰਾਜੇ ਹੋਏ ਸਤਿਗੁਰ ਨਾਨਕ ਜੀ ਦਾ ਦਰਸ਼ਨ ਪਾ ਕੇ ਸੀਸ ਝੁਕਾਇਆ, ਫਿਰ ਗੁਰੂ ਅੰਗਦ ਦੇਵ ਜੀ ਦਾ ਧਿਆਨ ਇਸ ਪਰ ਬੈਠਾ

ਤੱਕ ਕੇ ਸਿਰ ਨਿਵਾਇਆ, ਫਿਰ ਗੁਰੂ ਅਮਰਦੇਵ ਜੀ ਦੀ ਮੂਰਤੀ ਦੇਖ ਕੇ ਨਮਸਕਾਰ ਕੀਤੀ, ਫਿਰ ਸ੍ਰੀ ਗੁਰੂ ਰਾਮਦਾਸ ਜੀ ਦਾ ਦੀਦਾਰ ਹੋਇਆ, ਆਪ ਦੇ ਕਲਗੀ ਜਿਗਾ ਸੀਸ ਨੇ ਜੁਹਾਰ ਕੀਤੀ, ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰੂਪ ਨਿਹਾਰਿਆ ਤੇ ਪ੍ਰਣਾਮ ਕੀਤੀ, ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਤੇਜਸ੍ਵੀ ਮੂਰਤਿ ਨਜ਼ਰ ਪਈ, ਤਦ ਫੇਰ ਮੱਥਾ ਟੇਕਿਆ, ਫਿਰ ਸ੍ਰੀ ਗੁਰੂ ਹਰਿਰਾਇ ਜੀ ਦਾ ਚਿਹਰਾ ਟਿਕੇ ਟਿਕਾਉ ਵਿਚ ਲਸਦਾ ਵੇਖ ਕੇ ਸਜਦਾ ਕੀਤਾ, ਫਿਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੁਖ ਹਰਤਾ ਦਾ ਪ੍ਰਤੱਖ ਝਲਕਾ ਵੱਜਾ, ਆਪ ਨੇ ਬੰਦਨਾ ਕੀਤੀ, ਫੇਰ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਹਰਖ ਸ਼ੋਕ ਤੋਂ ਅਤੀਤ ਸਰੂਪ ਗੱਦੀ ਤੇ ਬੈਠਾ ਨਜ਼ਰ ਪਿਆ, ਸਤਿਕਾਰ ਅਦਬ ਤੇ ਪਿਆਰ ਨਾਲ ਆਂਦਰਾਂ ਦੇ ਸਨੇਹ ਨੇ ਨੈਣ ਭਰ ਦਿਤੇ, ਉਨ੍ਹਾਂ ਸੋਹਣੇ ਸਤਿਗੁਰਾਂ ਦੇ ਚਰਨਾਂ ਤੇ ਮਸਤਕ ਧਰ ਦਿਤਾ। ਪਲ ਬਾਦ ਰੱਬੀ ਜੋਤਿ ਨੇ ਸਦਾ ਅਨੰਦ ਨਾਲ ਭਰੇ ਸਿਰ ਨੂੰ ਚਾਇਆ, ਹੁਣ ਆਪ ਜੀ ਨੇ ਪਰਤ ਕੇ ਸਾਰੀ ਸੰਗਤ ਵਲ ਤੱਕਿਆ, ਗੁਰੂ ਵੰਸ਼ ਦੇ ਬੇਦੀ, ਤੇਹਣ, ਭੱਲੇ ਸਿਰਕਰਦਿਆਂ ਵਲ ਨਜ਼ਰ ਪਈ, ਸਭ ਦੇ ਮੂੰਹੋਂ ਇਕ ਵਾਰ ਸੱਦ ਆਈ –

***ਗੁਰਗੱਦੀ ਪਰ ਬਿਰਾਜੀਏ ਦਾਤਾ ਜੀਓ!***
***ਸਭਿ ਹਿਨਿ ਕੀ ਆਇਸੁ ਕੋ ਪਾਏ॥***
***ਭਏ ਅਰੂਢਨ ਗੁਰਨਿ ਮਨਾਏ॥***
***ਗੁਰਤਾ ਸਜੰਦਨ ਪਰ ਆਰੋਹੇ॥***
***ਦਿਪਯੋ ਪ੍ਰਤਾਪ ਦਸੋਸਪਤ ਸੋਹੇ॥***
***ਗਨ ਸੰਗਤ ਪੰਕਜ ਬਿਕਸੰਤੇ॥***
***ਬਿਚ ਮਕਰੰਦ ਅਨੰਦ ਬਧੰਤੇ॥***

ਜਿਸ ਵੇਲੇ ਆਪ ਨੇ ਗੁਰਗੱਦੀ ਤੇ ਬੈਠ ਕੇ ਦਿਦਾਰਾ ਦਿਤਾ, ਚੌਰ ਬਰਦਾਰ ਨੇ ਪਿਛੇ ਖੜੋ ਕੇ ਚੌਰ ਕੀਤਾ, ਤਦ ਬਾਹਰ ਦੁੰਦਭੀ ਵਾਲਿਆਂ ਨੇ ਸ਼ਾਦਿਯਾਨਾ ਵਜਾਇਆ। ਇਸ ਪਿਛੋਂ ਸੰਗਤ ਸਾਰੀ ਨੇ, ਆਜ ਹਮਾਰੈ ਮੰਗਲਚਾਰ, ਦਾ ਸਬਦ ਗਾਂਵਿਆਂ। ਫਿਰ ਰਾਗੀ ਸਿੰਘਾਂ ਨੇ ਇਹੋ ਸ਼ਬਦ ਗਾਉਂਕੇ ਟਿੱਕੇ ਦੀ ਵਾਰ ਗਾਈ। ਹੁਣ ਬ੍ਰਿਧ ਦੀ ਵੰਸ਼ ਦੇ ਭਾਈ ਹਰਦਿੱਤਾ ਜੀ ਅੱਗੇ ਵਧੇ, ਨਾਲ ਸਾਹਿਬ ਰਾਮ ਕੁਇਰ ਜੀ ਨੂੰ ਲਿਆਏ। ਆਪ ਨੇ ਇਸ ਵੇਲੇ ਸੰਨਿਮਰ ਹੋ ਅਰਦਾਸਾ ਸੋਧਿਆ, ਫੇਰ ਹੱਥ ਵਿਚ ਸੋਨੇ ਦੀ ਕੇਸਰ ਕਟੋਰੀ ਲੈ ਕੇ ਰਾਮ ਕੁਇਰ ਜੀ ਦੇ ਹੱਥੀਂ ਸ੍ਰੀ ਸਤਿਗੁਰ ਜੀ ਦੇ ਮਸਤਕ ਤੇ ਤਿਲਕ ਕਰਾਇਆ, ਫੇਰ ਨਾਲੀਏਰ ਤੇ ਪੰਜ ਪੈਸੇ – ਜੋ ਨੌਵੇਂ ਸਤਿਗੁਰਾਂ ਨੇ ਦਿੱਲੀ ਤੋਂ ਆਪਣੇ ਪਯਾਨ ਤੋਂ ਪਹਿਲੇ ਘੱਲੇ ਸਨ – ਸਤਿਗੁਰੂ ਜੀ ਦੇ ਅੱਗੇ ਰਾਮ ਕੁਇਰ ਜੀ ਤੋਂ ਧਰਾ ਕੇ ਨਮਸਕਾਰ ਕਰ ਰਾਮ ਕੁਇਰ ਜੀ ਸਮੇਤ ਪਰਕਰਮਾ ਕੀਤੀ ਤੇ ਧਰਤੀ ਤੇ ਮੱਥਾ ਰੱਖ ਕੇ ਡੰਡਉਤ ਕੀਤੀ ਤੇ ਸੰਗਤ ਵਲ ਮੂੰਹ ਕਰਕੇ ਅਵਾਜ਼ਾ ਦਿੱਤਾ –



ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੇਣ ਸਮੇਂ

***ਸੱਚਾ ਪਾਤਸ਼ਾਹ ਦਸਵਾਂ ਗੁਰੂ ਹਾਜ਼ਰਾ ਹਜ਼ੂਰ, ਹਾਜ਼ਰਾ ਹਜ਼ੂਰ!***
***ਜਗਮਗ ਜੋਤਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ!***

ਇਸ ਵੇਲੇ ਫਿਰ ਸ਼ਾਦਿਯਾਨੇ ਵੱਜੇ ਤੇ ਜੈਜੈਕਾਰ ਨਾਲ ਅਕਾਸ਼ ਗੂੰਜ ਉਠਿਆ ਇਹ ਮਰਿਯਾਦਾ ਪੰਜ ਪੈਸੇ ਨਾਲੀਏਰ ਅੱਗੇ ਧਰ, ਪ੍ਰਕਰਮਾ ਕਰਨ, ਮੱਥਾ ਟੇਕ ਕੇ ਗੁਰਿਆਈ ਦੇਣ ਦੀ ਆਦਿ ਪਾਤਸ਼ਾਹੀ ਤੋਂ ਅੱਜ ਤੱਕ ਜਾਰੀ ਸੀ, ਜੋ ਸਤਿਗੁਰ ਆਪ ਕਰਦੇ ਸੀ। ਇਥੇ ਸਤਿਗੁਰਾਂ ਦੀ ਆਗਿਆ ਵਿਚ ਭਾਈ ਬੁੱਢੇ ਕਿਆਂ ਨੇ ਕੀਤੀ। ਮੱਥੇ ਤੇ ਤਿਲਕ ਦੇਣਾ ਇਹ ਮਰਿਯਾਦਾ ਵੀ ਆਦਿ ਸਤਿਗੁਰਾਂ ਦੇ ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇਣ ਦੇ ਸਮੇਂ ਤੋਂ ਅੱਜ ਤਕ ਭਾਈ ਬੁੱਢਾ ਤੇ ਉਨ੍ਹਾਂ ਦੀ ਵੰਸ਼ ਦਾ ਮੁਖੀਆ ਕਰਦਾ

ਆਇਆ ਸੀ। ਸੋ ਤਿਲਕ ਤੇ ਗੁਰਿਆਈ ਮਿਲ ਚੁੱਕਣ ਮਗਰੋਂ ਦੀ ਮਰਿਯਾਦਾ ਦਸਤਾਰ ਤੇ ਨਜ਼ਰਾਂ ਦੀ ਹੁੰਦੀ ਸੀ, ਜੋ ਸਭ ਤੋਂ ਮੂਹਰੇ ਭਾਈ ਬੁੱਢੇ ਕੇ ਕਰਦੇ ਹਨ, ਉਸ ਮੂਜਬ–

***ਕੋਰਦਾਰ ਚਹੂੰ ਓਰਨ ਚੀਰੇ॥***
***ਜਰੇ ਬਿਕੀਮਤ ਜਿਸ ਮਹਿ ਹੀਰੇ॥***
***ਜਬਰ ਜ਼ੇਬ ਜੁਤ ਜਮਮਗਕਾਰੀ॥***
***ਜਿਗਾ ਦਈ ਸਿਰ ਬੰਧ ਉਦਾਰੀ॥***
***ਜਰੇ ਜਵਾਹਰ ਜਾਗਤ ਜੋਤੀ॥***
***ਉੱਜਲ ਗੋਲ ਪੋਏ ਵਿਚ ਮੋਤੀ॥***
***ਕਲਗੀ ਚਾਰੁ ਉਤੰਗਹਿ ਕਰੀ॥***
***ਸਤਿਗੁਰ ਸੀਸ ਧਰੀ ਬਿਧਿ ਖਰੀ॥***
***ਬਹੁ ਮੋਲਾ ਇਕ ਦੀਨਸ ਬਾਜ।.***
***ਕਰ ਬਿਠਾਇ ਦੇਖਯੋ ਮਹਾਰਾਜ॥***
***(ਸੂ: ਪ੍ਰ: ਰੁ: ੧ ਅੰਸੂ ੬)***

ਇਕ ਕਲਗੀ ਤੇ ਜਿਗਾ ਹੀਰਿਆਂ ਪੰਨਿਆਂ ਦੀ ਜੜਤ ਵਾਲੀ ਇਕ ਦਸਤਾਰ ਸਮੇਤ ਪੇਸ਼ ਕੀਤੀ ਤੇ ਸੀਸ ਤੇ ਤ੍ਰੈਏ ਸ਼ੈਆਂ ਸਜਾ ਦਿੱਤੀਆਂ। ਇਕ ਦੁਸ਼ਾਲਾ, ਮੋਤੀਆਂ ਦੀ ਮਾਲਾ, ਇਕ ਕਮਾਣ, ਇਕ ਤਲਵਾਰ, ਇਕ ਚਾਂਦੀ ਦੇ ਸਾਜ਼ ਦਾ ਘੋੜਾ, ਇਕ ਬਾਜ ਤੇ ਪੰਜ ਮੁਹਰਾਂ ਅਰਪਨ ਕੀਤੀਆਂ।

ਔਰੰਗਜ਼ੇਬ ਨੌਂਵੇਂ ਸਤਿਗੁਰਾਂ ਨੂੰ ਕਤਲ ਕਰਦਾ ਹੈ ਕਿ ਮੇਰਾ ਭੈ ਬੈਠੇ, ਲੋਕੀਂ ਡਰਨ ਤੇ ਜ਼ਬਰਦਸਤੀ ਮੁਲਕ ਮੁਸਲਮਾਨ ਕਰ ਲਵਾਂ। ਜੇ ਮੈਂ ਗੁਰੂ ਤੇਗ ਬਹਾਦਰ ਨੂੰ ਮਾਰ ਲਿਆ ਤਾਂ ਫੇਰ ਕੌਣ ਕੁਸਕੂ? ਪਰ ਇਥੇ ਸਿੱਖਾਂ ਪੁਰ ਉਹ ਨਿਰਭੈਤਾ ਵੱਸ ਰਹੀ ਹੈ ਕਿ ਨੌਂਵੇਂ ਸਤਿਗੁਰਾਂ ਦੇ ਸਾਕੇ ਤੋਂ ਹੋਰ ਨਿਰਭੈ ਹੁੰਦੇ ਹਨ। ਆਪਣੇ ਸਤਿਗੁਰ ਜੀ ਦਾ ਤਿਲਕ ਪੂਰੀ ਰਾਜਸੀ ਤਖਤ ਨਸ਼ੀਨੀ ਦੇ ਠਾਠਬਾਠ ਦਾ ਕਰਦੇ ਹਨ। ਇੱਥੋਂ ਤਾਂਈ ਕਿ ਕਲਗੀ ਜਿਗਾ ਬੀ ਗੱਦੀ ਤੇ ਬਿਠਾ ਕੇ ਲਾਉਂਦੇ ਹਨ, ਸ਼ਸਤ੍ਰ ਘੋੜੇ ਤੇ ਬਾਜ ਅਰਪਦੇ ਹਨ। ਸਿਖ ਭੈ ਦਿੰਦੇ ਨਹੀਂ, ਪਰ ਭੈ ਮੰਨਦੇ ਬੀ ਨਹੀਂ। ਤ੍ਰੈ ਚਾਰ ਮਹੀਨੇ ਹੋਏ ਕਿ ਨੌਂਵੇਂ ਗੁਰੂ ਜੀ ਸ਼ਹੀਦ ਹੁੰਦੇ ਹਨ, ਪਰ ਅੱਜ ਉਸ ਨੌਂਵੇਂ ਗੁਰੂ ਦੇ ਸਿੱਖ ਉਨ੍ਹਾਂ ਦੇ



**ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ**

ਸਿਖਾਏ ਉੱਜਲ ਮਤ, ਆਨ ਸ਼ਾਨ, ਗੈਰਤ, ਅਣਖ ਵਾਲੇ ਅਭੈ ਬੰਦੇ ਉਨ੍ਹਾਂ ਦੇ ਥਾਪੇ ਅਸੂਲ –

ਭੈ ਕਾਹੂ ਕਉ ਦੇਹ ਨਹਿ ਨਹਿ ਭੈ ਮਾਨਤ ਆਨਿ॥

ਮੂਜਬ ਨਿਰਭੈ ਤੇ ਜੀਉਂਦੀ ਜਾਗਦੀ ਸੂਰਤ ਵਾਲੇ ਗੁਰੂ ਗੱਦੀ ਦੀ ਮਰਿਯਾਦਾ ਕਰਦੇ ਹਨ।

ਭਾਈ ਬੁੱਢੇ ਕੇ ਦੇ ਘਰ ਦੀ ਰਸਮ ਹੋਣ ਮਗਰੋਂ ਬੇਦੀ, ਤੇਹਣ, ਭੱਲੇ ਗੁਰਵੰਸ਼ ਦੇ ਵਡਕਿਆਂ ਦੀਆਂ ਭੇਟਾਂ ਪੇਸ਼ ਹੋਈਆਂ। ਮਾਮਾ ਕ੍ਰਿਪਾਲ ਜੀ ਤੇ ਹੋਰ ਸੰਬੰਧੀਆਂ, ਮਸੰਦਾਂ, ਸੰਗਤਾਂ ਤੇ ਸਿੱਖਾਂ ਵਲੋਂ ਭੇਟਾਂ ਅਰਪਣ ਹੋਈਆਂ। ਮੇਵੜਾ ਹਰ ਇਕ ਦੀ ਅਰਦਾਸ ਕਰਦਾ ਸੀ, ਮੁਨਸ਼ੀ ਲਿਖਦੇ ਸਨ ਤੇ ਮਾਮਾ ਜੀ ਤੇ ਦੀਵਾਨ ਜੀ ਸੰਭਾਲਦੇ ਸਨ। ਸੁਗਾਤਾਂ ਤੇ ਭੇਟਾ ਦੇ ਅੰਬਾਰ ਲਗ ਗਏ। ਇਸ ਤੋਂ ਮਗਰੋਂ ਫੇਰ ਰਾਗੀਆਂ ਨੇ ਸ਼ਬਦ ਪੜ੍ਹਿਆ, ਅਰਦਾਸਾ ਸੋਧਿਆ ਗਿਆ ਤੇ ਕੜਾਹ ਪ੍ਰਸ਼ਾਦ ਵਰਤਾਇਆ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਅੱਜ ਸੰਗਤ ਵਿਚ ਵਰਤਿਆ। ਇਸ ਤੋਂ ਅੰਦਾਜ਼ਾ ਹੋ ਸਕਦਾ ਹੈ ਕਿ ਕਿਤਨੀ ਕੁ ਸੰਗਤ ਆਈ ਹੋਊ।

ਇਸ ਤਰ੍ਹਾਂ ਇਸ ਛੋਟੀ ਉਮਰੇ ਹੀ ਗੁਰਗੱਦੀ ਦੀ ਵਾਗ ਡੋਰ ਸੰਭਾਲ ਕੇ ਆਪ ਜੀ ਨੇ ਕਾਰਜ ਆਰੰਭ ਦਿਤਾ। ਆਪ ਜੀ ਨੂੰ ਇਸ ਅਵਸਥਾ ਵਿਚ ਘੋੜੇ ਦੀ ਅਸਵਾਰੀ ਤੇ ਧਨੁਖਬਾਣ ਦਾ ਬਹੁਤ ਸ਼ੌਕ ਸੀ। ਨਿੱਕੇ ਤੀਰ, ਨਿੱਕੇ ਕਮਾਣ ਤੇ ਗੁਲੇਲਾ ਦੀਆਂ ਖੇਡਾਂ ਪਟਣੇ ਤੋਂ ਹੀ ਅਭਿਆਸ ਕਰਦੇ ਆਏ ਸੇ। ਘੋੜੇ ਤੇ ਚੜ੍ਹਨਾਂ ਬੀ ਪਿਤਾ ਜੀ ਦੇ ਵੇਲੇ ਸਿੱਖ ਚੁੱਕੇ ਸੇ। ਹੁਣ ਕੁਦਰਤ ਦਾ ਰੰਗ ਦੇਖੋ, ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਵਿਚ ਅਡੋਲ ਅਚੱਲ ਬੈਠ ਕੇ ਕਈ ਵੇਰ ਕੀਰਤਨ ਦੇ ਪ੍ਰਭਾਵ ਵਿਚ ਨੈਣ ਭੀ ਭਰ ਆਉਂਦੇ ਹਨ। ਭੋਗ ਪਏ ਤੇ ਸੰਗਤਾਂ ਨਾਲ ਗੱਲਬਾਤ ਸੋਹਣੀ ਕਰਦੇ, ਅਰਦਾਸਾ ਸੁਣ ਕੇ ਮਿਹਰਾਂ

ਬੀ ਕਰਦੇ, ਉਠ ਕੇ ਘਰ ਜਾ ਪ੍ਰਸ਼ਾਦਾ ਛਕ ਦੁਪਹਿਰੇ ਧਨੁਖ ਬਾਣ ਦੇ ਰੰਗ ਵੇਖਦੇ। ਲਾਹੌਰ ਤੋਂ ਆਪਣੇ ਮੇਲ ਦੇ ਖਾਸ ਤੀਰ ਕਮਾਨ ਮੰਗਵਾਏ ਹਨ। ਬੀਬੀ ਵੀਰੋ ਦੇ ਬੇਟੇ, ਸੂਰਜ ਮਲ ਦੇ ਪੋਤਰੇ, ਹੋਰ ਹਮਜੋਲੀ ਤੇ ਵੱਡੇ ਸਾਕ ਸਨਬੰਧੀ, ਜੋ ਜੋ ਤੀਰ ਅੰਦਾਜ਼ੀ, ਘੋੜ ਸਵਾਰ ਤੇ ਬੰਦੂਕ ਚਲਾਉਣ ਵਿਚ ਸਿਆਣੇ ਸਨ, ਪਾਸ ਰੱਖ ਲਏ। ਦੁਪਹਿਰ ਇਨ੍ਹਾਂ ਦੇ ਅਭਿਆਸ ਵੇਖਦੇ, ਆਪ ਤੀਰ ਚਲਾਉਂਦੇ ਦੂਰ-ਦੂਰ ਨਿਸ਼ਾਨੇ ਫੁੰਡਦੇ, ਉਨ੍ਹਾਂ ਤੋਂ ਬੰਦੂਕਾਂ ਚਲਵਾ ਕੇ ਨਿਸ਼ਾਨੇ ਤੇ ਗੋਲੀ ਵਜਦੀ ਤੱਕ ਕੇ ਖੁਸ਼ ਹੁੰਦੇ। ਲੋਢੇ ਪਹਿਰ ਆਪ ਸ਼ਿਕਾਰ ਨੂੰ ਜਾਂਦੇ, ਸ਼ਿਕਾਰ ਵੇਖਦੇ, ਘੋੜ ਦੌੜਾਂ ਕਰਵਾਉਂਦੇ, ਗਤਕੇ ਦੀ ਖੇਡ ਕਰਵਾਉਂਦੇ ਤੇ ਸਭ ਤਰ੍ਹਾਂ ਦੇ ਹਥਿਆਰ ਤੱਕ ਕੇ ਖੁਸ਼ ਹੁੰਦੇ। ਸਿੱਖ ਬੀ ਸੋਹਣੇ ਸੋਹਣੇ ਹਥਿਆਰ ਭੇਟਾ ਲਿਆਉਂਦੇ। ਆਪ ਸੰਧਿਆ ਹੋਈ ਤੇ ਸੋ ਦਰ ਰਹਿਰਾਸ ਦੇ ਦੀਵਾਨ ਵਿਚ ਜ਼ਰੂਰ ਪਹੁੰਚਦੇ ਅਰ ਪਾਠ ਬੜੇ ਅਡੋਲ ਹੋ ਕੇ ਸੁਣਦੇ। ਕਦੇ ਕਦੇ ਅਸਚਰਜ ਗੱਲਾਂ ਕਰਦੇ, ਕਦੇ ਹਸਦੇ, ਖੇਲ੍ਹਦੇ, ਖਿੜਦੇ ਖਿੜਦੇ ਹੱਥ ਨਾ ਆਉਂਦੇ, ਪਰ ਕਦੇ ਐਸੇ ਵੈਰਾਗ ਵਿਚ ਆ ਕੇ ਕੋਈ ਸ਼ਬਦ ਗਾਉਂ ਉਠਦੇ ਕਿ ਸਾਰੇ ਜਗਤ ਤੇ ਉਪਰਾਮਤਾ ਦਾ ਪ੍ਰਭਾਵ ਛਾ ਜਾਂਦਾ।

ਗੁਰ ਪ੍ਰਤਾਪ ਸੂਰਜ ਅਨੁਸਾਰ ਸੰਮਤ 1738 ਦੇ ਹਾੜ 23 ਪ੍ਰਵਿਸ਼ਟੇ ਨੂੰ ਸਤਿਗੁਰੂ ਜੀ ਦਾ ਲਾਹੌਰ ਦੇ ਪ੍ਰੇਮੀ ਖੱਤਰੀ ਭਿਖੀਏ ਦੀ ਕਾਕੀ 'ਜੀਤੋ' ਜੀ ਨਾਲ ਵਿਵਾਹ ਹੋਇਆ। ਆਨੰਦਪੁਰ ਤੋਂ ਕੁਛ ਕੁ ਮੀਲਾਂ ਤੇ ਨਵਾਂ ਨਗਰ ਲਾਹੌਰ ਰਚਿਆ ਗਿਆ। ਭਿਖੀਆ ਪਰਿਵਾਰ ਸਮੇਤ ਉਥੇ ਆ ਗਿਆ ਤੇ ਵਿਵਾਹ ਦੀ ਮਰਿਯਾਦਾ ਓਥੇ ਹੋਈ, ਪਰ ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਲਾਹੌਰ ਦੇ ਭਿਖੀਏ ਜਾਤ ਦੇ ਖੱਤਰੀ ਹਰਜਸਰਾਇ ਜੀ ਦੀ ਸਪੁੱਤਰੀ ਨਾਲ 15 ਜੇਠ ਸੰ: 1730 ਨੂੰ ਗੁਰੂ ਜੀ ਦਾ ਵਿਵਾਹ ਗੁਰੂ ਤੇਗ ਬਹਾਦਰ ਜੀ ਨੇ ਆਪ ਰਚਿਆ ਤੇ ਆਨੰਦਪੁਰ ਕੋਲ ਲਾਹੌਰ ਰਚ ਕੇ ਓਥੇ ਮਰਿਯਾਦਾ ਕੀਤੀ ਸੀ।

ਮੁਲਤਾਨ ਵਾਲੇ ਪਾਸੇ ਇਕ 'ਰੂਪਾ' ਨਾਮੇ ਧਾੜਵੀ ਸੀ ਤੇ ਇਕ ਰੂਪਾ ਗੁਰੂ ਕਾ ਸਿੱਖ ਸੀ, ਜਾਪਦਾ ਹੈ ਕਿ ਧਾੜਵੀ ਦੇ ਭੁਲੇਖੇ ਨਾਮ ਇੱਕੋ ਹੋਣ ਕਰਕੇ ਧਾੜਵੀ ਦੇ ਕਿਸੇ ਅਪਰਾਧ ਵਿਚ ਸਿੱਖ ਰੂਪ ਫੜਿਆ ਗਿਆ। ਗੁਰੂ ਮਿਹਰ ਨਾਲ ਇਹ ਸੱਜਣ ਸੱਚ ਦੇ ਪ੍ਰਗਟ ਹੋ ਜਾਣ ਨਾਲ ਸੱਚਾ ਸਾਬਤ ਹੋ ਗਿਆ।




ਗੁ. ਤਖਤ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ

ਰੂਪਾ ਖੁਸ਼ੀ ਖੁਸ਼ੀ ਘਰ ਆਇਆ। ਸ਼ੁਕਰ ਸ਼ੁਕਰ ਵਿਚ, ਖੁਸ਼ੀ ਖੁਸ਼ੀ, ਹਾਂ, ਇਸ ਲਈ ਕਿ ਹੁਣ ਆਨੰਦਪੁਰ ਜਾਏਗਾ, ਪਰ ਅੱਗੋਂ ਇਸਤਰੀ ਬੀਮਾਰ ਸੀ। ਦਸਤਾਰਬੰਦੀ ਵੇਲੇ, ਗੁਰਗੱਦੀ ਬਿਰਾਜਣ ਵੇਲੇ, ਤਖਤ ਨਸ਼ੀਨੀ ਵੇਲੇ ਵੀ ਆਨੰਦਪੁਰ ਨਹੀਂ ਪੁੱਜ ਸਕਿਆ ਸੀ, ਹੁਣ ਦੀਪਮਾਲਾ ਦੇ ਸਮਾਗਮ ਤੇ ਪਹੁੰਚਣ ਦਾ ਸੰਕਲਪ ਸੀ ਕਿ ਕਿਸ਼ੋਰ ਮੂਰਤੀ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਵੇ, ਪਰ ਕੁਦਰਤ ਨੇ ਜਾਣੋਂ ਰੋਕ ਲਿਆ। ਮੁਲਤਾਨ ਦਾ ਮਸੰਦ ਦੁਲਚਾ ਆਨੰਦਪੁਰ ਜਾਣ ਨੂੰ ਤਿਆਰ ਸੀ, ਸੋ ਰੂਪਾ ਉਸਦੇ ਘਰ ਪੁੱਜਾ ਤੇ ਜਾ ਕੇ ਉਸਦੇ ਅੱਗੇ ਸੌ ਮੋਤੀ ਸੁੱਚੇ ਦਸਤਾਰ ਲਈ, 50 ਮੋਹਰਾਂ, ਇਕ ਜੋੜੀ ਕੜੇ ਜੜਾਊ, ਇਕ ਕੰਗਣ ਜੜਾਊ, ਇਕ ਪੁਸ਼ਾਕ ਰੇਸ਼ਮੀ ਦਰਿਆਈ ਦੀ ਤੇ ਦੋ ਪੁਸ਼ਾਕੇ ਮਾਤਾ ਜੀਆਂ ਵਾਸਤੇ ਪੱਟ ਦੇ ਤੇ ਹੋਰ ਪਦਾਰਥ ਧਰ ਕੇ ਆਖਿਆ ਕਿ ਇਹ ਭੇਟਾ ਮੇਰੇ ਸਤਿਗੁਰ ਦੇ ਅੱਗੇ ਧਰ ਕੇ ਰੋ ਕੇ ਆਖੀਂ -

ਗੁਰੂ ਨਾਨਕ ਦਾ ਘਰ ਸਭ ਤੋਂ ਵੱਡਾ ਹੈ, ਦਾਤਾ! ਤੂੰ ਧੰਨ ਹੈਂ, ਜਿਸਨੇ ਮੇਰੀ ਸ਼ਰਮ ਰੱਖੀ! ਤੂੰ ਧੰਨ ਹੈਂ!

ਕ੍ਰਿਪਾਲ ਹੋ, ਹੁਣ ਇਨ੍ਹਾਂ ਸਧਰਾਂ ਦੇ ਨੈਣਾਂ ਨੂੰ ਦਰਸ਼ਨ ਦੇਹ। ਮੈਂ ਸ਼ਰਮਿੰਦਾ ਹਾਂ, ਬੇਮੁਖ ਹਾਂ ਕਿ ਨੌਵੇਂ ਸਤਿਗੁਰਾਂ ਦੇ ਸਾਕੇ ਵੇਲੇ ਨਾ ਪੁੱਜਾ, ਹੁਣ ਮੌਤ ਤੇ ਅਪਜਸ ਦੇ ਮੂੰਹੋਂ ਛੁੱਟ ਕੇ ਤਿਆਰ ਹੋਇਆ ਹਵਾਇਆ ਫੇਰ ਰਹਿ ਗਿਆ, ਦਾਤਾ! ਮਿਹਰ ਕਰ ਅਰ ਦਰਸ਼ਨ ਬਖਸ਼।

ਦੁਲਚਤਾ ਆਨੰਦਪੁਰ ਅੱਪੜ ਗਿਆ ਸੀ, ਨਾਲ ਸੰਗਤ ਵੀ ਆਈ ਸੀ, ਸਾਰੇ ਪੇਸ਼ ਹੋ ਚੁੱਕੇ ਸੀ ਸਤਿਗੁਰਾਂ ਦੇ ਅੱਗੇ, ਨਾ ਆ ਸਕੇ ਸਿੱਖਾਂ ਦੀਆਂ ਕਾਰ ਭੇਟਾ ਪੇਸ਼ ਹੋਈਆਂ, ਮੇਵੜੇ ਨੇ ਅਰਦਾਸ ਕੀਤੀ, ਸਭ ਵਸਤਾਂ ਖਜ਼ਾਨੇ ਦਾਖਲ ਹੋ ਗਈਆਂ, ਗੱਲ ਮੁਕ ਗਈ। ਦੀਪਮਾਲਾ ਦਾ ਦਰਸ਼ਨ ਮੇਲਾ ਹੋ ਚੁੱਕਾ।



**ਗੁਰਦੁਆਰਾ ਸ੍ਰੀ ਪਟਨਾ ਸਾਹਿਬ**

ਦੁਲਚੇ ਤੇ ਭਾਈ ਹਰਦਿਤੇ ਦੇ ਕਈ ਵੇਰ ਬਚਨ ਬਿਲਾਸ ਗੁਰ ਘਰ ਸੰਬੰਧੀ ਹੋਏ। ਇਕ ਦਿਨ ਭਾਈ ਹਰਦਿੱਤਾ ਜੀ ਤੇ ਦੁਲਚੇ ਦੇ ਫੇਰ ਬਚਨ ਬਿਲਾਸ ਚੱਲ ਪਏ। ਹਰਦਿੱਤਾ ਕਹਿ ਰਿਹਾ ਸੀ ਕਿ ਦਸਮੇਂ ਸਤਿਗੁਰ ਜੀ ਗੁਰੂ ਹਰਿਗੋਬਿੰਦ ਜੀ ਦੇ ਤਰੀਕੇ ਤੇ ਚੱਲ ਰਹੇ ਹਨ। ਕਿੰਨੀ ਨਿੱਕੀ ਆਰਬਲਾ ਹੈ ਤੇ ਸ਼ਸਤਰਾਂ ਤੇ ਜੰਗੀ ਸਾਮਾਨਾਂ ਨਾਲ ਕਿੰਨਾ ਪਿਆਰ ਹੈ। ਦੁਲਚਾ ਕਹਿੰਦਾ ਸੀ ਕਿ ਔਰੰਗਜ਼ੇਬ ਦੇ ਵੈਰ ਨੂੰ ਰਗੜ ਨਹੀਂ ਦੇਣੀ ਚਾਹੀਏ, ਤੇ ਹਰਦਿੱਤਾ ਕਹਿ ਰਿਹਾ ਸੀ ਕਿ ਸਤਿਗੁਰ ਨੂੰ ਤੂੰ ਮਾਮੂਲੀ ਬੱਚਾ ਕਿਉਂ ਸਮਝਦਾ ਹੈਂ?

ਹਰਦਿੱਤਾ – ਦੁਲਚਾ ਜੀ! ਤੁਸੀਂ ਗਲਤੀ ਤੇ ਹੋ, ਸਾਰੇ ਮਨੁੱਖ ਹਨ ਤੇ ਇਕੋ ਜਾਤੀ, ਇਕੋ ਸ਼੍ਰੇਣੀ ਯਾ ਇਕੋ ਕਿਸਮ ਦੇ ਜੀਵ ਹਨ, ਸਾਰੇ ਜਾਨਦਾਰਾਂ ਤੋਂ ਉਪਰਲੀ ਸ਼੍ਰੇਣੀ, ਪਰ ਸਾਰੇ ਇਕੋ ਜਿਹੇ ਹਨ, ਇਹ ਭੁੱਲ ਹੈ। ਹਰੇਕ ਦੇ ਅੰਦਰਲੇ ਦੀ ਤਾਕਤ, ਲਿਆਕਤ, ਪ੍ਰਬੀਨਤਾ, ਦਿਲ, ਦਿਮਾਗ ਅੱਡ-ਅੱਡ ਤਾਕਤਾਂ ਰੱਖਦੇ ਹਨ, ਸੋ ਵਡਿਆਈ ਛੁਟਿਆਈ ਦਾ ਬੀਜ ਅੰਦਰ ਹੈ, ਫੇਰ ਕੋਈ ਇਨਸਾਨ ਕਲਾਧਾਰੀ ਹੁੰਦਾ ਹੈ, ਉਹ ਪੁਰਖ ਦੂਸਰਿਆਂ ਸਿਆਣਿਆਂ ਨਾਲੋਂ ਸੁਤੇ ਸਿੱਧ ਤੇ ਵਧੇਰੇ ਪ੍ਰਬੀਨ ਹੁੰਦਾ ਹੈ। ਕਲਾਧਾਰੀ ਇਕ ਜੀਉਂਦੀ ਤਾਕਤ ਹੈ, ਮਾਨੁੱਖਾਂ ਵਿਚ ਮਾਨੁੱਖਾਂ ਤੋਂ ਉਚੇਰੀ ਸ਼੍ਰੇਣੀ ਦਾ ਮਣਕਾ ਹੈ, ਉਹ ਬਲਦਾ ਭਬਾਕਾ ਹੈ, ਜੀਵਨ ਅਲਾਂਬਾ ਹੈ।

ਦੁਲਚਾ – ਕੀ ਸਤਿਗੁਰੂ ਜੀ ਕਲਾਧਾਰੀ ਹਨ?

ਹਰਦਿਤਾ – ਮੈਂ ਇਹ ਕਹਿਣਾ ਬੇਅਦਬੀ ਸਮਝਦਾ ਹਾਂ, ਕਿਉਂਕਿ ਕਲਾਧਾਰੀ ਉਨ੍ਹਾਂ ਦੇ ਅੱਗੇ ਨੀਵੀਂ ਸ਼੍ਰੇਣੀ ਹੈ, ਉਹ ਉਨ੍ਹਾਂ ਵਿਚੋਂ ਵੀ ਉਚੀ ਸ਼ੈ ਹਨ।

ਦੁਲਚਾ – ਕਰਾਮਾਤੀ ਹਨ?

ਹਰਦਿਤਾ – ਕਰਾਮਾਤ ਕੋਈ ਵੱਡੀ ਗੱਲ ਨਹੀਂ, ਪਰ ਕਈ ਨਿੱਕੇ ਮਨਾਂ ਨੂੰ ਭਰੋਸਾ ਆਉਂਦਾ ਹੀ ਕਰਾਮਾਤ ਤੋਂ ਹੈ। ਦੇਖੋ ਅਗਲੇ ਦਿਨ ਸਤਿਗੁਰਾਂ ਤ੍ਰੈ ਬਰਛੇ ਮਾਰ ਕੇ ਤ੍ਰੈ ਸੁਮ ਪਾਣੀ ਦੇ ਖੁਹਲੇ ਹਨ, ਇਸ ਅਸਚਰਜ ਕਾਰਜ ਪਰ ਹਜ਼ਾਰਾਂ ਜੀਵਾਂ ਦਾ ਸੰਸਾ ਨਿਵਿਰਤ ਹੋ ਗਿਆ। ਸਭ ਨੇ ਮੰਨ ਲਿਆ ਕਿ ਇਸ ਕਿਸ਼ੋਰ ਅਵਸਥਾ ਵਿਚ ਅਚੰਭਾ ਕੀਤਾ ਨੇ। ਹਾਂ ਇਹ ਜੋਤਿ ਗੁਰੂ ਨਾਨਕ ਜੀ ਦੀ ਹੈ, ਇਹ ਘਰ ਅਜ਼ਮਤ ਵਾਲਾ ਹੈ। ਫੇਰ ਇਕ ਦਿਨ ਇਕ ਆਦਮੀ ਬਜ਼ਾਰ ਵਿਚ ਰੋਂਦਾ ਪਿਆ ਸੀ ਕਿ ਮੇਰੀ ਥੈਲੀ ਚੋਰ ਚੁਰਾ

ਕੇ ਲੈ ਗਿਆ ਹੈ। ਸਤਿਗੁਰਾਂ ਪਾਸ ਪੁੱਜਾ ਕਿ ਆਪ ਦੇ ਘਰ ਆਇਆਂ ਬੀ ਚੋਰ ਪੈਂਦੇ ਹਨ, ਤਦ ਆਪ ਨੇ ਚੋਰ ਦਾ ਘਰ ਤੇ ਉਸਦੀ ਤਾਕੀ ਵਿਚ ਪਈ ਥੈਲੀ ਦਾ ਪਤਾ ਦੇ ਕੇ ਆਦਮੀ ਟੋਰੇ। ਠੀਕ ਓਥੋਂ ਹੀ ਸਭ ਕੁਛ ਨਿਕਲਿਆ, ਇਹ ਨਿਸ਼ਾਨੀਆਂ ਦਿਲਾਂ ਨੂੰ ਈਮਾਨ ਬਣਾਂਦੀਆਂ ਹਨ। ਇਹ ਸੁਣ ਕੇ ਦੂਲਚੇ ਦਾ ਰੰਗ ਕੁਛ ਫਿਰਿਆ, ਕੁਛ ਘਬਰਾ ਜਿਹਾ ਇਆ, ਪਰ ਫੇਰ ਸੰਭਲ ਕੇ ਕਹਿਣ ਲੱਗਾ, ਉਮਰ ਬੜੀ ਛੋਟੀ ਹੈ, ਸਮਾਧੀ ਧਿਆਨ ਯੋਗ ਵਿਚ ਜੁੜਨਾ, ਪਾਰਦਰਸ਼ਕ ਹੋਣਾ ਇਸ ਉਮਰੇ ਕਿੰਵ?

ਹਰਦਿੱਤਾ ਜੀ - ਦੂਲਚਿਆ! ਤੂੰ ਕਿੱਥੇ ਚਲਾ ਗਿਆ, ਇਨ੍ਹਾਂ ਨੂੰ ਹਠ ਯੋਗੀ ਕਿ ਰਾਜ ਯੋਗੀ ਸਮਝਦਾ ਹੈਂ? ਗੁਰ ਨਾਨਕ ਦਾ ਘਰ ਤੂੰ ਕਰਾਮਾਤ ਯਾ ਹਠਾਂ ਨਾਲ ਕਰਾਮਾਤਾਂ ਕਰਦਾ ਸਮਝਿਆ ਹੈ? ਇਹ ਤਾਂ ਕੋਈ ਅਗੰਮੀ ਘਰ ਹੈ, ਇੱਥੇ ਰੂਹਾਨੀ ਤਾਕਤ ਅਗੰਮੀ ਹੈ, ਦੇਖ! ਕਰਾਮਾਤ, ਸਭ ਤੋਂ ਵੱਡੀ ਕਰਾਮਾਤ ਇਹ ਹੈ - ਕਦੇ ਕਿਤੇ ਕਲਾਧਾਰੀ ਦੇ ਬਾਅਦ ਕਲਾਧਾਰੀ ਨਹੀਂ ਆਇਆ, ਕਿਤੇ ਆਇਆ ਹੋਊ ਤਾਂ ਇਕ ਹੱਦ ਦੋ। ਇੱਥੇ ਦੇਖ ਗੁਰੂ ਨਾਨਕ ਦੇਵ ਤੋਂ ਲੈ ਕੇ ਦਸਮੇਂ ਜਾਮੇ ਤਕ ਇਕ ਤੋਂ ਪਿੱਛੋਂ ਦੂਆ ਰੂਹਾਨੀ ਕਲਾ ਦਾ ਕਲਾਵਾਨ : ਹਾਂ, ਕਲਾਵਾਨਾਂ ਦਾ ਸਰਦਾਰ ਆਇਆ ਹੈ, ਸੋਚ ਕੇ ਵੇਖ ਕਿ ਕਿਸ ਤੋਂ ਕਿਹੜਾ ਘੱਟ ਸੀ? ਇਹ ਰੱਬੀ ਕਰਾਮਾਤ ਹੈ। ਨਵਾਂ ਰਾਹ ਨਵਾਂ ਮਾਰਗ, ਮੋਏ ਜਿਵਾ ਦਿੱਤੇ ਹਨ, ਰੂਹਾਂ ਭਰ ਦਿਤੀਆਂ ਹਨ, ਨਾਮ ਮਨਾਂ ਵਿਚ ਪ੍ਰੋ ਦਿੱਤੇ ਹਨ, ਵਾਹਿਗੁਰੂ ਜੀ ਦੀ ਮਾਨੋ ਮੂਰਤਿ ਦਿਲਾਂ ਉੱਤੇ ਖਿੱਚ ਦਿਤੀ ਹੈ, ਇਹ ਹੈ ਕਰਾਮਾਤ। ਦੇਖ! ਕੀਹ ਉਮਰ ਹੈ, ਕੀਕੂੰ ਭਜਨ ਬੰਦਗੀ ਹੈ, ਕੀਕੂੰ ਨਾਮ ਦਾਨ ਦਿੰਦੇ ਹਨ। ਨਾਮ ਦਿੰਦੇ ਹਨ ਤਾਂ ਅੰਦਰ ਪੁੜਦਾ ਹੈ। ਅਜੇ ਇਸੇ ਦੀਪਮਾਲਾ ਦੀ ਗੱਲ ਹੈ, ਇਕ ਬੈਰਾਗੀ ਸਾਧੂ ਨੇ ਕਿਹਾ, ਮੈਂ ਦੂਰੋਂ ਆਸ ਕਰਕੇ ਆਇਆ ਹਾਂ, ਮੈਂ ਸਾਧ ਹੋਇਆ, ਮੈਨੂੰ ਸਾਂਈਂ ਨਹੀਂ ਲੱਝਾ, ਮੈਂ ਸੁਣਿਆ ਗੁਰ ਨਾਨਕ ਦੇ ਦਰ ਰੱਬ ਲੱਝਦਾ ਹੈ ਹੇ ਉਸ ਗੱਦੀ ਦੇ ਮਾਲਿਕਾ! ਮੈਂ ਤੇ ਰਹਿਮ ਕਰ, ਮੈਨੂੰ ਵੀ ਕੋਈ ਕਣੀ ਦਾਨ ਕਰ। ਦੇਖੋ ਦੂਲਚਾ ਜੀ! ਮੈਂ ਪਾਸ ਖੜ੍ਹਾ ਸਾਂ, ਸਤਿਗੁਰ ਉਸਨੂੰ ਕਹਿਣ ਲੱਗੇ, ਓਏ ਸਾਧ ਰਾਮ! ਤੱਕ ਮੇਰੀ ਵੱਲ, ਹੱਥੂ ਤਰ੍ਹਾਂ ਤੱਕ! ਤੱਕਿਆ ਈ? ਕਹੁ ਵਾਹਿਗੁਰੂ!



ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਉਸ ਨੇ ਕਹਿਆ, ਵਾਹਿਗੁਰੂ। ਮੇਰੇ ਦੇਖਦੇ ਨੈਣ ਮੁੰਦ ਕੇ ਖੜ੍ਹਾ ਰਿਹਾ, ਫੇਰ ਚਰਨਾਂ ਤੇ ਢਹਿ ਪਿਆ, ਸ਼ੁਕਰ ਵਿਚ ਕਹਿਣ ਲੱਗਾ, ਕਦੇ ਨਹੀਂ ਸੀ ਡਿੱਠਾ ਇਹ ਰਸ, ਇਹ ਸੁਆਦ। ਨਾਮ ਮੈਂ ਜਪਿਆ ਹੈ, ਪਰ ਗੱਲਾਂ ਤੇ ਮੂੰਹ ਸਿਰ ਥੱਕ ਵੈਂਦਾ ਸੀ। ਇਹ ਨਾਮ ਹੈ ਰਸ ਵਾਲਾ, ਸੁਆਦ ਵਾਲਾ, ਨਾਮ ਹੈ ਕਿ ਨਾਮ ਵਾਲਾ ਆਪ ਹੈ।

ਦੂਲਚਾ! ਇਹ ਹੈ ਕਰਾਮਾਤ।

ਹਰਦਿੱਤਾ - ਦੱਸਾਂ ਜਾਮਿਆਂ ਵਿਚ ਜੋਤਿ ਇਕੋ ਨੇ ਕੰਮ ਕੀਤਾ ਹੈ, ਉਸ ਜੋਤਿ ਨੂੰ ਸਰੀਰ ਦੇ ਵੱਡੇ ਛੋਟੇ ਹੋਣ ਦਾ ਕੁਛ ਫਰਕ ਨਹੀਂ, ਓਹ ਜੋਤਿ ਕੋਈ ਅਗੰਮੀ ਸ਼ੈ ਹੈ। ਵਾਹਿਗੁਰੂ-ਗੁਰੂ ਹੈ, ਉਸ ਦੀ ਗੁਰੂ-ਤੋੜੀ ਮੇਰੀ ਜਾਚੇ ਉਹ ਜ਼ਜੋਤੀ ਹੈ, ਪਰ ਦੂਲਚੇ ਮਿੱਤਰਾ! ਮੈਨੂੰ ਡਰ ਹੈ, ਤੇਰੇ ਅੰਦਰ ਕੋਈ ਹੋਰ ਮੋਹ ਹੈ, ਸਤਿਗੁਰੂ ਦੇ ਪ੍ਰੇਮ ਤੋਂ ਕੋਈ ਨੀਵਾਂ ਮੋਹ, ਉਹ ਤੈਨੂੰ ਠੁਹਕਰ ਲਾ ਰਿਹਾ ਹੈ, ਕਿਸੇ ਵੇਲੇ ਸੱਟ ਮਾਰੇਗਾ। ਤਕੜਾ ਹੋ ਮਿਤ੍ਰਾ! ਗੁੱਸੇ ਨਾ ਹੋਵੀਂ ਮੈਂ ਪਿਆਰ ਨਾਲ ਕਹਿ ਰਿਹਾ ਹਾਂ।

ਦੂਲਚਾ - ਐਡੀ ਐਡੀ ਦੂਰੋਂ ਆਉਂਦੇ ਹਾਂ, ਜੋ ਲਿਆਉਂਦੇ ਹਾਂ ਅੱਗੇ ਧਰਦੇ ਹਾਂ, ਹਾਕਮਾਂ ਤੋਂ ਡਰਦੇ ਨਹੀਂ, ਉਮਰਾ ਵਲ ਤੱਕਦੇ ਨਹੀਂ ਉਸੇ ਤਰ੍ਹਾਂ ਚਾਕਰ ਹਾਂ, ਜਿਵੇਂ ਪਹਿਲਿਆਂ ਦੇ ਸਾਂ, ਅਜੇ ਸੁਹਣਿਆਂ! ਸਾਨੂੰ ਠੁਹਕਰਾਂ ਦਿੰਦਾ ਹੈਂ ਤੇ ਡਰਾਵੇ ਦੱਸਦਾ ਹੈਂ? ਚੰਗਾ!

* * * * * * * * *

# ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ

*ਗਿਆਨੀ ਮੇਹਰ ਸਿੰਘ ਜੀ*

ਸਾਹਿਬ ਬਾਬਾ ਕਰਮ ਸਿੰਘ ਜੀ ਦਾ ਜਨਮ ਸੱਯਦ ਜ਼ਿਲਾ ਰਾਵਲਪਿੰਡੀ ਦਾ ਸੀ। ਆਪ ਉਸ ਸਮੇਂ ਕਾਫੀ ਵੱਡੇ ਹੋ ਚੁੱਕੇ ਸਨ ਜਦੋਂ ਕਿ ਬਾਬਾ ਮਹਾਰਾਜ ਸਿੰਘ ਜੀ ਨੇ ਧਰਮ ਯੁੱਧ ਦਾ ਬਿਗਲ ਵਜਾਇਆ ਸੀ। ਇਨ੍ਹਾਂ ਦੇ ਨਗਰਾਂ ਤੋਂ ਬੰਦਾ ਬਸਾਲੀ ਤੇ ਹੋਰ ਨਗਰਾਂ ਥਾਣੀ ਹੁੰਦੇ ਹੋਏ ਉਹ ਧਰਮ ਤੇ ਸਤਿ ਪਰ ਮਰ ਮਿਟਣ ਦੇ ਸੰਦੇਸ਼ ਲੋਕਾਂ ਨੂੰ ਦੇਂਦੇ ਹੋਏ, ਕਸ਼ਮੀਰ ਤੇ ਜੰਮੂ ਅੰਦਰ, ਪ੍ਰਵੇਸ਼ ਕਰ ਗਏ ਸਨ। ਪਰ ਇਨ੍ਹਾਂ ਦੀ ਲਾਗ ਉਸ ਹਲਕੇ ਦੇ ਸਾਰੇ ਹੀ ਨਗਰਾਂ ਅੰਦਰ ਲਗਦੀ ਚਲੀ ਗਈ। ਇਕ ਤਾਂ ਇਹ ਇਲਾਕਾ ਕੁਰੀ ਤੋਂ ਨਜ਼ਦੀਕ ਤੇ ਸਿੱਖੀ ਦੇ ਪਿਆਰ ਵਾਲਾ ਫਿਰ ਬਾਬਾ ਭਾਗ ਸਿੰਘ ਜੀ ਦਾ ਸ਼ਰਧਾਲੂ ਸੀ। ਜਦੋਂ ਇਨ੍ਹਾਂ ਇਹ ਸੁਣਿਆ ਕਿ ਬਾਬਾ ਮਹਾਰਾਜ ਸਿੰਘ ਜੀ ਉਸੇ ਹੀ ਜੋਤ ਨੂੰ ਜਗਾ ਰਹੇ ਹਨ ਤਦ ਉਹ ਆਪ ਜੀ ਦੇ ਦੀਦਾਰ ਵਿਚਾਰ ਤੇ ਪਵਿੱਤਰ ਕਰਮ ਅੰਦਰ ਪੂਰੀ ਤਰ੍ਹਾਂ ਸ਼ਾਮਲ ਹੋ ਗਏ। ਸਿੱਖਾਂ ਅੰਦਰ ਉਸ ਸਮੇਂ ਆਮ ਇਹ ਸੰਸਕਾਰ ਤੇ ਭਾਵਨਾ ਜਿਹੀ ਬਣੀ ਹੋਈ ਸੀ ਕਿ ਉਹਨਾਂ ਦਾ ਆਪਣਾ ਹੀ ਰਾਜ ਚਲਾ ਗਿਆ ਹੈ ਕਿਸੇ ਰਾਜੇ ਦਾ ਨਹੀਂ।

ਜਦੋਂ ਤੱਕ ਬਾਬਾ ਜੀ ਰਾਵਲਪਿੰਡੀ ਤੋਂ ਚਲ ਕੇ ਜੰਮੂ ਦੇ ਹਲਕੇ ਵਿਚ ਨਹੀਂ ਚਲੇ ਗਏ ਤਾਂ ਬਜ਼ੁਰਗਵਾਰ ਆਪ ਤੇ ਆਪ ਜੀ ਦਾ ਸਪੁਤਰ ਕਰਮ ਸਿੰਘ ਸੇਵਾ ਕਰਦਾ ਰਿਹਾ। ਇਹ ਉਸ ਸਮੇਂ ਹੀ ਸੰਤ ਜੀ ਮਹਾਰਾਜ ਦੇ ਸਮੂੰਹ ਵੱਡੇ ਸੇਵਕ ਇਕ ਤਰ੍ਹਾਂ ਪ੍ਰਵਾਰ ਦੇ ਮਨੁੱਖ ਵਾਂਗ ਹੋ ਗਏ। ਫਿਰ ਜਦੋਂ ਸੰਤ ਜੀ ਮਹਾਰਾਜ (ਬਾਬਾ ਮਹਾਰਾਜ ਸਿੰਘ ਜੀ) ਇਨ੍ਹਾਂ ਦੇ ਨਗਰ ਆਏ ਤਦ ਇਸ ਪ੍ਰਵਾਰ ਨੇ ਦਿਲ ਖੋਹਲ ਕੇ ਸੇਵਾ ਕੀਤੀ। ਨੌਜਵਾਨੀ ਅੰਦਰ ਦਾਖਲ ਹੋ ਰਹੇ ਕਰਮ ਸਿੰਘ ਨੇ ਵੀ ਭਰਤੀ ਦਾ ਇਰਾਦਾ ਕੀਤਾ ਤੇ ਮਨ ਕਰਕੇ ਉਹ ਸੰਤ ਸ੍ਰੀ ਮਹਾਰਾਜ ਦਾ ਪੂਰੀ ਤਰ੍ਹਾਂ ਭਗਤ ਹੋ ਗਿਆ ਸੀ। ਸੰਤ ਜੀ ਮਹਾਰਾਜ ਦੇ ਸਾਰੇ ਹੀ ਸਾਥੀ ਮਹਾਨ ਸਨ ਭਾਵੇਂ ਅੰਗਰੇਜ਼ ਨੇ ਆਪਣੀਆਂ ਹੀ ਰਿਪੋਰਟਾਂ ਅੰਦਰ ਉਹਨਾਂ ਨੂੰ ਡਾਕੂ ਆਦਿਕ ਨਾਵਾਂ ਨਾਲ ਹੀ ਯਾਦ ਕੀਤਾ ਹੈ ਪਰ ਫਿਰ ਵੀ ਉਹ ਕਿਸੇ ਇਕ ਵਿਰੁੱਧ ਇਹ ਇਲਜ਼ਾਮ ਨਹੀਂ ਲਗਾ ਸਕਿਆ ਕਿ ਕਿਸੇ ਨੇ ਆਪ ਜੀ ਦੀ ਸ਼ਰਨ ਗ੍ਰਹਿਣ ਕਰਨ ਪਿਛੋਂ ਕੋਈ ਛੋਟਾ ਮੋਟਾ ਜੁਰਮ ਵੀ ਕੀਤਾ ਹੋਵੇ।

ਸੋ ਜਿਨ੍ਹਾਂ ਸਜਣਾਂ ਨੇ ਫੌਜਾਂ ਵਿਚ ਗੁਰਮਤਿ ਤੇ ਦੇਸ਼ ਭਗਤ ਪੰਜਾਬ ਦੇ ਆਪਣੇ ਰਾਜ ਦੇ ਚਲੇ ਜਾਣ ਦੇ ਧਾਰਮਕ ਤੌਰ ਤੇ ਕੀ ਨੁਕਸਾਨ ਹੋਇਆ ਹੈ। ਫਿਰ ਵਿਦਿਅਕ ਤੇ ਇਖਲਾਕੀ ਤੌਰ ਪਰ ਵੀ ਧਾਰਮਕ ਆਦਮੀ ਘਾਟੇ ਵਿਚ ਰਹੇ ਹਨ। ਇਸ ਲਈ ਇਹ ਸਾਰਾ ਗਿਆਨ ਸੰਤ ਜੀ ਮਹਾਰਾਜ ਦੇ ਸੇਵਕਾਂ ਨੇ ਦੇਸ਼ ਦੇ ਹਰ ਇਕ ਕਿਨਾਰੇ, ਤੇ ਪੰਜਾਬ ਦੇ ਹਰ ਇਕ ਘਰ ਤੱਕ ਪੁਚਾਇਆ ਸੀ। ਇਸ ਦਾ ਅਸਰ ਇਹ ਹੋਇਆ ਕਿ ਸੰਤ ਜੀ ਮਹਾਰਾਜ ਆਮ ਫੌਜੀਆਂ ਵਿਚ ਪ੍ਰਸਿੱਧ ਹੀ ਨਹੀਂ ਸਗੋਂ ਪੂਜੇ ਜਾਣ ਲੱਗੇ ਤੇ ਉਹਨਾਂ ਦੀ ਕੀਰਤੀ ਰਾਹੀਂ ਹੀ ਸਾਹਿਬ ਬਾਬਾ ਸਾਹਿਬ ਸਿੰਘ ਜੀ ਦੀ ਪੋਠੋਹਾਰ ਅੰਦਰ ਸਿੱਖੀ ਸੇਵਕੀ ਪ੍ਰੇਮ ਭਗਤੀ ਤੇ ਫਿਰ ਬਾਬਾ ਭਾਗ ਸਿੰਘ ਜੀ ਦੇ ਨਾਮ ਦੀ ਜੋਤੀ ਜਗਦੀ ਹੋਈ ਦਿਸਦੀ ਸੀ। ਸੋ ਜਿਥੇ ਬਾਬਾ ਮਹਾਰਾਜ ਸਿੰਘ ਜੀ ਦੇ ਚੌਤਰਫੇ ਸੱਚੇ ਦੇਸ਼ ਧਰਮ ਦੀ ਲੜਾਈ ਦੀਆਂ ਧੁੰਮਾਂ ਸਨ। ਉਥੇ ਸਾਹਿਬ ਬਾਬਾ ਰਾਮ ਸਿੰਘ ਜੀ ਦਾ ਤਿਆਗ, ਤਪ ਤੇ ਸਾਧਨ ਸੰਜਮ ਭਰਿਆ ਜੀਵਨ ਲੋਕਾਂ ਲਈ ਸਿਮਰਨ ਭਗਤੀ, ਵੈਰਾਗ ਤੇ ਸਤਿ ਦੀ ਪੂਜਾ ਤੇ ਫਿਰ ਮਨੁੱਖ ਮਾਤਰ ਤੇ ਨਿਕਟ ਵਰਤੀਆਂ ਪ੍ਰਤੀ ਅਤਿ ਉਚਾ ਤੇ ਸੱਤਿਤਾ ਭਰਪੂਰ ਪਿਆਰ ਵਰਤਾਉ ਕਰਨ ਦਾ ਸਾਧਨ ਪ੍ਰਕਾਸ਼ ਹੋ ਕੇ ਅਨੇਕਾਂ ਫੌਜੀਆਂ ਨੇ ਦੇਸ਼ ਤੇ ਕੌਮ ਦਾ ਦਰਦ ਵਿਹਾਜਿਆ ਸੀ।

1857 ਦੇ ਗਦਰ ਸਮੇਂ ਤੋਂ ਕਾਫੀ ਸਮਾਂ ਪਹਿਲਾਂ ਸਿਪਾਹੀ ਕਰਮ ਸਿੰਘ ਜੀ ਨੇ ਸੰਤ ਜੀ ਮਹਾਰਾਜ ਪਾਸੋਂ, ਜੋ ਅਧਿਕ ਪ੍ਰਭੂ ਭਗਤ ਤੇ ਸੱਚੇ ਮਨੁੱਖ ਭਗਤ ਸਨ, ਸਤਿ ਚਿੱਤ ਅਨੰਦ ਸਰੂਪ ਪ੍ਰਭੂ ਦੀ ਪ੍ਰਾਪਤੀ ਦਾ ਸਾਧਨ ਪੁਛਿਆ ਸੀ। ਸੰਤ ਜੀ ਮਹਾਰਾਜ ਨੇ ਪ੍ਰੇਮ ਭਗਤੀ, ਤਾਮਸੀ ਖੁਰਾਕ ਦਾ ਤਿਆਗ ਤੇ ਪ੍ਰਭੂ ਪ੍ਰਾਪਤੀ ਹਿਤ ਮਨੁੱਖ ਦੀਆਂ ਅਸੀਸਾਂ ਪ੍ਰਾਪਤ ਕਰਨ ਦਾ ਇਕਮਾਤਰ ਸੌਖਾ ਰਾਹ ਦੱਸਿਆ। ਬਾਬਾ ਰਾਮ ਸਿੰਘ ਜੀ ਦਾ ਸਤਿਕਾਰ ਲੋਕਾਂ ਵਿਚ ਆਮ ਸੀ ਇਸੇ ਹੀ ਕਰਕੇ ਅਫਸਰ ਵੀ ਆਪ ਪਰ ਭਰੋਸਾ ਕਰਦੇ ਸਨ, ਜੋ 1857 ਦੇ ਪੰਜਾਬ ਅੰਦਰ ਸੁਤੰਤਰਤਾ ਸੰਗਰਾਮ ਦੇ ਘੋਲ ਖਤਮ ਹੋਣ ਪਿਛੋਂ ਪੂਰੇ ਸੱਤ ਸਾਲ ਬਾਅਦ ਇਕ ਮਾਤਰ ਹਿੰਦੂ, ਮੁਸਲਿਮ, ਸਿੱਖ ਦੀ ਅੰਗਰੇਜ਼ ਰਾਜ ਨੂੰ ਖਤਮ ਕਰਨ ਦੀ ਪਹਿਲੀ ਕੋਸ਼ਿਸ਼ ਸੀ ਜੋ ਹਰ ਤਰ੍ਹਾਂ ਹੀ ਸਫਲ ਸੀ ਪਰ ਫਿਰ ਵੀ ਅੰਗਰੇਜ਼ ਦੀ ਮਕਾਰੀ ਸਫਲ ਹੋ ਗਈ ਤੇ ਦੇਸ਼ ਅੰਦਰ 'ਅੰਗਰੇਜ਼ ਦਾ ਬੋਲ ਬਾਲਾ ਹੋ ਗਿਆ'।

ਅੰਗਰੇਜ਼ ਨੇ ਇਸ ਸਫਲਤਾ ਪਰ ਖੁਸ਼ ਹੋ ਕੇ ਆਪਣੀਆਂ ਵਫਾਦਾਰ ਫੌਜਾਂ ਨੂੰ ਇਹ ਆਦੇਸ਼ ਦਿਤਾ ਕਿ

ਉਹ ਅੱਠ ਪਹਿਰ ਦਿੱਲੀ ਵਿਚ ਜੋ ਚਾਹੁਣ ਕਰ ਲੈਣ। ਇਸ ਨਾਲ ਭੂਤਰੇ ਹੋਏ ਸਿਪਾਹੀ ਹੋਰ ਵੀ ਵਿਗੜ ਗਏ ਤੇ ਧਨ ਜੋਬਨ ਹੀ ਐਸੇ ਵਕਤ ਵਿਚ ਵੈਰੀ ਸਾਬਤ ਹੁੰਦੇ ਹਨ। ਦੇਸ਼ ਦੇ ਸਿਪਾਹੀ ਹੀ ਇਹ ਦੋਵੇਂ ਚੀਜ਼ਾਂ ਲੁਟਣ ਹਿੱਤ ਭਿਆਨਕ ਰੂਪ ਧਾਰਨ ਕਰਕੇ ਲੋਕਾਂ ਸਾਹਵੇਂ ਖੜ੍ਹੇ ਸਨ, ਅੰਗਰੇਜ਼ ਹਾਕਮ ਪੁਕਾਰ ਸੁਣਨ ਨੂੰ ਤਿਆਰ ਨਹੀਂ ਸਨ ਤੇ ਹੋਰ ਕਿਸੇ ਪਾਸ ਜਾਣਾ ਹੀ ਬੇਕਾਰ ਸੀ। ਇਸ ਸਮੇਂ ਵੱਡੇ-ਵੱਡੇ ਤਿਆਗੀ ਤੇ ਚੰਗੇ ਸੁਭਾਉ ਦੇ ਫੌਜੀ ਵੀ ਆਪਣਾ ਵਕਾਰ ਗਵਾ ਬੈਠਦੇ ਹਨ, ਹਰ ਕਿਸੇ ਦੀਆਂ ਨਜ਼ਰਾਂ ਧਨ ਤੇ ਜੋਬਨ ਦੀ ਲੁਟ ਪਰ ਸਨ ਤੇ ਜਿਥੇ ਵੀ ਇਹ ਦੋਵੇਂ ਇਕੋ ਜਗ੍ਹਾ ਸਨ ਉਹ ਥਾਂ, ਉਹ ਘਰ ਤੇ ਉਹ ਕਿਲ੍ਹਾ ਵੀ ਅੱਜ ਸੁਰਖਸ਼ਿਤ ਨਹੀਂ ਸੀ। ਜਿਥੋਂ ਕਿਸੇ ਨੂੰ ਕੁਝ ਲੱਭ ਸਕੇ, ਉਸੇ ਦੀ ਪ੍ਰਾਪਤੀ ਪਰ ਲਗਾ ਹੋਇਆ ਸੀ। ਲਾਲਚ ਨੇ ਪ੍ਰਾਣੀ ਨੂੰ ਅੰਨ੍ਹਾਂ ਕਰ ਦਿਤਾ ਸੀ ਪਰ ਜਿਸ ਤਰ੍ਹਾਂ ਜੇਠ ਹਾੜ ਦੀ ਕਰੜੀ ਤੇ ਸੜਦੀ ਹੋਈ ਧੁੱਪ ਅੰਦਰ ਵੀ ਕਈ ਡੂੰਘੀਆਂ ਜੜ੍ਹਾਂ ਤੇ ਦਰਖਤਾਂ ਦੀਆਂ ਕੂਮਲਾਂ ਮੁਰਝਾਣੋਂ ਤੇ ਸੜਨੋਂ ਬਚ ਜਾਂਦੀਆਂ ਹਨ ਇਸੇ ਹੀ ਤਰ੍ਹਾਂ ਮਨੁਖਤਾ ਦੀ ਮਾਰੂ ਲੁੱਟ ਅੰਦਰ ਵੀ ਮਾਨਵਤਾ ਦੀਆਂ ਉੱਤਮ ਕਣੀਆਂ ਚਮਕ ਮਾਰਦੀਆਂ ਸਨ। ਸਾਹਿਬ ਬਾਬਾ ਕਰਮ ਸਿੰਘ ਸਿਪਾਹੀ ਸਨ, ਉਹ ਵੀ ਉਸੇ ਹੀ ਤਰ੍ਹਾਂ ਪਲਟਣ ਵਿਚ ਸਨ, ਉਨ੍ਹਾਂ ਪਰ ਖਾਨਦਾਨੀ ਤੇ ਇਲਾਕੇ ਦੇ ਅਸਰ ਕਰਕੇ ਸਾਹਿਬ ਬਾਬਾ ਮਹਾਰਾਜ ਸਿੰਘ ਜੀ ਦੀ ਉਤਮ ਕਰਣੀ, ਆਤਮ ਵਿਚਾਰ ਤੇ ਸਿਮਰਨ ਦੀ ਅਚੁਕ ਲਹਿਰ ਹਰ ਸਮੇਂ ਚਲਦੀ ਸੀ। ਜਿਵੇਂ ਹੜ੍ਹਾਂ ਦਾ ਪਾਣੀ ਮੁਰਗਾਬੀ ਦੇ ਪਰਾਂ ਨੂੰ ਤਰ (ਗਿੱਲਾ) ਨਹੀਂ ਕਰ ਸਕਦਾ, ਕੰਵਲ ਦਾ ਫੁੱਲ ਤੇ ਪੱਤਰ ਅਭਿਜ ਰਹਿ ਕੇ ਹਰ ਸਮੇਂ ਪਾਣੀ ਦੇ ਉਪਰ ਹੀ ਰਹਿੰਦੇ ਹਨ ਤਿਵੇਂ ਹੀ ਸਤਿਗੁਰੂ ਜੀ ਦੀ ਬਖਸ਼ੀ ਹੋਈ ਸਿੱਖੀ ਤੇ ਕਰਮ ਯੋਗ ਦੇ ਮਹਾਨ ਪੁਜਾਰੀ ਦੇ ਬਲ ਤੇ ਪ੍ਰਤਾਪ ਦੇ ਸਦਕੇ ਇਕ ਸਿਪਾਹੀ ਐਸਾ ਵੀ ਸੀ ਜਿਸਨੇ ਸਵੇਰੇ ਹੀ ਉਠ ਕੇ ਨਦੀ ਪਰ ਇਸ਼ਨਾਨ ਕੀਤਾ ਸੀ ਤੇ ਸਿਮਰਨ ਅੰਦਰ ਮਸਤ ਹੋ ਕੇ ਅੱਜ ਵੀ ਸਮਾਧੀ ਲਗਾਈ ਸੀ, ਫਿਰ ਉਹ ਗੁਰੂ ਦੇ ਦੀਦਾਰ ਕਰਕੇ ਮਸਤ ਮਧੁਰ ਬਾਣੀ ਦਾ ਪਾਠ ਕਰਦਾ ਹੋਇਆ ਬਜ਼ਾਰ ਵਲ ਨੂੰ ਗਿਆ ਸੀ ਜਿਥੇ ਉਸ ਦੇ ਸਾਥੀ ਸਿਪਾਹੀ ਲੁਟ ਮਾਰ ਕਰਨ ਤੇ ਜਵਾਨ ਬਹੂ ਬੇਟੀਆਂ ਦੀ ਪੱਤ ਲੁਟਣ ਵਿਚ ਲਗੇ ਹੋਏ ਸਨ। ਉਨ੍ਹਾਂ ਨੂੰ ਇਹ ਵੀ ਨਹੀਂ ਖਿਆਲ ਸੀ ਕਿ ਅਸਲ ਵਿਚ ਉਨ੍ਹਾਂ ਦੇ ਆਪਣੇ ਹੀ ਦੇਸ਼ ਦਾ ਧਰਮ ਤੇ ਕਰਮ ਦੋਵੇਂ ਭਰਿਸ਼ਟ ਕਰਨ ਹਿੱਤ ਹੀ ਅੰਗਰੇਜ਼ ਨੇ ਇਹ ਕਠੋਰ ਕੁਟਲ ਤੇ ਨੀਵਾਂ ਫੈਸਲਾ ਦਿਤਾ ਸੀ ਕਿ ਦਿੱਲੀ ਦੀ ਪੱਤ ਆਬਰੂ ਉਸਦੇ ਆਪਣੇ ਹੀ ਦੇਸ਼ ਦੇ ਜਵਾਨ ਲੁੱਟਣ ਤਾਂ ਜੋ ਉਨ੍ਹਾਂ ਦੇ ਇਖ਼ਲਾਕ ਨੂੰ ਜ਼ਲੀਲ ਕੀਤਾ ਜਾਵੇ ਜਿਸ ਪਰ ਭਾਰਤਵਾਸੀ ਨਾਜ਼ ਕੀਤਾ ਕਰਦੇ ਹਨ।

ਹਰ ਘਰ ਦੀਆਂ ਜਵਾਨ ਬੱਚੀਆਂ ਡਰਦੀਆਂ ਮਾਰੀਆਂ ਮਕਾਨਾਂ ਦੀਆਂ ਹਨ੍ਹੇਰੀਆਂ ਕੋਠੜੀਆਂ ਵਿਚ ਜਾ ਕੇ ਲੁਕੀਆਂ ਬੈਠੀਆਂ ਸਨ। ਕਈਆਂ ਘਰਾਂ ਵਿਚ ਕਈ ਦਿਨਾਂ ਤੋਂ ਰੋਟੀ ਵੀ ਨਹੀਂ ਪੱਕੀ ਸੀ, ਜਿਨ੍ਹਾਂ ਦੇ ਘਰ ਵਾਲੇ ਦੇਸ਼ ਦੀ ਲੜਾਈ ਲੜਦੇ ਹੋਏ ਸ਼ਹੀਦ ਹੋ ਚੁੱਕੇ ਸਨ ਜਾਂ ਹਾਰਨ ਤੋਂ ਪਿਛੋਂ ਕੈਦੀ ਹੋ ਚੁੱਕੇ ਸਨ ਤੇ ਲਾ-ਪਤਾ ਸਨ ਉਹ ਘਰ ਤਾਂ ਮੁਢੋਂ ਹੀ ਅਜ਼ਾਬ ਨੂੰ ਫੜੇ ਹੋਏ ਸਨ। ਸਿਪਾਹੀ ਘਰਾਂ ਅੰਦਰ ਵੜ ਕੇ ਮਨਮਾਨੀਆਂ ਕਰ ਰਹੇ ਸਨ। ਇਕ ਘਰ ਦੀਆਂ ਜਵਾਨ ਤੇ ਵਡੇਰੀ ਉਮਰ ਦੀਆਂ ਔਰਤਾਂ ਇਕ ਪਾਸੇ ਲੱਗ ਕੇ ਗੋਡਿਆਂ ਅੰਦਰ ਸਿਰ ਦੇ ਕੇ ਰੋ ਰਹੀਆਂ ਸਨ। ਇਸ ਸਮੇਂ ਕਿਸੇ ਦੇ ਰੋਣ ਨੂੰ ਨਹੀਂ ਸਗੋਂ ਹਸਣ ਨੂੰ ਰੋਕਣ ਵਾਲਿਆਂ ਦਾ ਬੋਲ ਬਾਲਾ ਸੀ। ਇਹ ਫਿਕਰ ਕਿਸ ਨੂੰ ਸੀ ਕਿ ਲੋਕ ਦੁਖੀ ਹਨ। ਇਸ ਕਾਰਵਾਈ ਨੇ ਬਾਬਾ ਕਰਮ ਸਿੰਘ ਨੂੰ ਬਹੁਤ ਹੀ ਦੁਖੀ ਕੀਤਾ। ਉਨ੍ਹਾਂ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ, "ਮੇਰੇ ਮਾਲਕ ਮੇਹਰ ਕਰ, ਮੈਨੂੰ ਸਮਰਥਾ ਬਖਸ਼ ਜੋ ਮੈਂ ਇਸ ਵਗ ਰਹੇ ਤੇਜ਼ ਲੋਭ ਲਹਿਰ ਦੇ ਵੇਗ ਤੋਂ ਬਚ ਕੇ ਤੇਰਾ ਸੇਵਕ ਬਣ ਸਕਾਂ। ਮੈਨੂੰ ਸੜ੍ਹਾ ਦੇਹ ਜੋ ਮੈਂ ਅੱਜ ਵੀ ਕਿਸੇ ਗਰੀਬ ਦੀ ਟੇਕ ਬਣਾਂ ਤੇ ਕਿਸੇ ਦਾ ਆਸਰਾ ਹੋ ਕੇ ਉਸ ਦੀ ਮਾਣ ਮਰਯਾਦਾ ਤੇ ਪੱਤ ਦਾ ਪਹਿਰੇਦਾਰ ਬਣਕੇ ਤੇਰੀ ਸੱਚੀ ਸਿੱਖੀ ਲੋਕਾਂ ਨੂੰ ਦਿਖਾ ਸਕਾਂ।"

ਇਹ ਅਰਦਾਸ ਕਰਕੇ ਦੁਖੀ ਮਨ ਨਾਲ ਸੱਚਾ ਦੇਸ਼ ਧਰਮ ਦਾ ਪਹਿਰੂਆ ਬਾਜ਼ਾਰ ਵਲ ਗਿਆ। ਇੱਕ ਵੱਡੇ ਸਾਰੇ ਮਕਾਨ ਦੇ ਪਾਸੋਂ ਕਿਸੇ ਦੇ ਰੋਣ ਚੀਕਣ ਦੀ ਭਿਆਨਕ ਆਵਾਜ਼ ਸੁਣੀ, ਉਥੇ ਹੀ ਖੜ੍ਹੋ ਗਿਆ। ਇਸ ਮਕਾਨ ਦੇ ਕੋਲ ਹੀ ਇੱਕ ਸਿਪਾਹੀ ਕਿਸੇ ਮਾਸੂਮ ਅਬਲਾ ਨੂੰ ਬੇਪੱਤ ਕਰਨ ਦਾ ਯਤਨ ਕਰ ਰਿਹਾ ਸੀ। ਆਪ ਨੇ ਕੜਕ ਦੇ ਕਿਹਾ, "ਖਬਰਦਾਰ, ਇਹ ਪ੍ਰਵਾਰ ਮੇਰੀ ਸੁਪਰਦ-ਦਾਰੀ ਵਿਚ ਹੈ, ਮੈਨੂੰ ਵੱਡੇ ਸਾਹਿਬ ਨੇ ਇਨ੍ਹਾਂ ਦੀ ਪਹਿਰੇਦਾਰੀ ਹਿੱਤ ਭੇਜਿਆ ਹੈ। ਜੇਕਰ ਕੋਈ ਭੈੜੀ ਕਾਰਵਾਈ ਕਰੋਗੇ, ਮੈਂ ਗੋਲੀ ਮਾਰ ਦਿਆਂਗਾ।" ਲਾਲਚੀ ਤੇ ਬਦਚਲਨ ਸਿਪਾਹੀ ਸਿਰ ਤੇ ਪੈਰ ਰੱਖ ਕੇ ਭੱਜ ਗਿਆ। ਡਰਦੀ ਮਾਰੀ ਅਬਲਾ ਲੜਕੀ ਆਪਣੇ ਘਰ ਅੰਦਰ ਚਲੀ ਗਈ। ਇੱਕ ਬਜ਼ੁਰਗ ਔਰਤ ਨੇ ਬਾਹਰ ਨਿਕਲ ਦੇ ਹੱਥ ਬੰਨ੍ਹ ਕੇ ਕਿਹਾ, "ਹੇ ਖੁਦਾ ਦੇ ਸੱਚੇ ਸਿਪਾਹੀ! ਅਸੀਂ ਹਜ਼ਰਤ ਮੁਹੰਮਦ

ਸਾਹਿਬ ਦੇ ਖਾਨਦਾਨ ਵਿਚੋਂ ਸੱਯਦ ਹਾਂ। ਸਾਡੇ ਘਰ ਦੇ ਸਾਰੇ ਹੀ ਆਦਮੀ ਧਰਮ ਯੁੱਧ ਕਰਨ ਘਰੋਂ ਗਏ ਸਨ। ਉਨ੍ਹਾਂ ਵਿਚੋਂ ਕੋਈ ਵੀ ਵਾਪਸ ਨਹੀਂ ਆਇਆ। ਵਾਸਤੇ ਖੁਦਾ, ਔਰ ਗੁਰੂ ਨਾਨਕ ਦੇ, ਸਾਡੀ ਬੇਸਹਾਰਾ ਤੇ ਦੁਖੀ ਔਰਤਾਂ ਦੀ ਜੋ ਅੱਜ ਤੱਕ ਪਰਦੇ ਤੋਂ ਬਾਹਰ ਨਹੀਂ ਆਈਆਂ, ਮਦਦ ਕਰ। ਖੁਦਾ ਤੈਨੂੰ ਇਸ ਦਾ ਸਵਾਬ ਬਖਸ਼ੇਗਾ। ਪਤਾ ਨਹੀਂ ਕਿਉਂ, ਤੇਰੀ ਸ਼ਕਲ ਤਕ ਕੇ ਤੇਰੇ ਪਰ ਭਰੋਸਾ ਕਰਨ ਨੂੰ ਜੀ ਕਰਦਾ ਹੈ। ਇਹ ਗੱਲ ਹੋਰ ਕਿਸੇ ਨੂੰ ਦਸਣੀ ਵੀ ਖਤਰਨਾਕ ਹੈ ਕਿ ਸਾਡਾ ਘਰ ਪੁਰਾਣਾ ਪੱਤਦਾਰ ਤੇ ਅਮੀਰ ਹੋਣ ਦੇ ਨਾਲ ਹੀ ਅੰਗਰੇਜ਼ ਦਾ ਵੈਰੀ ਤੇ ਦੇਸ਼ ਦਾ ਦਰਦੀ ਹੈ। ਇਹੀ ਦੋਵੇਂ ਗੱਲਾਂ ਤੇ ਗੁਣ ਅੱਜ ਜ਼ਹਿਰ ਤੇ ਪਾਪ ਸਾਬਤ ਹੋ ਰਹੇ ਹਨ।"

ਬਾਬਾ ਕਰਮ ਸਿੰਘ ਜੀ ਨੇ ਉਸ ਔਰਤ ਨੂੰ ਇਹ ਭਰੋਸਾ ਦਿਵਾਇਆ ਕਿ ਜਾਓ ਅਰਾਮ ਨਾਲ ਘਰ ਬੈਠੋ, ਜਦੋਂ ਤੱਕ ਉਨ੍ਹਾਂ ਦੇ ਦਮ ਵਿਚ ਦਮ ਹੈ ਕੋਈ ਉਨ੍ਹਾਂ ਵੱਲ ਅੱਖ ਉਠਾ ਕੇ ਨਹੀਂ ਤੱਕ ਸਕਦਾ।

ਬਾਬਾ ਕਰਮ ਸਿੰਘ ਬੰਦੂਕ ਲੈ ਕੇ ਉਸ ਘਰ ਅੱਗੇ ਜੋ ਵੱਡੀ ਹਵੇਲੀ ਸੀ ਤੇ ਹੋਰ ਕਿਸੇ ਪਾਸੇ ਤੋਂ ਕੋਈ ਅੰਦਰ ਨਹੀਂ ਦਾਖਲ ਹੋ ਸਕਦਾ ਸੀ, ਬੰਦੂਕ ਲੈ ਕੇ ਪਹਿਰੇਦਾਰ ਬਣ ਕੇ ਦਰ ਅੱਗੇ ਦਰਬਾਨਾਂ ਦੀ ਤਰ੍ਹਾਂ ਡਟ ਗਏ। ਹਰ ਇੱਕ ਸਿਪਾਹੀ ਤੇ ਅਫਸਰ ਨੂੰ ਕਹਿੰਦੇ ਰਹੇ, "ਇਹ ਵੱਡੇ ਸਾਹਿਬ ਦੀ ਆਗਿਆ ਹੈ ਕਿ ਇਸ ਘਰ ਦੀ ਰਾਖੀ ਕੀਤੀ ਜਾਵੇ। ਇਸ ਤਰ੍ਹਾਂ ਬਗੈਰ ਕੋਈ ਖੁਰਾਕ ਖਾਧੇ, ਬਗੈਰ ਪਾਣੀ ਪੀਤੇ ਸੰਤ ਸਿਪਾਹੀ ਨੇ ਇਸ ਘਰ ਅੱਗੇ ਚੌਵੀ ਘੰਟੇ ਪਹਿਰਾ ਦਿਤਾ। ਆਖਰ ਸਭ ਅੱਛੇ ਦਾ ਬਿਗਲ ਵੱਜਾ, ਸਿਪਾਹੀ ਸਿਰਾਂ ਪਰ ਲੁਟ ਦਾ ਮਾਲ ਤੇ ਮਨ ਪਰ ਕੀਤੇ ਪਾਪਾਂ ਦਾ ਭਾਰ ਲੈ ਕੇ ਬਾਜ਼ਾਰ ਵਿਚੋਂ ਕੈਂਪਾਂ ਵੱਲ ਨੂੰ ਜਾ ਰਹੇ ਸਨ। ਇਸ ਪਰਿਵਾਰ ਦੇ ਬਚੇ ਹੋਏ ਬੇ-ਬਸ ਮਨੁੱਖ ਵੀ ਉਸ ਸਮੇਂ ਤੱਕ ਆ ਗਏ ਤੇ ਇਸ ਬੇਗਰਜ਼, ਮਹਾਨ ਧਰਮ ਅਵਲੰਭੀ, ਮਹਾਨ ਆਦਰਸ਼ਕ ਮਨੁੱਖ ਤੋਂ ਕੁਰਬਾਨ ਜਾ ਰਹੇ ਸਨ। ਆਖਰ ਉਨ੍ਹਾਂ ਤੋਂ ਵਿਦਾ ਹੋਣ ਲੱਗੇ। ਸਾਰਾ ਹੀ ਪਰਿਵਾਰ ਉਨ੍ਹਾਂ ਨੂੰ ਘਰ ਅੰਦਰ ਲੈ ਗਿਆ। ਉਹ ਉਸ ਸ਼ਾਹ ਪਰਿਵਾਰ ਅੰਦਰ ਇੱਕ ਟੱਬਰ ਦੇ ਜੰਮੇ ਜਾਏ ਜਵਾਨ ਬੱਚਿਆਂ ਵਾਂਗ ਬੈਠੇ ਸਨ। ਜਿਨ੍ਹਾਂ ਜਵਾਨ ਬਹੂ ਬੇਟੀਆਂ ਨੇ ਕਦੇ ਮੂੰਹ ਬਾਹਰ ਕੱਢ ਕੇ ਸ਼ਕਲ ਨਹੀਂ ਵਿਖਾਈ ਸੀ, ਜਿਨ੍ਹਾਂ ਸਵਾਣੀਆਂ ਦੇ ਬੂਹੇ ਤੋਂ ਬਾਹਰ ਘਰ ਦੇ ਮਨੁੱਖ ਵੀ ਪੁਛ ਕੇ ਹੀ ਵੜਦੇ ਸਨ, ਉਥੇ ਸਿਪਾਹੀ ਕਰਮ ਸਿੰਘ ਮਾਣ ਸਹਿਤ ਭਾਈ ਪੁਤਰ ਤੇ ਪਿਤਾ ਬਣ ਕੇ ਮਾਣ ਪ੍ਰਾਪਤ ਕਰ ਰਿਹਾ ਸੀ। ਕਤਲੇਆਮ ਬੰਦ ਹੋਣ ਕਰਕੇ ਘਰ ਦੇ ਬਚੇ ਹੋਏ ਜਵਾਨ ਤੇ ਬੁੱਢੇ ਮਨੁੱਖ ਵੀ ਘਰੀਂ ਆ ਗਏ ਸਨ, ਉਹ ਇਸ ਤਰ੍ਹਾਂ ਇਸ ਨੌਜਵਾਨ ਸਿੱਖ ਸਿਪਾਹੀ ਨੂੰ ਤੱਕ ਰਹੇ ਤੇ ਮਾਣ ਕਰਦੇ ਥਕਦੇ ਨਹੀਂ ਸਨ ਜਿਵੇਂ ਕਿ ਉਹਨਾਂ ਦਾ ਕੋਈ ਬਹੁਤ ਹੀ ਨਜ਼ਦੀਕੀ ਤੇ ਅਤੀ ਵੱਡਾ ਰਿਸ਼ਤੇਦਾਰ ਉਨ੍ਹਾਂ ਦੇ ਘਰ ਅਚਾਨਕ ਹੀ ਆਇਆ ਹੋਵੇ, ਜਾਂ ਫਿਰ ਕੋਈ ਵਲੀ ਔਲੀਆ ਤੇ ਘਰ ਦਾ ਪੀਰ ਫਕੀਰ ਜਿਸ ਦੇ ਇਹ ਮੁਰੀਦ ਹੋਣ, ਆਇਆ ਹੋਵੇ ਤੇ ਇਹ ਜ਼ਿਆਰਤ ਕਰ ਰਹੇ ਹੋਣ। ਘਰ ਅੰਦਰ ਕਾਫੀ ਘੁਸਰ-ਮੁਸਰ ਹੋਈ। ਫਿਰ ਜਦੋਂ ਬਾਬਾ ਜੀ ਛੁੱਟੀ ਮੰਗ ਕੇ ਤੁਰਨ ਲਗੇ ਤਦ ਬਜ਼ੁਰਗ ਨੇ ਸੋਨੇ ਤੇ ਸੁੱਚੇ ਮੋਤੀਆਂ ਦੀ ਇੱਕ ਚੰਗੀ ਪਲੇਟ ਭਰ ਕੇ ਅੱਗੇ ਲਿਆ ਰੱਖੀ ਤੇ ਅਧੀਨਗੀ ਸਹਿਤ ਇਸ ਨੂੰ ਪ੍ਰਵਾਨ ਕਰਨ ਹਿੱਤ ਬੇਨਤੀ ਕੀਤੀ। ਬਾਬਾ ਜੀ ਨੇ ਇਸ ਨੂੰ ਇਹ ਕਹਿ ਕੇ ਲੈਣ ਤੋਂ ਇਨਕਾਰ ਕੀਤਾ -

"ਸ਼ਾਹ ਸਾਹਿਬ! ਤੁਸੀਂ ਦੁਨੀਆਂ ਦੇ ਮਹਾਂਪੁਰਸ਼ ਤੇ ਆਪਣੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਪਵਿੱਤਰ ਕੁਲ ਵਿਚੋਂ ਹੋ, ਇਸ ਕਰਕੇ ਤੁਹਾਡਾ ਸਤਿਕਾਰ ਤੇ ਮਾਣ ਰਖ ਕੇ ਮੈਂ ਮਨੁਖਤਾ ਪਰ ਵੀ ਕੋਈ ਅਹਿਸਾਨ ਨਹੀਂ ਕੀਤਾ। ਸਗੋਂ ਮੇਰਾ ਇਹ ਧਰਮ ਤੇ ਫਰਜ਼ ਸੀ ਕਿ ਹਰ ਉਸ ਦੀਨ ਦੁਖੀ ਦੀ, ਜਾਨ ਦੇ ਕੇ ਵੀ ਰਾਖੀ ਕਰਾਂ ਜੋ ਮੇਰੇ ਪਾਸੋਂ ਮੰਗ ਕਰਦੇ ਹਨ।" ਇਹ ਸੁਣਕੇ ਸ਼ਾਹ ਸਾਹਿਬ ਦੀਆਂ ਅੱਖਾਂ ਭਰ ਆਈਆਂ ਤੇ ਹੱਥ ਬੰਨ੍ਹ ਕੇ ਕਹਿਣ ਲੱਗੇ, "ਹੇ ਰੱਬ ਦੇ ਪਿਆਰੇ ਤੇ ਗੁਰੂ ਨਾਨਕ ਦੀ ਰਹਿਮਤ ਦੇ ਪ੍ਰਤੱਖ ਨਮੂਨੇ! ਤੇਰਾ ਨਾਮ ਹੀ ਕਰਮ ਸਿੰਘ ਨਹੀਂ ਹੈ ਤੂੰ ਸਚਮੁਚ ਹੀ ਰਹਿਮਤ ਤੇ ਕਰਮ ਬਣਕੇ ਹੀ ਸਾਡੇ ਘਰ ਆਇਆ ਹੈਂ। ਇਹ ਸਭ ਜੋ ਅਸੀਂ ਦੇ ਰਹੇ ਹਾਂ ਇਹ ਤੇਰਾ ਹੀ ਦਿਤਾ ਹੋਇਆ ਹੈ। ਇਹ ਕੁਝ ਵੀ ਪਾਸ ਨਾ ਹੁੰਦਾ ਜੇਕਰ ਤੇਰੀ ਭਰੀ ਹੋਈ ਬੰਦੂਕ ਸਾਡੇ ਘਰ ਦੀ ਪਹਿਰੇਦਾਰੀ ਨ ਕਰਦੀ।" "ਤੁਸਾਂ ਸਾਥੋਂ ਅਲਾਹ ਤੇ ਗੁਰੂ ਨਾਨਕ ਦੇ ਨਾਮ ਪਰ ਇਜ਼ਤ ਦਾ ਦਾਨ ਮੰਗਿਆ ਸੀ, ਗੁਰੂ ਦਾ ਵਾਸਤਾ ਸਾਡੇ ਲਈ ਜਾਨ ਵਾਰਨ ਦੇ ਬਰਾਬਰ ਹੈ, ਫਿਰ ਮੈਂ ਤੁਹਾਨੂੰ ਕੀ ਦਿਤਾ? ਪਰ ਜੇਕਰ ਇਹ ਅਹਿਸਾਨ ਹੀ ਸੀ ਤੇ ਜੇਕਰ ਮੇਰੇ ਕਰਕੇ ਤੁਹਾਡੀ ਪੱਤ ਆਬਰੂ ਤੇ ਮਾਨ ਮਰਯਾਦਾ ਬਚੀ ਹੈ, ਤਦ ਕੀ ਇਹ ਪੈਸੇ ਸੋਨਾ, ਚਾਂਦੀ ਤੇ ਮੋਤੀ ਉਸ ਪੱਤ ਦਾ ਮੁੱਲ ਹੋ ਸਕਦੇ ਹਨ?" ਇਹ ਗੱਲ ਐਸੇ ਜੋਸ਼ੀਲੇ, ਜਜ਼ਬਾਤੀ ਤੇ ਦਰਦੀ ਹਿਰਦੇ ਨਾਲ ਕਹੀ ਕਿ ਫਿਰ ਸ਼ਾਹ ਤੇ ਸਾਰੇ ਹੀ ਪਰਿਵਾਰ ਦੀਆਂ ਅੱਖਾਂ ਸਜਲ ਹੋ ਗਈਆਂ। ਬਾਬਾ ਕਰਮ ਸਿੰਘ ਵਿਦਾ ਹੋ ਰਹੇ ਸਨ, ਅੱਜ ਹੀ ਫੌਜ ਨੇ ਵਾਪਸ ਘਰੋਂ-

ਘਰੀ ਟੁਰ ਜਾਣਾ ਸੀ, ਸ਼ਾਹ ਜ਼ਫਰ ਫੜੇ ਗਏ ਤੇ ਉਸ ਦਾ ਅਣਖੀ ਜਰਨੈਲ ਅਲੋਪ ਹੋ ਗਿਆ ਸੀ। ਅੰਗਰੇਜ਼ ਦੀਆਂ ਫੌਜਾਂ ਵਿਹਲੀਆਂ ਹੋ ਕੇ ਘਰੀਂ ਵਾਪਸ ਹੋਣ ਨੂੰ ਤਿਆਰ ਸਨ, ਪਰ ਇਸ ਪਰਿਵਾਰ ਦੀ ਜਾਨ ਖੁਸਦੀ ਸੀ, ਇਕ ਐਸੇ ਮਨੁੱਖ ਨੂੰ ਘਰੋਂ ਤੋਰਦਿਆਂ ਜਿਸ ਦਾ ਧਰਮ ਕਰਮ ਪੂਜਾ ਗੁਰੂ ਸਭੋ ਹੀ ਇਹਨਾਂ ਤੋਂ ਵੱਖਰੇ ਸਨ, ਜਿਸ ਨੇ ਨਿਰੋਲ ਮਨੁੱਖੀ ਕੀਮਤ ਦੀ ਰਾਖੀ ਕਰਦਿਆਂ ਸਤਿ ਸਰੂਪ ਆਤਮਾ ਦੇ ਕਲੇਸ਼ ਹਰਨ ਹਿੱਤ ਹੀ ਜਾਨ ਦੀ ਬਾਜ਼ੀ ਲ਼ਗਾ ਕੇ ਇਸ ਮਹਾਨ ਪਰਿਵਾਰ ਦੀ ਪੱਤ ਆਬਰੂ ਬਚਾਈ ਸੀ। ਆਖਰ ਜਦੋਂ ਬਾਬਾ ਕਰਮ ਸਿੰਘ ਜੀ ਨੇ ਕੋਈ ਚੀਜ਼ ਲੈਣ ਤੋਂ ਇਨਕਾਰ ਕੀਤਾ ਤਦ ਸੱਯਦ ਨੇ ਸ਼ਫਕਤ ਤੇ ਪਿਆਰ ਨਾਲ ਸਿਰ ਪਰ ਹੱਥ ਧਰਿਆ ਤੇ ਇਹ ਦੁਆ ਕੀਤੀ, "ਖੁਦਾਵੰਦ ਜਿਸ ਤੇਰੇ ਬਖਸ਼ੇ ਹੋਏ ਪ੍ਰਵਾਨ ਹੋਏ ਮੁਰੀਦ ਨੇ ਸਾਡੇ ਪਰਿਵਾਰ ਦੀ ਇਜ਼ਤ ਤੇ ਮਾਣ ਬਚਾਇਆ ਹੈ, ਪਾਕ ਪ੍ਰਵਰਦਗਾਰ ਤੂੰ ਹਰ ਸਮੇਂ ਉਸ ਦੀ ਰਖਸ਼ਾ ਕਰੀਂ, ਉਹ ਸਦਾ ਮਹਾਨ ਤੇ ਉਚਾ ਰਹੇ ਤੇ ਤੇਰੀ ਰਹਿਮਤ, ਬੱਦਲ ਬਣ ਕੇ ਉਸਦੇ ਸਿਰ ਪਰ ਛਾਇਆ ਕਰਦੀ ਰਹੇ।" ਇਹ ਗੱਲ ਇਤਨੀ ਦਿਲੀ ਦਰਦ ਤੇ ਪਿਆਰ ਸ਼ਰਧਾ ਤੇ ਪ੍ਰਭੂ ਭਗਤੀ ਦੇ ਅਸਰ ਹੇਠਾਂ ਕਹੀ ਗਈ ਸੀ ਕਿ ਹਰ ਸੁਣਦਾ ਹੋਇਆ ਮਨੁੱਖ ਇਤਨਾ ਮਗਨ ਹੋ ਗਿਆ ਕਿ ਕਿਸੇ ਨੂੰ ਇਹ ਪਤਾ ਹੀ ਨਾ ਲਗਾ ਕਿ ਕਦੋਂ ਸਿਪਾਹੀ ਕਰਮ ਸਿੰਘ ਉਸ ਜਗ੍ਹਾਂ ਤੋਂ ਫੌਜੀ ਹੈਡ ਕੁਆਟਰ ਵਲ ਨੂੰ ਤੁਰ ਗਿਆ। ਫਿਰ ਛੇਤੀਂ ਹੀ ਸਾਰੀ ਪਲਟਨ ਸਮੇਤ ਆਪ ਹੋਤੀ ਮਰਦਾਨ ਦੀ ਛਾਉਣੀ ਆ ਗਏ, ਜਿਥੇ ਕਿ ਆਪ ਜੀ ਦੀ ਪਲਟਨ ਦਾ ਹੈਡਕੁਆਟਰ ਸੀ। ਆਪ ਜੀ ਮਹਾਂਪੁਰਖਾਂ ਦੀ ਆਗਿਆ ਤੇ ਸਿੱਖੀ ਦੇ ਆਦਰਸ਼ ਅਨੁਸਾਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਦੋ ਵਜੇ ਨਦੀ ਪਰ ਇਸ਼ਨਾਨ ਕਰਨ ਚਲੇ ਜਾਂਦੇ ਸਨ।

## ਮਾਇਆ ਦੇ ਮਨੁੱਖ

ਆਮ ਤੌਰ ਤੇ ਮਨੁੱਖ ਦਾ ਸਬੰਧ ਮਾਇਆ ਨਾਲ ਹੀ ਗਿਣਿਆ ਜਾਂਦਾ ਹੈ। ਘਰ ਦੇ ਸਾਰੇ ਪ੍ਰਾਣੀ, ਮਨੁੱਖ ਤੋਂ ਸਾਰੇ ਧਨ ਦੀ ਹੀ ਆਸ ਕਰਦੇ ਹਨ। ਜਿਥੋਂ ਧਨ ਤੇ ਆਰਾਮ ਦੀ ਆਸ਼ਾ ਨਾ ਹੋਵੇ ਉਸ ਨਾਲ ਸਬੰਧ ਤੇ ਜੋੜ ਹੀ ਬੇਸੁਰੇ ਹੋ ਜਾਂਦੇ ਹਨ। 1857 ਦੀ ਦਿੱਲੀ ਦੀ ਲੁੱਟ ਬਾਰੇ ਵੀ ਬੜੀਆਂ ਕਹਾਣੀਆਂ ਮਸ਼ਹੂਰ ਸਨ। ਆਮ ਮਨੁੱਖ ਇਹੀ ਆਸ ਰੱਖਦਾ ਸੀ ਕਿ ਜੋ ਵੀ ਸਿਪਾਹੀ ਅੰਗਰੇਜ਼ਾਂ ਦੇ ਪੱਖ ਤੋਂ ਲੜਨ ਗਿਆ ਹੈ ਉਹ ਲੁਟ ਮਾਰ ਕਰਕੇ ਖੂਬ ਹੱਥ ਰੰਗ ਕੇ ਘਰ ਨੂੰ ਆਏਗਾ। ਸੋ ਜਦੋਂ ਦਿੱਲੀ ਅੰਦਰ ਸ਼ਾਂਤੀ ਪਿਛੋਂ ਅੰਗਰੇਜ਼ਾਂ ਨੇ ਖੁਸ਼ ਹੋ ਕੇ ਸਾਰੇ ਹੀ ਫੌਜੀਆਂ ਨੂੰ ਤਿੰਨ ਮਹੀਨੇ ਦੀ ਤਨਖਾਹ ਸਮੇਤ, ਆਰਾਮ ਤੇ ਅੰਗਰੇਜ਼ਾਂ ਦੀ ਸ਼ੋਭਾ ਪੰਜਾਬ ਵਿਚ ਕਰਨ ਹਿੱਤ ਲੰਬੀਆਂ ਛੁੱਟੀਆਂ ਦੇ ਦਿੱਤੀਆਂ। ਹੋਰ ਸਿਪਾਹੀ ਲੁਟ ਦੇ ਕੱਪੜੇ, ਦਿੱਲੀ ਦੀਆਂ ਸੁਗਾਤਾਂ ਤੇ ਸੋਨਾ ਚਾਂਦੀ ਆਦਿਕ ਲੈ ਕੇ ਘਰੀਂ ਪੁੱਜੇ ਸਨ, ਪਰ ਬਾਬਾ ਕਰਮ ਸਿੰਘ ਜੀ ਪਾਸ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਸਿੱਖੀ ਦੀ ਰੋਸ਼ਨੀ ਮਨੁੱਖੀ ਇਜ਼ਤ ਤੇ ਵਿਚਾਰ ਦੀ ਉਚਤਾ ਦੇ ਮਹਾਨ ਚਿੰਨ੍ਹ ਹੀ ਸਨ, ਉਨ੍ਹਾਂ ਵਿਚ ਆਤਮਦਰਸ਼ਤਾ ਉਚਤਾ ਆਦਰਸ਼ ਦੀ ਉਤਮ ਰੌਸ਼ਨੀ ਮਿਲਦੀ ਸੀ। ਉਨ੍ਹਾਂ ਦੇ ਨਗਰ ਪੁੱਜਣੋਂ ਪਹਿਲਾਂ ਹੀ ਉਨ੍ਹਾਂ ਦੀ ਸਿਫਤ ਤੇ ਉਤਮ ਗੁਣ ਤੇ ਸੰਤਾਂ ਦੇ ਸਤਸੰਗੀ, ਆਤਮ ਚਿੰਤਨ, ਆਤਮ ਅਭਿਆਸ ਤੇ ਲੋਕਾਂ ਨਾਲ ਮਨੁੱਖ ਮਾਤਰ ਦੀ ਸਮ-ਦ੍ਰਿਸ਼ਟੀ ਰੱਖ ਕੇ ਸੇਵਾ ਸਤਿਕਾਰ ਕਰਨ ਦੀਆਂ ਕਹਾਣੀਆਂ ਮਾਤਾ ਪਿਤਾ ਜੀ ਪਾਸ ਪੁੱਜੀਆਂ। ਪਰ ਜਦੋਂ ਘਰਦਿਆਂ ਸੁਣਿਆ ਕਿ ਵਗਦੀ ਗੰਗਾ ਵਿਚੋਂ ਵੀ ਪੁੱਤਰ ਸੁੱਕਾ ਹੀ ਘਰ ਨੂੰ ਆ ਰਿਹਾ ਹੈ, ਤੇ ਉਸਨੇ ਰੁਪਏ ਕਮਾਉਣ ਦੀ ਜਗ੍ਹਾ ਕੇਵਲ ਮਾਤਰ ਲੋਕਾਂ ਦੀ ਸ਼ਰਧਾ ਵਿਸ਼ਵਾਸ਼ ਤੇ ਮਨੁੱਖਤਾ ਦੀ ਸੇਵਾ ਸੰਭਾਲ ਦਾ ਹੀ ਖਜ਼ਾਨਾ ਲਿਆਂਦਾ ਹੈ ਤੇ ਦੁਨੀਆਂ ਦੀ ਮਾਇਆ ਨੂੰ ਹੱਥ ਨਹੀਂ ਲਾਇਆ ਤਦ ਸਾਰੇ ਹੀ ਘਰ ਦੇ ਸੜ ਕੇ ਸੁਆਹ ਹੋ ਗਏ।

ਮਾਤਾ ਪਿਤਾ ਰੋਜ਼ ਹੀ ਗੁਰਦਵਾਰੇ ਜਾਂਦੇ ਸਨ। ਕੀਰਤਨ ਵੀ ਕਰਦੇ ਸਨ, ਪਰ ਉਹ ਦੁਕਾਨਦਾਰੀ ਵਿਚ ਇਸ ਕਰਮ ਨੂੰ ਦਖਲ ਨਹੀਂ ਦੇਂਦੇ ਸਨ ਕਿ ਧਰਮ ਧੇਲੀ ਦੀ ਹਵੇਲੀ ਤੇ ਸੁੱਥਣ ਦੇ ਕੱਪੜੇ ਦੇ ਤਿੰਨ ਚਾਰ ਗਜ਼ ਜਾਂ ਰੁਪਏ, ਦੋ ਰੁਪਏ ਬਦਲੇ ਕਿਸੇ ਦਾ ਸਾਰਾ ਹੀ ਬਾਗ ਹੜੱਪ ਕਰਨੋਂ ਰੋਕੇ। ਧਰਮ ਇੱਕ ਪਰਮ ਫਰਜ਼ ਹੈ ਜੇਕਰ ਉਹ ਮੁਢੋਂ ਭੇਖ ਹੀ ਨਾ ਬਣ ਜਾਵੇ। ਸੋ ਜਦੋਂ ਬਾਬਾ ਕਰਮ ਸਿੰਘ ਜੀ ਨੇ ਕੇਵਲ ਤਿੰਨ ਮਹੀਨੇ ਦੀ ਤਨਖਾਹ ਹੀ ਜਾ ਕੇ ਮਾਂ ਦੇ ਹੱਥ ਪਰ ਧਰੀ ਤਦ ਉਹ ਦੰਗ ਹੋ ਗਈ ਤੇ ਕਹਿਣ ਲੱਗੀ, "ਅਸਾਂ ਸੁਣਿਆ ਹੈ ਤੂੰ ਦਿੱਲੀ ਵੀ ਜਾ ਕੇ ਭੱਠ ਹੀ ਝੋਕਦਾ ਰਿਹਾ ਹੈਂ। ਜੇਕਰ ਉਥੇ ਜਾ ਕੇ ਲੋਕਾਂ ਦਾ ਪਹਿਰਾ ਹੀ ਦੇਣਾ ਸੀ ਤਦ ਇਥੇ ਹੀ ਕਿਸੇ ਦੇ ਦਰ ਅੱਗੇ ਬਹਿ ਰਹਿੰਦੋਂ, ਦਿੱਲੀ ਜਾਣ ਦੀ ਕੀ ਲੋੜ ਸੀ? ਜੋ ਆਦਮੀ ਵਗਦੀ ਨਦੀ ਤੋਂ ਤਿਹਾਇਆ ਮੁੜਦਾ ਹੈ ਤੇ ਗਾਗਰ ਭਰ ਕੇ ਘਰਦਿਆਂ ਨੂੰ ਨਹੀਂ ਦੇ ਸਕਦਾ ਉਸ ਨੇ ਮਾਂ ਬਾਪ ਨੂੰ ਮੋਢਿਆਂ ਪਰ ਚੁਕ ਕੇ ਤੀਰਥ ਕੀ ਦਿਖਾਣੇ ਹਨ? ਜੇਕਰ ਤੂੰ ਵਗਦੀ ਨਦੀ ਤੋਂ ਪਿਆਸਾ ਮੁੜ ਆਵੇਂ ਤਦ ਖੂਹ ਪੁਟ ਕੇ ਪਾਣੀ ਕੱਢ ਕੇ ਸਾਨੂੰ ਪਿਆਵੇਂਗਾ, ਇਸ ਦੀ ਆਸ ਕਿਥੋਂ ਕਰਨੀ ਹੈ?"

ਬਾਬਾ ਜੀ ਨੇ ਬੜੇ ਠੰਢੇ ਤੇ ਸ਼ਾਂਤ ਸੁਭਾਉ ਨਾਲ

ਕਿਹਾ, "ਮਾਤਾ ਜੀ ਇਹ ਠੀਕ ਹੈ ਕਿ ਲੋਕਾਂ ਉਥੇ ਰੁਪਏ ਲੁਟੇ ਹਨ, ਕੁਝ ਮਾਲ ਧਨ ਲੈ ਆਏ ਹੋਣਗੇ, ਪਰ ਇਹ ਵੀ ਠੀਕ ਹੈ ਕਿ ਬਹੁਤੀ ਗਿਣਤੀ ਵਿਚ ਸਿਪਾਹੀ ਉਥੇ ਮਾਰੇ ਵੀ ਗਏ ਹਨ ਤੇ ਕਈ ਨਕਾਰਾ ਹੋ ਕੇ ਘਰ ਆਏ ਹਨ। ਇਹ ਸਰੀਰ ਕਾਇਮ ਹੈ, ਫਿਰ ਸਿਹਤ ਤੇ ਮਨ ਦੋਵੇਂ ਹੀ ਸਵੱਛ ਹਨ, ਤੁਹਾਨੂੰ ਕੀ ਘਾਟਾ ਹੈ?"

ਮਾਤਾ ਇਹ ਸੁਣ ਕੇ ਹੋਰ ਵੀ ਵਿਗੜ ਗਈ ਤੇ ਕਹਿਣ ਲਗੀ, "ਕਰਮ ਸਿਆਂ! ਤੂੰ ਤੇ ਸਾਧਾਂ ਦੀ ਸੰਗਤ ਕਰਕੇ ਪੁੱਟਿਆ ਗਿਆ ਹੈਂ ਫਿਰ ਸਾਨੂੰ ਵੀ ਨੰਗ ਕਰਕੇ ਰਹੇਂਗਾ, ਜਾਹ ਜਿੰਨ੍ਹਾਂ ਨੇ ਤੈਨੂੰ ਇਹ ਪੁਠੀਆਂ ਅਕਲਾਂ ਦਿਤੀਆਂ ਹਨ ਕਿ ਸਾਰੀ ਲੁਟ ਸਮੇਂ ਵੀ ਲੋਕਾਂ ਦੀ ਪਹਿਰੇਦਾਰੀ ਕਰਕੇ ਧੀਆਂ ਭੈਣਾਂ ਦੀ ਇਜ਼ਤ ਬਚਾਂਦੇ ਫਿਰੋ, ਉਨ੍ਹਾਂ ਨਾਲ ਹੀ ਜਾ ਕੇ ਰਹੁ, ਇਸ ਘਰ ਨਾਲ ਤੇਰਾ ਕੋਈ ਵਾਸਤਾ ਨਹੀਂ।" ਅਸਲ ਵਿਚ ਕਰਮ ਸਿੰਘ ਜੀ ਨੂੰ ਇਹ ਯਾਦ ਹੀ ਨਹੀਂ ਸੀ ਕਿ ਉਨ੍ਹਾਂ ਦੀ ਹੀ ਸੰਪ੍ਰਦਾਏ ਦੇ ਵਡੇਰੇ ਸਾਹਿਬ ਬਾਬਾ ਬੀਰ ਸਿੰਘ ਜੀ ਨੂੰ ਵੀ ਘਰੋਂ ਸਾਧ ਸੇਵਾ ਪਿਛੇ ਹੀ ਕਢਿਆ ਗਿਆ ਸੀ। ਪਰ ਉਹ ਇਹ ਜਾਣਦੇ ਸਨ ਕਿ ਨੇਕੀ ਹਮੇਸ਼ਾਂ ਲੋਕ ਲਾਜ ਤੇ ਲੋਕ ਗਰਜਾਂ ਤੋਂ ਉਚੇ ਹੋ ਕੇ ਹੀ ਕਮਾਈ ਤੇ ਸਾਂਭ ਕੇ ਰੱਖੀ ਜਾ ਸਕਦੀ ਹੈ। ਕੀਮਤੀ ਗਹਿਣੇ ਸਦਾ ਹੀ ਸੁਰਖਸ਼ਤ ਸਥਾਨ ਪਰ ਰੱਖੇ ਜਾਂਦੇ ਹਨ, ਪਰ ਨਾਲੇ ਲੋਹੇ ਦੇ ਔਜ਼ਾਰ ਤੇ ਟੁੱਟ ਭੰਨ ਸਦਾ ਗਲੀਆਂ ਦੀਆਂ ਠੋਕਰਾਂ ਖਾਂਦੀ ਫਿਰਦੀ ਹੈ। ਚਲਣਹੀਣ, ਧਰਮ ਹੀਣ, ਕਰਤਵਯ ਰਹਿਤ ਮਨੁੱਖ ਸਦਾ ਹੀ ਘਰ ਦੀਆਂ ਚਲਦੀਆਂ ਆ ਰਹੀਆਂ ਪੁਰਾਣੀਆਂ ਲੀਹਾਂ ਪਰ ਹੀ ਤੁਰਦੇ ਹਨ। ਪਰ ਕਰਮਯੋਗੀ ਸਤਿ, ਸੰਜਮ ਦੇ ਪੁਜਾਰੀ ਸਦਾ ਹੀ ਸਤਿ ਦੇ ਨਵੇਂ ਤੇ ਕਠਨ ਰਾਹ ਨੂੰ ਅਪਨਾਉਂਦੇ ਹਨ।

ਫਿਰ ਵੀ ਆਪ ਜੀ ਨੇ ਆਖਰੀ ਕੋਸ਼ਿਸ਼ ਕੀਤੀ ਤੇ ਕਿਹਾ, "ਮਾਤਾ ਜੀ ਤੁਸੀਂ ਵਡੇਰੇ ਹੋ, ਮੇਰਾ ਧਰਮ ਤੇ ਕਰਮ ਤੁਹਾਡੀ ਸੇਵਾ ਕਰਨਾ ਹੈ, ਤੁਹਾਨੂੰ ਕੋਈ ਘਾਟ ਨਹੀਂ ਆਵੇਗੀ।" ਪਰ ਮਾਂ ਨੇ ਫਿਰ ਵਿਗੜ ਕੇ ਕਿਹਾ, "ਅਸੀਂ ਇਹ ਗਿਆਨ ਧਰਮਸ਼ਾਲਾ ਤੋਂ ਰੋਜ਼ ਸੁਣਦੇ ਹਾਂ, ਤੂੰ ਬਹੁਤਾ ਗਿਆਨੀ ਨਹੀਂ ਹੈਂ, ਜਾਹ ਆਪਣਾ ਰਾਹ ਫੜ। ਜਿਧਰੋਂ ਆਇਆ ਹੈਂ ਚਲਾ ਜਾਹ, ਸਾਨੂੰ ਤੇਰੀ ਕੋਈ ਲੋੜ ਨਹੀਂ, ਆਪਣੀ ਕਮਾਈ ਵੀ ਹੋਰਨਾ ਨੂੰ ਵੰਡੀ ਜਾਹ।"

ਇਸ ਗੱਲ ਨੇ ਵੈਰਾਗੀ ਤੇ ਸਤਿ ਧਰਮ ਦੇ ਪੁਜਾਰੀ ਨੂੰ ਦ੍ਰਿੜ੍ਹਤਾ ਸਹਿਤ ਸਤਿ ਪਰ ਤੁਰਨ ਲਈ ਪੱਕਿਆਂ ਕਰ ਦਿੱਤਾ, ਓਹ ਸਤਿ ਦੀ ਪ੍ਰਸ਼ਤਸ਼ (ਪੂਜਾ) ਤੇ ਆਤਮ ਪਦ ਦੀ ਪ੍ਰਾਪਤੀ ਹਿੱਤ ਹਰ ਕੁਰਬਾਨੀ ਕਰਨ ਨੂੰ ਤਿਆਰ ਹੋ ਖੜੋਤਾ। ਉਹ ਸ਼ਾਂਤ ਚਿਤ, ਉਚ ਉਡਾਨ, ਡੂੰਘੀ ਵਿਚਾਰ ਤੇ ਤਪ ਸਾਧਨਾ ਕਰਨ ਨੂੰ ਰਾਹ ਸਾਫ ਸਮਝ ਕੇ ਫਿਰ ਮੁੜ ਕੇ ਫੌਜੀ ਨੌਕਰੀ ਪਰ ਆਣ ਹਾਜ਼ਰ ਹੋਇਆ। ਪਰ ਹੁਣ ਇਸ ਦੀ ਕਿਰਿਆ ਹੋਰ ਵੀ ਸਾਧੀ ਹੋਈ ਤੇ ਸਪਸ਼ਟ ਹੋ ਗਈ ਸੀ।

## ਪਠਾਣਾਂ ਦਾ ਹਮਲਾ

ਦਿੱਲੀ ਤੋਂ ਆ ਕੇ ਘਰੋਂ ਛੁੱਟੀਆਂ ਕੱਟ ਕੇ ਆਉਣ ਤੋਂ ਬਾਅਦ ਬਾਬਾ ਜੀ ਦੀ ਸਿਮਰਨ ਯਾਦ ਲਿਵ ਤੇ ਸਾਧਨਾ ਹੋਰ ਤੇਜ਼ੀ ਨਾਲ ਚਲ ਨਿਕਲੇ। ਵੈਰਾਗ ਦੀ ਦਸ਼ਾ ਇਤਨੀ ਪ੍ਰਬਲ ਹੋ ਗਈ ਕਿ ਉਹ ਇਕਾਂਤ ਅੰਦਰ ਸੁਰਤ ਨੂੰ ਸਦਾ ਦਸਮ ਦੁਆਰ ਵਲ ਲੈ ਜਾਣ ਤੋਂ ਸ਼ਬਦ ਰਾਹੀਂ ਮਨ ਦੀਆਂ ਵਾਗਾਂ ਮੋੜਨ ਦੇ ਯਤਨ ਕਰਦੇ ਰਹਿੰਦੇ ਸਨ, ਨੇਤਰ ਸਜਲ ਰਹਿੰਦੇ ਸਨ; ਖਾਹਸ਼ ਕੇਵਲ ਇਕੋ ਹੀ ਸੀ – ਕਿਸੇ ਤਰ੍ਹਾਂ ਇਹ ਸਰੀਰ ਜੋ ਕਿ ਪ੍ਰਭੂ ਦੀ ਦੇਣ ਹੈ ਉਸੇ ਹੀ ਨਮਿਤ ਲਗੇ। ਛਾਉਣੀ ਦੇ ਬਾਹਰ ਵਾਰ ਹੀ ਇਕ ਨਾਲਾ ਵਗਦਾ ਸੀ। ਸੁਬ੍ਹਾ ਹੀ ਆਪ ਦੋ ਵਜੇ ਇਸ਼ਨਾਨ ਕਰਕੇ ਉਥੇ ਹੀ ਸਮਾਧੀ ਲਗਾ ਕੇ ਬੈਠ ਜਾਂਦੇ ਸਨ, ਦਿਨ ਚੜ੍ਹਦੇ ਤੱਕ ਉਥੇ ਹੀ ਟਿਕੇ ਰਹਿੰਦੇ; ਕਦੇ ਕਦੇ ਜਦੋਂ ਵੇਹਲ ਹੋਵੇ ਤਦ ਪਹਿਲੀ ਰਾਤ ਵੀ ਨਦੀ ਕਿਨਾਰੇ ਜਾ ਬਿਰਾਜਦੇ ਸਨ। ਨਾਲ ਲਗਦੇ ਨਗਰਾਂ ਵਿਚ ਆਮ ਕਰਕੇ ਇਹ ਚਰਚਾ ਸੀ ਕਿ ਸੰਤ ਸਿਪਾਹੀ ਕਠਨ ਤਪ ਕਰ ਰਿਹਾ ਹੈ। ਆਮ ਤੌਰ ਪਰ ਸਾਦੇ ਦਿਲ ਮੁਸਲਮਾਨ ਪਠਾਨ ਵੀ ਆਪ ਦੇ ਸ਼ਰਧਾਲੂ ਹੋ ਗਏ। ਪਰ ਇਸ ਜਗ੍ਹਾ ਦੇ ਨਾਲ ਹੀ ਮੁਸਲਮਾਨ ਫਕੀਰਾਂ ਦੀ ਇਕ ਵੱਡੀ ਖਾਨਗਾਹ ਸੀ। ਇਸ ਇਲਾਕੇ ਵਿਚ ਆਮ ਮੁਸਲਮਾਨ ਇਸ ਗੱਦੀ ਦੇ ਮੁਰੀਦ ਸਨ। ਸੰਤ ਸਿਪਾਹੀ ਬਾਬਾ ਕਰਮ ਸਿੰਘ ਜੀ ਨੇ ਨੌਜਵਾਨ ਹੋ ਕੇ ਹੀ ਮਹਾਨ ਤਪ ਸਾਧਨਾਂ ਤੇ ਲੋਕਾਂ ਅੰਦਰ, ਤੇ ਦਿੱਲੀ ਵਾਲੇ ਕੇਸ ਦੀ ਕਹਾਣੀ ਨੇ ਮੁਸਲਮਾਨਾਂ ਨੂੰ ਆਪ ਦੇ ਮੁਰੀਦ ਬਣਾ ਦਿਤਾ ਸੀ। ਆਮ ਮੋਮਨ ਇਹ ਨਿਸ਼ਚਾ ਕਰਦੇ ਹਨ ਕਿ ਇਹ ਵਲੀ ਅਲਾਹ ਹੈ। ਇਸ ਅੰਦਰ ਕੋਈ ਜਾਤੀ ਵੈਰ ਵਿਰੋਧ ਤੇ ਦਵੈਸ਼ ਨਹੀਂ ਹੈ। ਇਹ ਇਕ ਰਸ ਬਿਰਤੀ ਤੇ ਸਮ ਦ੍ਰਿਸ਼ਟੀ ਵਾਲਾ ਹੈ। ਸੋ ਇਸ ਗੱਲ ਨੇ ਜਿਥੇ ਆਮ ਆਦਮੀ ਸ਼ਰਧਾਲੂ ਬਣਾਏ ਉਥੇ ਗੱਦੀਦਾਰਾਂ ਲਈ ਇਕ ਕਲੇਸ਼ ਖੜ੍ਹਾ ਕਰ ਦਿਤਾ। ਉਹ ਆਪ ਦੀ ਪ੍ਰਤਿਭਾ ਤੇ ਲੋਕ ਪਿਆਰ ਸ਼ਰਧਾ ਨੂੰ ਤੱਕ ਕੇ ਸਿਰਫ ਤੰਗ ਹੁੰਦੇ ਸਨ ਸਗੋਂ ਆਪਣੇ ਹਿਤ ਇਕ ਪੱਕੇ ਤੌਰ ਪਰ ਰੋਕ ਵੀ ਤਸਲੀਮ ਕਰਦੇ ਸਨ। ਇਹ ਸੋਚਦੇ ਸਨ ਕਿ ਜੇਕਰ ਇਹ ਕਿਸੇ ਤਰ੍ਹਾਂ

ਇਥੋਂ ਚਲਾ ਜਾਵੇ ਤਦ ਸਾਡੀ ਪ੍ਰਤਿਭਾ ਫਿਰ ਬਹਾਲ ਹੋ ਸਕਦੀ ਹੈ। ਸੋ ਇਸੇ ਆਸ਼ੇ ਨਾਲ ਇਨ੍ਹਾਂ ਕੁਝ ਗਰਮ ਵਿਚਾਰਾਂ ਤੇ ਕੁਝ ਲਾਲਚੀ ਤੇ ਮੂਰਖ ਆਦਮੀ ਜੋੜੇ ਤੇ ਇਹ ਮਨਸੂਬਾ ਬਣਾਇਆ ਕਿ ਜਦੋਂ ਬਾਬਾ ਜੀ ਇਕਾਂਤ ਵਿਚ ਬੈਠੇ ਹੋਣ, ਹਮਲਾ ਕਰ ਦਿਉ, ਤੇ ਇਸ ਨੂੰ ਜੇਕਰ ਮਾਰੋ ਨਹੀਂ ਤਦ ਇਹ ਜ਼ਰੂਰ ਕਰਵਾਉ ਕਿ ਉਹ ਤਬਦੀਲ ਹੋ ਕੇ ਹੋਰ ਕਿਸੇ ਜਗ੍ਹਾ ਚਲਾ ਜਾਏ। ਸੰਤ ਜੀ ਮਹਾਰਾਜ ਰੋਜ਼ਾਨਾ ਦੇ ਨਿਯਮ ਅਨੁਸਾਰ ਸੁਬ੍ਹਾ ਦੋ ਵਜੇ ਆ ਕੇ ਇਸ਼ਨਾਨ ਕਰਕੇ ਇਕ ਪੱਥਰ ਪਰ ਟਿਕ ਕੇ ਬੈਠ ਗਏ ਤੇ ਜਪੁਜੀ ਸਾਹਿਬ ਦੇ ਪਾਠ ਉਪਰੰਤ ਉਨ੍ਹਾਂ ਨੇ ਸੁਰਤ ਸ਼ਬਦ ਦੇ ਅਭਿਆਸ ਰਾਹੀਂ ਅੰਤਰ ਆਤਮੇ ਸਵੈ ਸਰੂਪ ਵਿਚ ਲਿਵ ਜੋੜ ਲਈ। ਉਹ ਦਿਨ ਚੜ੍ਹਦੇ ਤੱਕ ਇਸੇ ਹੀ ਤਰ੍ਹਾਂ ਬੈਠਦੇ ਸਨ। ਅਚਾਨਕ ਇਕ ਪਾਸੇ ਤੋਂ ਕੁਝ ਆਦਮੀਆਂ ਨੇ ਹਮਲਾ ਕਰ ਦਿਤਾ। ਆਪ ਜੀ ਨੇ ਨਾ ਹੀ ਅੱਖਾਂ ਖੋਲ੍ਹੀਆਂ ਤੇ ਨਾ ਹੀ ਕੋਈ ਖਿਆਲ ਕੀਤਾ ਸਗੋਂ ਅਹਿਲ ਇਕ ਰਸ ਉਸੇ ਤਰ੍ਹਾਂ ਅਡੋਲ ਬੈਠੇ ਰਹੇ। ਉਹ ਪਠਾਨ ਜੋ ਅੱਗੇ-ਅੱਗੇ ਸੀ ਚੀਕ ਮਾਰਕੇ ਪਿਛੇ ਨੂੰ ਹਟਿਆ ਤੇ ਦੂਸਰਾ ਵੀ ਠਠੰਬਰ ਗਿਆ। ਸਾਹਵੇਂ ਚਟਾਨ ਪਰ ਇੱਕ ਭਿਆਨਕ ਤੇ ਵਿਕਰਾਲ ਸ਼ਕਲ ਸ਼ੇਰ ਬੈਠਾ ਸੀ। ਇਸ ਨੂੰ ਤਕ ਕੇ ਕਿਸੇ ਦੀ ਇਹ ਸ਼ਕਤੀ ਹੀ ਨ ਰਹੀ ਕਿ ਅੱਗੇ ਵਧੇ ਤੇ ਕੋਈ ਕਾਰਵਾਈ ਕਰੇ। ਇਹ ਡਰਦੇ ਮਾਰੇ ਪਿਛੇ ਵੀ ਨਹੀਂ ਜਾ ਸਕਦੇ ਸਨ ਕਿ ਮਤੇ ਇਹ ਸ਼ੇਰ ਪਿਛੋਂ ਹਮਲਾ ਕਰ ਦੇਵੇ। ਇਕ ਦੋਂਹ ਦੀ ਹਾਲਤ ਇਹ ਹੋਈ ਕਿ ਉਨ੍ਹਾਂ ਦੇ ਕਪੜੇ ਵੀ ਗੰਦੇ ਹੋ ਗਏ। ਤੇ ਇਹ ਨੀਮ ਬੇਹੋਸ਼ੀ ਦੀ ਦਸ਼ਾ ਅੰਦਰ ਉਥੇ ਹੀ ਡਿਗ ਪਏ ਤੇ ਕਾਫੀ ਦੇਰ ਉਠ ਹੀ ਨ ਸਕੇ। ਕਿੰਨੇ ਚਿਰ ਪਿਛੋਂ ਉਹ ਉਠੇ ਤੇ ਚੌਤਰਫੇ ਝਾਕਣ ਲਗੇ ਕਿ ਸਾਨੂੰ ਕੀ ਹੋਇਆ ਹੈ? ਸਾਮ੍ਹਣੇ ਸਮਾਧੀ ਸਥਿਤ ਸੰਤ ਸਿਪਾਹੀ ਬੈਠੇ ਸਨ। ਇਕ ਨੇ ਫਿਰ ਹੌਸਲਾ ਕਰਕੇ ਅੱਗੇ ਵਧਣਾ ਚਾਹਿਆ ਪਰ ਫਿਰ ਉਹੀ ਸ਼ੇਰ ਸਾਹਮਣੇ ਆ ਗਿਆ ਤੇ ਉਸ ਦੇ ਉਠੇ ਹੋਏ ਕਦਮ ਵੀ ਪਿਛੇ ਹਟ ਗਏ। ਦਿਨ ਕਾਫੀ ਚੜ੍ਹ ਆਇਆ ਸੀ। ਸਾਹਵੇਂ ਸੰਤ ਮਹਾਰਾਜ ਚੜ੍ਹਦੀਆਂ ਕਲਾਂ ਦਾ ਮਰਦ ਚਟਾਨ, ਪਰ ਚਟਾਨ ਵਾਂਗ ਡਟਿਆ ਬੈਠਾ ਸੀ। ਕੋਈ ਵੀ ਮਲਾਲ ਜਾਂ ਫਿਰ ਫਿਕਰ ਇਨ੍ਹਾਂ ਨੇੜੇ ਨਹੀਂ ਸੀ। ਇਨ੍ਹਾਂ ਪਠਾਣਾਂ ਨੇ ਦੁਹਾਈ ਦਿਤੀ। ਬਾਬਾ ਫਕੀਰ ਸਾਨੂੰ ਬਚਾਓ, ਵਾਸਤੇ ਅਲਾਹ ਦੇ ਸਾਨੂੰ ਬਖਸ਼ ਦੇਹ। ਅਸੀਂ ਗੁਨਾਹਗਾਰ ਹਾਂ, ਤੇ ਅੱਗੇ ਨੂੰ ਤੋਬਾ ਕਰਦੇ ਹਾਂ ਕਿ ਕਦੇ ਕਿਸੇ ਅਲਾਹ ਦੇ ਬੰਦੇ ਦੇ ਮੂੰਹ ਨਹੀਂ ਆਵਾਂਗੇ। ਉਹ ਇਸ ਤਰ੍ਹਾਂ ਕੰਬ ਰਹੇ ਸਨ ਜਿਵੇਂ ਕਿਸੇ ਨੂੰ ਮਲੇਰੀਏ ਦਾ ਜ਼ੋਰ ਦਾ ਬੁਖਾਰ ਹੋ ਗਿਆ ਹੋਵੇ, ਕਿਸੇ ਵੀ ਤਰ੍ਹਾਂ ਉਹ ਆਪਣੇ ਆਪ ਨੂੰ ਸੰਭਾਲਣੋਂ ਅਸਮਰਥ ਸਨ। ਸੋ ਉਨ੍ਹਾਂ ਨੇ ਫਿਰ ਇਕ ਵਾਰੀ ਪੂਰਾ ਜ਼ੋਰ ਲਗਾ ਕੇ ਮੂੰਹ ਖੋਲ੍ਹਿਆ ਤੇ ਕਿਹਾ, "ਸਾਈਂ ਦੁਹਾਈ ਤੇਰੇ ਵਾਲੀ ਨਾਨਕ ਪੀਰ ਦੀ; ਸਾਡੀ ਰਾਖੀ ਕਰ, ਅਸੀਂ ਸ਼ਰਨ ਆਏ ਹਾਂ। ਸਾਨੂੰ ਤੇਰੇ ਬਗੈਰ ਹੋਰ ਕੋਈ ਵੀ ਨਹੀਂ ਬਚਾ ਸਕਦਾ। ਇਹ ਤੇਰੇ ਪਾਸ ਬੈਠਾ ਸ਼ੇਰ ਸਾਨੂੰ ਖਾ ਜਾਏਗਾ। ਬਾਬਾ ਜੀ ਨੇ ਚੌਤਰਫੇ ਤਕਿਆ, ਉਨ੍ਹਾਂ ਦੇ ਕੋਲ ਹੋਰ ਕੋਈ ਮਨੁੱਖ ਜਾਂ ਫਿਰ ਜਾਨਵਰ ਹੈ ਹੀ ਨਹੀਂ ਸੀ ਫਿਰ ਇਹ ਪਠਾਣ ਕਿਸ ਚੀਜ਼ ਤੋਂ ਡਰਦੇ ਹਨ?

ਵੈਸੇ ਵੀ ਇਸ ਸਮੇਂ ਦਿਨ ਚੜ੍ਹਨ ਤੋਂ ਪਹਿਲਾਂ ਹੀ ਸੰਤ ਸਿਪਾਹੀ ਜੀ ਉਠ ਕੇ ਡੇਰੇ ਨੂੰ ਚਲੇ ਜਾਂਦੇ ਸਨ, ਇਸ ਲਈ ਉਨ੍ਹਾਂ ਪਠਾਨਾਂ ਨੂੰ ਪਾਸ ਬੁਲਾਇਆ ਤੇ ਪੁਛਿਆ, "ਤੁਸੀਂ ਕਿਸ ਚੀਜ਼ ਤੋਂ ਡਰਦੇ ਹੋ ਇਥੇ ਮੇਰੇ ਪਾਸ ਕੋਈ ਹਥਿਆਰ ਨਹੀਂ ਹੈ। ਬੰਦੂਕ ਮੇਰੀ ਨੌਕਰੀ ਦੇ ਸਥਾਨ ਤੇ ਹੈ, ਤੁਸੀਂ ਐਵੇਂ ਹੀ ਡਰ ਗਏ ਹੋ।" ਪਠਾਨਾਂ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ, "ਵਲੀ ਅਲਾਹ! ਅਸੀਂ ਤੇਰੇ ਪਰ ਹਮਲਾ ਕਰਨ ਤੇ ਤੈਨੂੰ ਖਤਮ ਕਰਨ ਦੇ ਇਰਾਦੇ ਨਾਲ ਆਏ ਸਾਂ ਪਰ ਇਥੇ ਇਕ ਭਿਆਨਕ ਸ਼ੇਰ ਪਹਿਰੇਦਾਰ ਸੀ, ਜਿਸ ਤੋਂ ਡਰਦਿਆਂ ਸਾਡੇ ਕਪੜੇ ਵੀ ਪਲੀਤ ਹੋ ਗਏ ਹਨ।" ਬਾਬਾ ਜੀ ਸੁਣ ਕੇ ਹੱਸ ਪਏ ਤੇ ਫਿਰ ਕਿਹਾ, "ਕਮਲਿਓ ਅਸਲ ਵਿਚ ਤੁਹਾਡੀ ਆਪਣੀ ਬਦੀ ਹੀ ਸ਼ੇਰ ਬਣ ਕੇ ਸਾਹਮਣੇ ਖਲੋ ਗਈ ਹੋਵੇਗੀ ਵਰਨਾ ਇਥੇ ਸ਼ੇਰ ਨੇ ਕੀ ਕਰਨ ਆਉਣਾ ਸੀ। ਬਦੀ, ਤੇ ਉਹ ਵੀ ਨਿਰਵੈਰ ਤੇ ਆਤਮ ਬਲ ਵਾਲੇ ਲੋਕਾਂ ਨਾਲ, ਇਹ ਆਪਣੇ ਆਪ ਵਿਚ ਭੈ ਦੀ ਪੰਡ ਹੈ ਜੋ ਸਿਰ ਤੋਂ ਉਤਰਦੀ ਨਹੀਂ, ਫਿਰ ਮਨ ਵਿਚ ਧਾਰਨਾ ਅੱਖਾਂ ਅੱਗੇ ਕੋਈ ਭਿਆਨਕ ਸ਼ਕਲਾਂ ਧਾਰਨ ਕਰਕੇ ਆਣ ਖਲੋਂਦੀ ਹੈ। ਜਾਉ ਭਾਈ ਸਾਡੀ ਤੁਹਾਡੇ ਨਾਲ ਕੋਈ ਬੁਰੀ ਭਾਵਨਾ ਨਹੀਂ, ਇਸ ਲਈ ਅਸੀਂ ਤੁਹਾਨੂੰ ਖਿਮਾ ਕਰਦੇ ਹਾਂ। ਅੱਗੇ ਤੋਂ ਫ਼ਕੀਰਾਂ ਨਾਲ ਸਦਾ ਹੀ ਸਤਿ ਦਾ ਵਿਵਹਾਰ ਕਰਨਾ, ਉਨ੍ਹਾਂ ਦਾ ਕਿਸੇ ਨਾਲ ਕੋਈ ਵੈਰ ਨਹੀਂ। ਫਿਰ ਜੋ ਵੀ ਦਵੈਤ ਭਾਵ ਪੈਦਾ ਕਰਦਾ ਹੈ ਉਹ ਆਪਦੇ ਲਈ ਹੀ ਟੋਏ ਪੁਟਦਾ ਹੈ। ਉਸ ਸੰਤ ਦਾ ਕੀ ਵਿਗਾੜਨਾ ਹੈ, ਬਦੀ ਸਦਾ ਹੀ ਬਦੀ ਤੇ ਨੇਕੀ ਸਦਾ ਸਤਿ ਦਾ ਬੀਜ ਹੁੰਦੀ ਹੈ। ਜਾਉ, ਖੁਦਾ ਦੇ ਬੰਦੇ ਲੋਕਾਂ ਦੇ ਖਾਸ ਕਰ ਭਗਤੀ ਕਰਨ ਹਾਰ ਤੇ ਉਸ ਦੀ ਯਾਦ ਵਿਚ ਰਹਿਣ ਵਾਲੇ ਲੋਕਾਂ ਦੀ ਸੇਵਾ ਕਰੋ। ਇਸ ਨਾਲ ਤੁਹਾਡੀ ਆਤਮਾ ਸ਼ਾਂਤ ਬਲਵਾਨ ਤੇ ਪਵਿੱਤਰ ਹੋ ਆਵੇਗੀ। ਸਤਿ ਨੂੰ, ਜਿਸ ਮਨੁੱਖ ਤੇ ਜਿਸ ਵੀ ਧਰਮ ਪਾਸ ਹੈ, ਉਸ ਨੂੰ ਗ੍ਰਹਿਣ ਕਰੋ। ਪਾਪ ਕਰਮ ਤੇ ਪਾਪ ਵਿਵਹਾਰ ਜਿਥੇ ਤੋਂ ਜੋ ਧਰਮ ਕਰਨ ਨੂੰ ਕਹੇ ਉਸ ਨੂੰ ਧਰਮ ਨਹੀਂ ਪਾਪ ਸਮਝੋ, ਧਰਮ ਸਦਾ ਏਕਤਾ

ਮਨੁੱਖੀ ਪਿਆਰ ਤੇ ਸੰਸਾਰ ਵਿਚ ਬਦੀਆਂ ਦੂਰ ਕਰਨ ਦੀ ਪ੍ਰੇਰਨਾ ਕਰਦਾ ਹੈ। ਜਦੋਂ ਤੋਂ ਜੋ ਧਰਮ ਪਾਪ ਦੀ ਰਾਹ ਦਸੇ, ਉਹ ਉਸੇ ਸਮੇਂ ਸਤ ਤੋਂ ਪਰੇ ਹੋ ਗਰਜ ਦੇ ਰਾਹ ਪੈ ਗਿਆ ਸਮਝੋ। ਤੁਸੀਂ ਪਠਾਨ ਸਾਫ ਦਿਲ ਲੋਕ ਹੋ ਐਵੇਂ ਕਿਸੇ ਨੇ ਕੁਝ ਝੂਠ ਸਚ ਮਾਰ ਕੇ ਭੜਕਾ ਦਿਤਾ ਹੋਵੇਗਾ, ਅਸੀਂ ਤਾਂ ਮਨੁੱਖ ਨੂੰ ਖੁਦਾ ਦਾ ਰੂਪ ਮੰਨਦੇ ਹਾਂ। ਹਰ ਮਨੁੱਖ ਤੇ ਹਰ ਚੀਜ਼ ਅੰਦਰ ਇਕੋ ਹੀ ਅਲਾਹ ਦਾ ਨੂਰ ਮੰਨਦੇ ਹਾਂ। ਹਰ ਮਨੁੱਖ ਤੇ ਹਰ ਚੀਜ਼ ਅੰਦਰ ਇਕੋ ਹੀ ਅਲਾਹ ਦਾ ਨੂਰ ਤਕ ਕੇ ਉਸ ਦੀ ਸੇਵਾ ਟਹਿਲ ਕਰਨਾ ਆਪਣਾ ਧਰਮ ਜਾਣਦੇ ਹਾਂ।"

ਇਸ ਉਤਮ ਉਪਦੇਸ਼ ਤੇ ਧਾਰਮਿਕ ਗਿਆਨ ਦੀ ਗੱਲ ਸੁਣਕੇ ਪਠਾਨ ਕੰਬ ਉਠੇ ਤੇ ਕੁਰਲਾਂਦੇ ਹੋਏ ਬਾਬੇ ਦੀ ਪੈਰੀਂ ਢਹਿ ਪਏ ਤੇ ਪਾਪ ਕਰਮ ਦੀ ਮਾਫੀ ਮੰਗ ਕੇ ਅੱਗੇ ਨੂੰ ਸਤਿ ਧਰਮ ਦੇ ਧਾਰਣੀਯ ਹੋਣ ਦੀ ਸੁਗੰਧ ਲੈ ਕੇ ਬਾਬਾ ਜੀ ਪਾਸੋਂ ਵਿਦਾ ਹੋਏ, ਤੇ ਬਾਬਾ ਜੀ ਪ੍ਰਭੂ ਅੱਗੇ ਆਪਣੀ ਨਿਮਰਤਾ ਸਹਿਤ ਬੇਨਤੀ ਕਰਦੇ ਹੋਏ ਵਿਦਾ ਹੋਏ ਕਿ ਤੂੰ ਸਦਾ ਹੀ ਸਹਾਈ ਹੋ ਕੇ ਸੇਵਕਾਂ ਦੀ ਰਾਖੀ ਕਰਦਾ ਆਇਆ ਹੈਂ, ਤੇਰੀ ਸ਼ਰਣ ਪਿਆਂ ਦੁਨੀਆਂ ਦੇ ਡਰ ਤੇ ਲਾਲਚ ਮੇਰਾ ਕੀ ਵਿਗਾੜ ਸਕਦੇ ਹਨ, ਤੇਰੀ ਰਹਿਮਤ ਦੀ ਛਾਇਆ ਹੋਰ ਸੰਸਾਰ ਸਾਗਰ ਨੂੰ ਸਹਿਜੇ ਹੀ ਪਾਰ ਕਰ ਸਕਾਂਗੇ।

## ਪ੍ਰਭੂ ਪਹਿਰੇਦਾਰ ਬਣੇ

ਆਮ ਕਾਰੋਬਾਰੀ ਤੇ ਵਿਵਹਾਰਕ ਮਨੁੱਖ ਇਹ ਗੱਲ ਮੰਨਣੋਂ ਇਨਕਾਰੀ ਹੈ ਕਿ ਸਿਮਰਨ ਵੀ ਕੋਈ ਸ਼ਕਤੀ ਸਹਿਤ ਅਤਿ ਅਨੰਦਮਈ ਮਹਾਨ ਸੁੱਖ ਸਾਗਰ ਤੇ ਅਨੰਦ ਦਾ ਇਕ ਭੰਡਾਰ ਹੈ, ਜਿਥੋਂ ਨਿਕਲਨਾ ਵੀ ਕਠਨ ਹੈ, ਜਿਥੇ ਜਾ ਕੇ ਇਹ ਦਸ਼ਾ ਹੋ ਜਾਂਦੀ ਹੈ ਕਿ 'ਆਖਾ ਜੀਵਾ ਵਿਸਰੇ ਮਰ ਜਾਉ' ਉਥੇ ਮਨੁੱਖ ਨੂੰ ਸਮਾਂ ਕਾਲ ਵਸਤੂ ਦਾ ਖਿਆਲ ਵੀ ਭੁੱਲ ਹੀ ਜਾਂਦਾ ਹੈ। ਉਹ ਇਸ ਮਹਾਨ ਰਸ ਅੰਦਰ ਮਸਤ ਰੱਤਾ ਹੋਇਆ ਬਾਹਰਲੀ ਦੁਨੀਆਂ ਨੂੰ ਮੁਢੋਂ ਹੀ ਭੁੱਲ ਜਾਂਦਾ ਹੈ ਤੇ ਕਦੀ ਕਦੀ ਉਹ ਸ਼ਰੀਰਕ ਜ਼ਿੰਮੇਂਵਾਰੀਆਂ ਵੀ ਛੱਡ ਕੇ ਬੈਠ ਜਾਂਦਾ ਹੈ, ਪਰ ਇਹ ਉਹ ਜਾਣ ਕੇ ਨਹੀਂ ਕਰਦਾ ਸਗੋਂ ਸਹਿਜੇ ਹੀ ਹੋ ਜਾਂਦਾ ਹੈ। ਕਿਉਂਕਿ ਆਤਮਕ ਆਨੰਦ ਸੰਸਾਰ ਦਾ ਸਰਬ ਸ਼੍ਰੋਮਣੀ ਤੇ ਦ੍ਰਿਸ਼ਟਮਾਨ ਅਨੰਦ ਤੋਂ ਪਰੇਰੇ ਬਹੁਤ ਅਨੰਤ ਅਨਾਦ ਤੇ ਮਹਾਨ ਅਨੰਦ ਹੈ ਜਿਸ ਤੋਂ ਵਿਛੜਨ ਨੂੰ ਮਨ ਨਹੀਂ ਮੰਨਦਾ, ਇਹੀ ਕਾਰਨ ਹੈ ਕਿ ਉਹ ਗੜੂੰਦ ਤੇ ਅਤੀ ਭਿਜੇ ਹੋਏ ਰੰਗ ਅੰਦਰ ਦੇਸ਼ ਤੇ ਸਮੇਂ ਦੀਆਂ ਸੀਮਾਵਾਂ ਨੂੰ ਛੱਡ ਜਾਂਦੇ ਹਨ। ਉਸ ਸਮੇਂ ਉਸ ਦੇ ਸਾਹਵੇਂ ਕੇਵਲ ਇਕ ਰਸ ਤੇ ਅਨੰਦ ਦਾ ਸਾਗਰ ਠਾਠਾਂ ਮਾਰਦਾ ਹੁੰਦਾ ਹੈ। ਉਸ ਪਰਮ ਸੁੱਖ ਤੋਂ ਬਾਹਰ ਆਉਣ ਨੂੰ ਉਹ ਵਿਛੋੜਾ ਦੁਖ, ਤੇ ਬਿਨਾਂ ਡਿਠੇ ਮਰਣ ਤਸੱਵਰ ਕਰਦਾ ਹੈ।

ਸੋ ਸਮੇਂ ਦੀ ਲੋੜ ਤੇ ਸਮੇਂ ਦੀ ਕਿਰਿਆ ਤੋਂ ਪਰੇਰੇ ਐਸੀ ਹੀ ਦਸ਼ਾ ਅੰਦਰ ਸਾਹਿਬ ਬਾਬਾ ਕਰਮ ਸਿੰਘ ਇਕ ਦਿਨ ਐਸੇ ਸਮਾਧੀ ਸਥਿਤ ਹੋਏ ਕਿ ਉਠਣਾ ਹੀ ਭੁੱਲ ਗਿਆ। ਉਹ ਉਸ ਸਮੇਂ ਡਿਊਟੀ ਪਰ ਖੜ੍ਹੇ, ਸੰਤਰੀ ਦੀ ਡਿਊਟੀ ਭੀ ਦੇ ਰਹੇ ਸਨ। ਛੇ ਘੰਟੇ ਇਕ ਜਗ੍ਹਾ ਕਰਨਲ ਦੇ ਦਫਤਰ ਸਾਹਵੇਂ ਨੌਕਰੀ ਸੀ, ਫਿਰ ਨੌਕਰੀ ਤੋਂ ਗੈਰਹਾਜ਼ਰੀ ਕਰਿਆਂ ਨੌਕਰੀ ਵੀ ਜਾ ਸਕਦੀ ਸੀ। ਸਰਹੱਦੀ ਇਲਾਕਿਆਂ ਵਿਚ ਨੌਕਰੀ ਸਮੇਂ ਦੀ ਕੋਤਾਹੀ ਬੜੀ ਸਖਤ ਗਲਤੀ ਹੀ ਨਹੀਂ ਸਗੋਂ ਨ-ਕਾਬਿਲੇ ਮੁਆਫੀ ਗੁਨਾਹ ਮੰਨਿਆ ਜਾਂਦਾ ਸੀ। ਬਾਬਾ ਕਰਮ ਸਿੰਘ ਜੀ ਦਾ ਇਹ ਖਾਹਮਖਾਹ ਦਾ ਈਰਖਾਲੂ ਸੱਜਣ ਵੀ 'ਦਿਤਾ' ਪਲਟਨ ਵਿਚ ਸੀ। ਉਹ ਉਨ੍ਹਾਂ ਵਿਚੋਂ ਸੀ ਜੋ ਆਪ ਪਾਣੀ ਦੀ ਇਕ ਘੁਟ ਦਾਨ ਨਹੀਂ ਦੇ ਸਕਦੇ। ਕਿਸੇ ਗਰੀਬ ਦਾ ਦੁੱਖ ਤਾਂ ਨਿਵਾਰਣ ਕਰਨਾ ਇੱਕ ਪਾਸੇ ਰਿਹਾ ਉਹ ਦੁੱਖ ਦੀ ਵਾਰਤਾ ਸੁਣ ਕੇ ਆਹ ਦਾ ਨਾਹਰਾ ਵੀ ਨਹੀਂ ਮਾਰਦੇ। ਪਰ ਹਾਂ ਨਿੰਦਾ ਉਹ ਤਪੇ ਭਾਗੀਰਥ ਦੀ ਵੀ ਕਰਨਗੇ ਜਿਸ ਨੇ ਕਠਨ ਘਾਲਣਾ ਪਿਛੋਂ ਗੰਗਾ ਨੂੰ ਪਹਾੜ ਤੋਂ ਮੈਦਾਨਾਂ ਵਿਚ ਉਤਾਰਿਆ ਸੀ। ਉਹ ਸੱਜਣ ਵੀ ਰੋਜ਼ਾਨਾ ਨਿਤਨੇਮ ਆਦਿਕ ਕਰਦਾ ਸੀ ਪਰ ਲੋਕਾਂ ਅੰਦਰ ਬਾਬਾ ਕਰਮ ਸਿੰਘ ਜੀ ਦੀ ਬਹੁਤ ਇਜ਼ਤ ਤੇ ਮਾਣ ਸੀ, ਇਸੇ ਹੀ ਕਾਰਨ ਇਹ ਉਨ੍ਹਾਂ ਤੋਂ ਐਵੇਂ ਚਿੜ੍ਹ ਰੱਖਦਾ ਸੀ। ਸੋ ਉਸ ਦਿਨ ਉਸ ਦਾ ਦਾਉ ਲੱਗ ਗਿਆ, ਅਚਾਨਕ ਉਹ ਬਾਹਰ ਨਦੀ ਵੱਲ ਗਿਆ, ਅਗੋਂ ਬਾਬਾ ਜੀ ਚੌਂਕੜੀ ਮਾਰ ਕੇ ਸਮਾਧੀ ਲਗਾ ਕੇ ਇਕਾਂਤ ਵਿਚ ਬਿਰਾਜਮਾਨ ਸਨ, ਉਧਰੋਂ ਉਨ੍ਹਾਂ ਦੀ ਡਿਊਟੀ ਦਾ ਵਕਤ ਸੀ। ਉਸ ਨੂੰ ਸੰਤ ਸਿਪਾਹੀ ਉਤੇ ਆਪਣਾ ਗੁੱਸਾ ਠੰਡਾ ਕਰਨ ਦਾ ਇਸ ਤੋਂ ਚੰਗਾ ਸਮਾਂ ਹੋਰ ਕੋਈ ਵੀ ਮਿਲਦਾ ਨਾ ਦਿਸਿਆ, ਉਸ ਨੇ ਸਿੱਧਾ ਕਮਾਂਡਿੰਗ ਅਫ਼ਸਰ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਕਰਮ ਸਿੰਘ ਸਿਪਾਹੀ ਡਿਊਟੀ ਤੋਂ ਗੈਰ ਹਾਜ਼ਰ ਹੈ। ਸਾਹਿਬ ਉਸ ਤੋਂ ਸਾਰਾ ਪਤਾ ਕਰ ਕੇ ਝਟ ਹੀ ਮੌਕੇ ਪਰ ਪੁੱਜਾ। ਨਦੀ ਕਿਨਾਰੇ ਬਾਬਾ ਕਰਮ ਸਿੰਘ ਪਾਸ ਖੜੋ ਕੇ ਤਕਦਾ ਰਿਹਾ। ਬਾਬਾ ਜੀ ਬਾਹਰਲੀ ਦੁਨੀਆਂ ਤੋਂ ਪਰੇ ਆਪਣੇ ਹੀ ਰਸ ਅੰਦਰ ਮਸਤ ਬ੍ਰਹਮ ਅਨੰਦ ਅੰਦਰ ਮਸਤ ਬੈਠੇ ਸਨ। ਉਨ੍ਹਾਂ ਨੂੰ ਬਾਹਰਲੇ ਲੋਕਾਂ ਦਾ ਕੋਈ ਵੀ ਗਿਆਨ ਨਹੀਂ ਸੀ।

ਕਮਾਂਡਰ ਨੇ ਸਿੱਧਾ ਦਫਤਰ ਆ ਕੇ ਡਿਊਟੀ ਇੰਚਾਰਜ ਨੂੰ ਸੱਦ ਕੇ ਕਰਮ ਸਿੰਘ ਬਾਰੇ ਪਤਾ ਕੀਤਾ। ਉਸ ਨੇ ਉਸ ਦੀ ਬਾਕਾਇਦਾ ਹਾਜ਼ਰੀ ਤੇ ਫਿਰ ਡਿਊਟੀ ਪਰ ਹਾਜ਼ਰ ਹੋਣ ਦੀ ਤਸਦੀਕ ਕੀਤੀ। ਅਫਸਰ ਮੌਕੇ ਤੇ ਆਇਆ ਕਰਮ ਸਿੰਘ ਸੰਤਰੀ ਦੀ ਡਿਊਟੀ ਪਰ ਹਾਜ਼ਰ ਸੀ। ਉਹ ਮੁੜ ਕੇ ਫਿਰ ਨਦੀ ਵੱਲ ਨੂੰ ਗਿਆ, ਕਰਮ ਸਿੰਘ ਜੀ ਉਥੇ ਹੀ ਬਿਰਾਜਮਾਨ ਸੀ। ਤਿੰਨ ਚਕਰ ਪੂਰੇ ਹੋਏ, ਡਿਊਟੀ ਪਰ ਖੜ੍ਹੇ ਕਰਮ ਸਿੰਘ ਤੋਂ ਪਤਾ ਕੀਤਾ "ਆਪ ਦਾ ਨਾਮ?" "ਕਰਮ ਸਿੰਘ ਸਿਪਾਹੀ ਹੈ," ਸੰਤ ਸਿਪਾਹੀ ਨੇ ਉਤਰ ਦਿਤਾ। "ਫਿਰ ਨਦੀ ਤੇ ਸਮਾਧੀ ਸਥਿਤ ਕੌਣ ਹੈ?" ਅਫਸਰ ਨੇ ਗੰਭੀਰ ਹੋ ਕੇ ਪੁਛਿਆ। "ਦੋਵੇਂ ਹੀ ਅਸਲੀ ਹਨ।" ਸੰਤ ਸਿਪਾਹੀ ਨੇ ਉਤਰ ਦਿਤਾ। ਉਸ ਜਗ੍ਹਾ ਕਰਮ ਸਿੰਘ ਦਾ ਸ਼ਰੀਰ ਹੈ, ਇਥੇ ਕਰਮ ਸਿੰਘ ਦੀ ਆਤਮਾ ਹੈ, ਫਿਰ ਦੋਵੇਂ ਹੀ ਇਕ ਰੂਪ ਹਨ, ਤੁਹਾਡੇ ਹੀ ਤੱਕਣ ਵਿਚ ਫ਼ਰਕ ਹੈ। ਦ੍ਰਿਸ਼ਟੀ ਪੈਦਾ ਕਰੋ, ਤੁਹਾਨੂੰ ਵੀ ਇਹ ਦੋਵੇਂ ਇਕੋ ਨਜ਼ਰ ਆ ਜਾਣਗੇ। ਭਾਵਨਾ ਤੇ ਸੰਕਲਪ ਹੀ ਇਸ ਸੰਸਾਰ ਦੀ ਰਚਨਾ ਹਨ ਫਿਰ ਇਸ ਤੋਂ ਰਹਿਤ ਹੋ ਕੇ ਮਨੁੱਖ ਸਰਬ ਵਿਆਪੀ ਹੋ ਜਾਂਦਾ ਹੈ। ਸੰਤ ਸਿਪਾਹੀ ਨੇ ਉਤਰ ਦਿਤਾ, ਫਿਰ ਡਟ ਕੇ ਖਲੋਤਾ ਰਿਹਾ। ਸਾਹਿਬ ਕਿੰਨਾ ਹੀ ਚਿਰ ਸੋਚਦਾ ਰਿਹਾ। ਫਿਰ ਗਾਰਦ ਦੇ ਇੰਚਾਰਜ ਨੂੰ ਦੂਰ ਲਿਜਾ ਕੇ ਕੰਨ ਵਿਚ ਕਹਿ ਗਿਆ ਕਿ ਕਰਮ ਸਿੰਘ ਨੂੰ ਸੁਬ੍ਹਾ ਦਫਤਰ ਹਾਜ਼ਰ ਕਰਨਾ ਹੈ, ਪਰ ਕਾਰਣ ਨਹੀਂ ਦੱਸਣਾ।

ਕਰਮ ਸਿੰਘ ਜੀ ਦਾ ਈਰਖਾਲੂ ਸਾਥੀ ਆਪਣੇ ਕਮਰੇ ਵਿਚ ਬੈਠਾ ਇਹੀ ਸੋਚ ਰਿਹਾ ਸੀ ਕਿ ਅੱਜ ਹੀ ਕਾਬੂ ਆਇਆ ਹੈ। ਸਾਰੀ ਭੜੀ ਭਗਤੀ ਧਰੀ ਦੀ ਧਰੀ ਰਹਿ ਜਾਏਗੀ। ਹੁਣ ਇਹ ਕੀ ਕਰਦਾ ਹੈ ਇਹ ਤਕਾਂਗੇ? ਲੋਕ ਇਹ ਢਕੌਂਸਲੇ ਬਣਾਂਦੇ ਹਨ ਕਿ ਭਗਤਾਂ ਦੇ ਕਾਰਜ ਉਹ ਆਪ ਸੰਵਾਰਦਾ ਹੈ। ਹੁਣ ਏਥੇ ਉਹ ਕੀ ਲੱਤ ਫੇਰੇਗਾ? ਫਸ ਗਏ ਨੇ ਪਾਣੀ ਨਹੀਂ ਮੰਗਣਾ। ਨੌਕਰੀ ਤੋਂ ਬਰਖਾਸਤ ਹੋ ਕੇ ਸਿੱਧਾ ਘਰ ਨੂੰ ਜਾਏਗਾ, ਨਾਲੇ ਵੇਹਲਾ ਹੋ ਕੇ ਫਿਰ ਪਿਆ ਭਗਤੀ ਕਰੇ। ਯਾਰਾਂ ਨੇ ਐਸਾ ਮੰਤਰ ਮਾਰਿਆ ਹੈ ਕਿ ਇਸ ਦਾ ਕੋਈ ਇਲਾਜ ਹੀ ਉਸ ਪਾਸ ਨਹੀਂ ਹੈ। ਚੋਰ ਸੰਨ੍ਹ ਦੇ ਅੰਦਰ ਹੀ ਫੜ ਲਿਆ ਹੈ। ਹੁਣ ਉਹ ਕਚਹਿਰੀ ਵਿਚੋਂ ਬਰੀ ਹੋ ਹੀ ਨਹੀਂ ਸਕਦਾ। ਇਹ ਸੋਚ ਕੇ ਇਸ ਨੇ ਆਪਣਾ ਰਾਹ ਸਾਫ ਕਰ ਲਿਆ ਹੈ, ਹੁਣ ਆਪ ਹੀ ਬਾਕੀ ਪਲਟਨ ਵਾਲੇ ਮੇਰੀ ਇੱਜ਼ਤ ਕਰਨਗੇ ਕਿਉਂਕਿ ਇਹ ਕਾਫੀ ਕਰਮ ਕਾਂਡੀ ਜਿਹਾ ਬਾਣੀ ਦਾ ਪਾਠੀ ਸੀ। ਪਰ ਕਰਮ ਸਿੰਘ ਤੇ ਇਸ ਨੂੰ ਲੋਕ ਬਰਾਬਰ ਨਹੀਂ ਸਨ ਮੰਨਦੇ। ਇਹੀ ਇਸ ਵਿਚਾਰੇ ਦੀ ਈਰਖਾ ਦਾ ਵੱਡਾ ਕਾਰਨ ਸੀ।

ਬਾਬਾ ਕਰਮ ਸਿੰਘ ਆਪ ਇਸ ਦਾ ਬੜਾ ਸਤਿਕਾਰ ਕਰਦੇ ਸਨ, ਉਹ ਸਦਾ ਹੀ ਸੰਗੀ ਸਾਥੀਆਂ ਨੂੰ ਕਹਿੰਦੇ ਇਹ ਗੁਰਮੁਖ ਸਿਖ ਬਾਣੀ ਨਾਲ ਕਿਤਨਾ ਪਿਆਰ ਕਰਦਾ ਹੈ। ਵਾਹਿਗੁਰੂ ਕਰੇ ਇਹ ਸਤਿ ਮਾਰਗ ਤੇ ਸੱਚੀ ਸਿੱਖੀ ਦਾ ਮਹਾਨ ਰੋਸ਼ਨ ਮੀਨਾਰ ਸਾਬਤ ਹੋਵੇ। ਇਹੀ ਕਾਰਣ ਸੀ ਕਿ ਉਹ ਸਦਾ ਹੀ ਇਸ ਨੂੰ ਮਿਲਣ ਸਮੇਂ ਪਹਿਲਾਂ ਫਤਹਿ ਬੁਲਾਂਦੇ ਸਨ। ਇਸ ਦਾ ਸਤਿਕਾਰ ਵੀ ਕਰਦੇ ਤੇ ਲੋਕਾਂ ਨੂੰ ਇਹ ਵੀ ਆਖਦੇ ਸਨ, ਭਾਈ! ਅਸੀਂ ਤਾਂ ਢਿੱਲੇ ਮੱਠੇ ਜਿਹੇ ਸਿੱਖ ਹਾਂ ਇਹ ਤਿਆਰ ਬਰ ਤਿਆਰ ਸਿੰਘ ਹਨ, ਫਿਰ ਜੇਕਰ ਇਹ ਸਾਨੂੰ ਕੋਈ ਤਾੜਨਾ ਕਰਨ ਤਦ ਇਨ੍ਹਾਂ ਦਾ ਹੱਕ ਹੀ ਹੈ। ਇਹ ਗੱਲਾਂ ਸੁਣ ਕੇ ਇਹ ਹੋਰ ਵੀ ਵਿਗੜਦਾ ਸੀ ਕਿ ਇਹ ਗੱਲਾਂ ਇਹ ਦਿਲੋਂ ਤੇ ਮਨੋਂ ਨਹੀਂ ਕਰਦੇ, ਨਹੀਂ ਤਾਂ ਲੋਕ ਇਸ ਨੂੰ ਛੱਡ ਕੇ ਮੇਰੀ ਇਜ਼ਤ ਨ ਕਰਿਆ ਕਰਨ? ਇਸ ਦਿਨ ਵੀ ਉਸੇ ਹੀ ਤਰ੍ਹਾਂ ਸਹਿਜ ਸੁਭਾਅ ਬਾਬਾ ਜੀ ਨੇ ਨਦੀ ਤੋਂ ਮੁੜ ਕੇ ਆ ਕੇ ਸਤਿਕਾਰ ਨਾਲ ਇਸ ਨੂੰ ਫਤਹਿ ਬੁਲਾਈ ਤੇ ਅਪਣੀ ਦੁਨਿਆਵੀ ਡਿਊਟੀ ਤੋਂ ਭੁਲ ਦਾ ਜ਼ਿਕਰ ਵੀ ਕੀਤਾ। ਉਹ ਸਮਝਦੇ ਸਨ ਕਿ ਨੌਕਰੀ ਵਿਚ ਇਹ ਬਖਸ਼ੇ ਜਾਣ ਵਾਲੀ ਭੁਲ ਨਹੀਂ। ਪਰ ਇਸ ਈਰਖਾਲੂ ਸੱਜਣ ਨੇ ਜਾਣ ਬੁੱਝ ਕੇ ਹੀ ਉਨ੍ਹਾਂ ਨੂੰ ਕਿਹਾ ਤਾਂ ਕਿ ਇਹ ਬਿਲਕੁਲ ਹੀ ਬਚ ਨਾ ਜਾਣ ਕਿ ਚਲੋ ਜੀ ਤੁਸਾਂ ਸਾਫ ਹੀ ਕਹਿ ਦੇਣਾ ਕਿ ਅਸੀਂ ਪ੍ਰਭੂ ਲਿਵ ਅੰਦਰ ਮਸਤ ਹੋ ਕੇ ਡਿਊਟੀ ਪਰ ਨਹੀਂ ਆਏ, ਇਹ ਕੋਈ ਪਾਪ ਥੋੜੇ ਹੀ ਹੈ। ਬਾਬਾ ਜੀ ਹੱਸ ਕੇ ਕਹਿਣ ਲੱਗੇ, "ਚਲੋ! ਇਹ ਗੱਲ ਤੁਹਾਡੀ ਮਰਜ਼ੀ ਅਨੁਸਾਰ ਹੀ ਹੋ ਜਾਏਗੀ, ਤੁਹਾਡੀ ਰਾਏ ਤੇ ਨੌਕਰੀ ਦਾ ਤਜਰਬਾ ਵੱਧ ਹੈ ਫਿਰ ਤੁਸੀਂ ਐਸੀ ਗੱਲ ਤੇ ਨਹੀਂ ਕਹਿੰਦੇ ਜੋ ਤੁਹਾਡੀ ਹੀ ਮਨ ਦੀ ਆਸ਼ਾ ਦੇ ਅਨੁਸਾਰ ਨਾ ਹੋਵੇ।" ਇਹ ਸੁਣ ਕੇ ਨਿੰਦਕ ਤੇ ਈਰਖਾਲੂ ਬਹੁਤ ਹੀ ਪ੍ਰਸੰਨ ਹੋਇਆ ਤੇ ਉਸ ਨੇ ਇਹ ਫੈਸਲਾ ਕਰ ਲਿਆ ਕਿ ਕਿਸੇ ਨ ਕਿਸੇ ਤਰ੍ਹਾਂ ਉਹ ਇਸ ਕੰਡੇ ਨੂੰ ਅੱਖੀਂ ਹੀ ਨਿਕਲਦਾ ਹੋਇਆ ਤਕੇਗਾ। ਸੋ ਉਹ ਵੀ ਅਗਲੇ ਸਵੇਰੇ ਹੀ ਦਫਤਰ ਜਾ ਹਾਜ਼ਰ ਹੋਇਆ ਤੇ ਬਹਾਨਾ ਇਹ ਲਾਇਆ ਕਿ ਉਹ ਛੁੱਟੀ ਲੈਣ ਲਈ ਹਾਜ਼ਰ ਹੋਣ ਆਇਆ ਹੈ।

ਬਾਬਾ ਕਰਮ ਸਿੰਘ ਦੂਸਰੇ ਦਿਨ ਜਦੋਂ ਉਹ ਡਿਊਟੀ ਪਰ ਜਾਣ ਲਈ ਤਿਆਰ ਸਨ ਉਨ੍ਹਾਂ ਦੇ ਇੰਚਾਰਜ ਨੇ ਆ ਕੇ ਆਗਿਆ ਕੀਤੀ ਕਿ ਉਨ੍ਹਾਂ ਨੂੰ ਦਫਤਰ ਹਾਜ਼ਰ ਹੋਣ

ਦਾ ਹੁਕਮ ਆਇਆ ਹੈ। ਬਾਬਾ ਕਰਮ ਸਿੰਘ ਜਾਣਦੇ ਸਨ ਕਿ ਇਸ ਹਾਜ਼ਰੀ ਦਾ ਮਤਲਬ ਹੀ ਨੌਕਰੀ ਤੋਂ ਜਵਾਬ ਹੈ, ਜਾਂ ਫਿਰ ਘੱਟ ਤੋਂ ਘੱਟ ਕੋਰਟ ਗਾਰਦ ਦੀ ਕੱਚੀ ਕੈਦ ਦੀ ਅਤਿ ਕਠਨ ਸਜ਼ਾ ਹੈ। ਪਰ ਉਹ ਤਾਂ ਮਨੋ ਖੁਸ਼ ਸਨ ਕਿ ਚਲੋ ਨੌਕਰੀ ਹੁਣ ਦੀਵਾਰ ਬਣ ਰਹੀ ਸੀ, ਸੋ ਉਹ ਮਨ ਨਾਲ ਇਹ ਫੈਸਲਾ ਕਰਕੇ ਹੀ ਦਫ਼ਤਰ ਗਏ ਸਨ ਕਿ ਉਹ ਨੌਕਰੀ ਕਰਨਗੇ ਹੀ ਨਹੀਂ। ਉਹ ਬੇਪ੍ਰਵਾਹ ਹੋ ਕੇ ਦਫਤਰ ਅੱਗੇ ਖੜੋ ਗਏ। ਉਨ੍ਹਾਂ ਦੇ ਕੋਲ ਹੀ ਉਨ੍ਹਾਂ ਦਾ ਮਕਰਬੋਲਾ ਹਮਦਰਦ ਵੀ ਖੜ੍ਹਾ ਸੀ ਜੋ ਇਹ ਤਕਣ ਆਇਆ ਸੀ ਕਿ ਇਸ ਨਾਲ ਕੀ ਬੀਤਦੀ ਹੈ।

ਆਖਰ ਸਾਹਿਬ ਦੇ ਸੱਦਣ ਪਰ ਬਾਬਾ ਕਰਮ ਸਿੰਘ ਅੰਦਰ ਹਾਜ਼ਰ ਹੋਏ। ਕਮਾਂਡਿੰਗ ਅਫਸਰ ਰਾਤ ਦੀ ਵਾਰਤਾ ਤੋਂ ਮੁਤਾਸਰ ਤੇ ਕੁਝ ਡਰਿਆ ਹੋਇਆ ਵੀ ਸੀ। ਉਸ ਨੇ ਸਲੂਟ ਪ੍ਰਵਾਨ ਕਰਕੇ, ਖੜ੍ਹੇ ਹੋ ਕੇ ਸਿਪਾਹੀ ਕਰਮ ਸਿੰਘ ਨਾਲ ਹੱਥ ਮਿਲਾਇਆ ਤੇ ਆਪ ਹੀ ਕਿਹਾ, "ਵੈੱਲ ਕਰਮ ਸਿੰਘ! ਹਮ ਆਪ ਪਰ ਬਹੁਤ ਖੁਸ਼ ਹੈਂ। ਰਾਤ ਕੋ ਤੀਨ ਬਾਰ ਹਮਨੇ ਚੱਕਰ ਲਗਾਇਆ, ਤੁਮਨੇ ਪੂਰੀ ਹੁਸ਼ਿਆਰੀ ਸੇ ਡਿਊਟੀ ਦੀਆ ਹੈ, ਹਮ ਤੁਮਾਰੀ ਤਰੱਕੀ ਕੀ ਸ਼ਿਫਾਰਸ਼ ਕਰੇਗਾ। ਸਰਕਾਰ ਅੱਛੇ ਧਾਰਮਿਕ ਪਵਿੱਤਰ ਆਦਮੀ ਕੀ ਇਜ਼ਤ ਕਰਤਾ ਹੈ। ਆਪ ਬਹੁਤ ਅੱਛਾ ਸਿਪਾਹੀ ਹੈ।" ਬਾਬਾ ਕਰਮ ਸਿੰਘ ਹੈਰਾਨ ਸਨ ਕਿ ਉਹ ਇਹ ਸਮਝ ਕੇ ਆਏ ਸਨ ਕਿ ਨੌਕਰੀ ਤੋਂ ਛੁੱਟੀ ਮਿਲੇਗੀ। ਪਰ ਏਥੇ ਤਾਂ ਸਗੋਂ ਚੰਗੇ ਸਿਪਾਹੀ ਦੀ ਸਨਦ ਵੀ ਮਿਲ ਗਈ। ਪਰ ਇਹ ਰਾਤ ਦੀ ਡਿਊਟੀ ਕਿਸਨੇ ਦਿਤੀ? ਇਹ ਗੱਲ ਉਹ ਸਮਝਣ ਤੋਂ ਅਸਮਰਥ ਰਹੇ। ਇਸੇ ਹੀ ਕਰਕੇ ਆਖਰ ਉਨ੍ਹਾਂ ਇਹ ਫੈਸਲਾ ਕੀਤਾ ਕਿ ਉਹ ਹੁਣ ਉਸੇ ਦੀ ਨੌਕਰੀ ਕਰਨਗੇ ਜਿਸ ਨੇ ਉਨ੍ਹਾਂ ਦੀ ਜਗ੍ਹਾ ਡਿਊਟੀ ਦਿਤੀ ਹੈ। ਉਹ ਸਾਫ ਹੀ ਸਮਝ ਗਏ ਕਿ ਇਹ ਸਾਰੀ ਰਚਨਾ ਕੇਵਲ ਮਾਤਰ ਉਸ ਪ੍ਰਭੂ ਦੀ ਹੈ, ਜਿਸ ਦੀ ਮੇਹਰ ਦਾ ਸਦਕਾ ਉਹ ਕਰੜੀ ਸਜ਼ਾ ਤੋਂ ਬਚ ਗਿਆ।

ਅਗਲੇ ਦਿਨ ਉਨ੍ਹਾਂ ਨੌਕਰੀ ਤੋਂ ਹੀ ਅਸਤੀਫਾ ਦੇ ਦਿਤਾ। ਸਾਹਿਬ ਨੇ ਬਹੁਤ ਜ਼ੋਰ ਲਗਾਇਆ ਉਹ ਉਨ੍ਹਾਂ ਦੀ ਤਰੱਕੀ ਪਰ ਜ਼ੋਰ ਦੇ ਰਹੇ ਹਨ ਤੇ ਉਨ੍ਹਾਂ ਨੂੰ ਛੇਤੀਂ ਹੀ ਹਵਾਲਦਾਰ ਬਣਾ ਦਿਤਾ ਜਾਵੇਗਾ। ਪਰ ਬਾਬਾ ਜੀ ਨੇ ਫੁਰਮਾਇਆ, "ਅਸੀਂ ਬਹੁਤ ਵੱਡੇ ਸਾਹਿਬ ਦੇ ਵਜ਼ੀਰ ਹੋ ਕੇ ਬਾਹਰ ਜਾ ਰਹੇ ਹਾਂ ਫਿਰ ਛੋਟੇ ਸਾਹਿਬਾਂ ਅੱਗੇ ਕੌਣ ਸਲਾਮਾਂ ਕਰਦਾ ਫਿਰੇ।" ਆਖਰਕਾਰ ਸਾਹਿਬ ਨੇ ਬਾਬਾ ਜੀ ਦੀ ਖੁਸ਼ੀ ਹਾਸਲ ਕਰਨ, ਤੇ ਉਨਾਂ ਦੀ ਕ੍ਰੋਪੀ ਤੋਂ ਡਰਦਿਆਂ ਹੋਇਆਂ ਵੀ ਨੌਕਰੀ ਤੋਂ ਛੁੱਟੀ ਦੇ ਦਿਤੀ, ਭਾਵੇਂ ਸਾਹਿਬ ਇਸ ਗੱਲ ਨੂੰ ਤਿਆਰ ਸੀ ਕਿ ਉਨ੍ਹਾਂ ਦੀ ਨੌਕਰੀ ਤੇ ਡਿਊਟੀ ਸਭੋ ਕੁਝ ਮਾਫ ਕਰ ਦਿਤਾ ਜਾਵੇਗਾ। ਉਹ ਨਾਮ ਮਾਤਰ ਪਰੇਡ ਕਰ ਲਿਆ ਕਰਨ। ਪਰ ਬਾਬਾ ਜੀ ਨੇ ਕਿਹਾ, "ਹੁਣ ਜੋ ਵਰਦੀ ਸਰੀਰ ਪਰ ਪਾ ਰਹੇ ਹਾਂ ਉਹ ਕਦੇ ਉਤਾਰਨ ਜਾਂ ਬਦਲਣ ਦੀ ਲੋੜ ਨਹੀਂ ਪਵੇਗੀ। ਅਸਾਂ ਸਤਿਗੁਰਾਂ ਦਾ ਪੱਕਾ ਜਨੇਊ ਜੋ ਸਵਾਸਾਂ ਨਾਲ ਹੀ ਚਲਦਾ ਹੈ ਤੇ ਉਸ ਦੇ ਨਾਲ ਹੀ ਨਿਭਦਾ ਹੈ, ਧਾਰਨ ਕਰਕੇ ਉਸ ਦੀ ਸਫਲਤਾ ਹਿੱਤ ਬਾਕੀ ਸਵਾਸ ਲਗਾ ਦੇਣੇ ਹਨ।" ਸੋ ਆਪ ਜੀ ਨੇ ਛੁੱਟੀ ਲੈ ਕੇ ਹੁਣ ਘਰ ਜਾਣ ਦੀ ਸਲਾਹ ਹਟਾ ਦਿਤੀ ਕਿਉਂਕਿ ਮਾਂ ਨੇ ਪਹਿਲਾਂ ਹੀ ਕਹਿ ਦਿਤਾ ਸੀ, "ਜਾਹ, ਜਾ ਕੇ ਸਾਧਾਂ ਨੂੰ ਰੋਟੀਆਂ ਖਵਾ ਜਾਂ ਫਿਰ ਆਪ ਖਾਵੀਂ, ਸਾਨੂੰ ਤੇਰੀ ਲੋੜ ਨਹੀਂ।

ਨਾਲੇ ਕੰਢੇ ਸਾਧਨ

ਹੋਤੀ ਮਰਦਾਨ ਛਾਉਣੀ ਤੋਂ ਵਿਹਲੇ ਹੋ ਕੇ ਆਪ ਤੇ ਆਪ ਦੇ ਸੱਚੇ ਸਾਥੀ ਸਹਾਈ ਸੇਵਕ ਤੇ ਨੌਕਰੀ ਸਮੇਂ ਦੇ ਨਿਕਟਵਰਤੀ ਬਾਬਾ ਲਾਲ ਸਿੰਘ ਜੀ ਸਮੇਤ ਜੋ ਨਾਲ ਹੀ ਨੌਕਰੀ ਛੱਡ ਆਏ ਸਨ, ਨਾਲੇ ਕੰਢੇ ਡਟ ਗਏ। ਦੋਹਾਂ ਹੀ ਸਾਥੀਆਂ ਨੇ ਇਹ ਫੈਸਲਾ ਕੀਤਾ ਕਿ ਉਹ ਸਾਹਿਬ ਬਾਬਾ ਬੀਰ ਸਿੰਘ ਜੀ ਦੀ ਪ੍ਰੰਪਰਾ ਨੂੰ ਸੁਰਜੀਤ ਕਰਨਗੇ ਕਿ 'ਮੰਗਣ ਨਹੀਂ ਜਾਣਾ, ਸਵਾਲ ਨਹੀਂ ਕਰਨਾ, ਚੁਕਿਆ ਕਦਮ ਵਾਪਸ ਨਹੀਂ ਮੋੜਨਾ।' ਸੋ ਉਹ ਨਦੀ ਕੰਢੇ ਆਪਣੇ ਸਰਕਾਰੀ ਪੈਸਿਆਂ ਨਾਲ ਦੋ ਝੌਂਪੜੇ ਪਾ ਕੇ, ਗੁਜ਼ਾਰੇ ਜੋਗੇ ਕੱਪੜੇ ਫੌਜ ਵਾਲੇ ਹੀ ਸਨ ਉਹ ਰੱਖ ਕੇ, ਡਟ ਗਏ, ਸਾਧਨ ਆਰੰਭ ਹੋ ਗਿਆ। ਪਹਿਲੇ ਮਹੀਨੇ ਉਹ ਦੁਪਹਿਰ ਵੇਲੇ ਪ੍ਰਸ਼ਾਦ ਛਕਦੇ ਸਨ। ਫਿਰ ਹੌਲੀ ਹੌਲੀ ਉਹ ਵੀ ਅਧ ਵਿਚ ਆ ਗਿਆ। ਕੁਝ ਫੌਜੀ ਭਰਾ ਇਹ ਯਤਨ ਕਰਦੇ ਸਨ ਕਿ ਉਨ੍ਹਾਂ ਦੇ ਮਕਾਨ ਦੇ ਚੌਹੀਂ ਪਾਸੀਂ ਕੋਟ ਕਰ ਦਿਤਾ ਜਾਵੇ। ਪਰ ਬਾਬਾ ਜੀ ਇਕੋ ਹੀ ਗੱਲ ਕਹਿੰਦੇ ਸਨ ਕਿ ਜਦੋਂ ਸਾਡੀ ਆਤਮਾ ਹੀ ਦਵੈਤ ਤੇ ਕ੍ਰੋਧ ਦੂਈ ਤੋਂ ਰਹਿਤ ਹੈ ਫਿਰ ਕੰਧਾਂ ਤੇ ਪਰਦੇ ਕਿਸ ਗੱਲ ਦੇ? ਇਸ ਤਰ੍ਹਾਂ ਸੁਬ੍ਹਾ ਨਦੀ ਤੋਂ ਇਸ਼ਨਾਨ ਕਰਕੇ ਬਰਾਬਰ ਪੰਜ ਘੰਟੇ ਵਾਹਿਗੁਰੂ ਜੀ ਦੀ ਯਾਦ ਵਿਚ ਮਸਤ ਰਹਿੰਦੇ। ਫਿਰ ਦਿਨ ਚੜ੍ਹੇ ਗੁਰਬਾਣੀ ਦਾ ਪਾਠ ਕਰਦੇ। ਆਏ ਗਏ ਪ੍ਰੇਮੀਆਂ ਨਾਲ ਗੱਲ ਬਾਤ ਉਹ ਦਸ ਤੋਂ ਯਾਰਾਂ ਵਜੇ ਦੇ ਦਰਮਿਆਨ ਹੀ ਕਰਦੇ ਸਨ। ਫਿਰ ਦੋ ਘੜੀ ਟਿਕ ਜਾਂਦੇ ਤੇ ਸ਼ਾਮ ਸਮੇਂ ਉਠ ਕੇ ਫਿਰ ਨਦੀ ਦੇ ਕੰਢੇ ਜਾ ਸਮਾਧੀ ਲਗਾਂਦੇ। ਇਸ ਤਰ੍ਹਾਂ ਸਮਾਂ ਲੰਘਦਾ ਜਾਂਦਾ ਸੀ, ਲੋਕਾਂ ਅੰਦਰ ਚਰਚਾ ਤੇ ਸ਼ਰਧਾ

ਵਧਦੀ ਜਾਂਦੀ ਸੀ। ਮੁਸਲਮਾਨ ਉਨ੍ਹਾਂ ਨਾਲ ਵਾਪਰੀ ਮਹਾਨ ਘਟਨਾ ਤੋਂ ਇਤਨੇ ਮੁਤਾਸਰ ਹੋਏ ਕਿ ਉਹ ਵਲੀਆਂ ਵਾਂਗ ਇਨ੍ਹਾਂ ਦੀ ਪੂਜਾ ਕਰਨ ਲਗ ਪਏ। ਇਲਾਕੇ ਦੇ ਹਿੰਦੂ ਤੇ ਸਿੱਖ ਤਾਂ ਹੁਣ ਆਪ ਜੀ ਨੂੰ ਬਹੁਤ ਹੀ ਸ਼ਰਧਾ ਨਾਲ ਤੱਕਦੇ ਸਨ। ਜਦੋਂ ਲੋਕਾਂ ਦੀ ਆਮਦ ਵਧੀ, ਬਾਬਾ ਜੀ ਨੇ ਬਾਬਾ ਲਾਲ ਸਿੰਘ ਜੀ ਨੂੰ ਹਦਾਇਤ ਕੀਤੀ ਕਿ ਲੰਗਰ ਆਰੰਭ ਕਰੋ। ਪਰ ਇਹ ਖਿਆਲ ਰੱਖਣਾ, ਕਦੇ ਕੋਈ ਆਇਆ ਗਿਆ ਲੰਗਰ ਵਿਚੋਂ ਮੁੜ ਕੇ ਭੁਖਾ ਨਾ ਜਾਏ। ਆਪ ਜੀ ਦਾ ਇਹ ਦਾਹਵਾ ਸੀ ਕਿ ਲੰਗਰ ਵਿਚ ਸਤਿਗੁਰਾਂ ਦੀਆਂ ਰਹਿਮਤਾਂ ਵਸਦੀਆਂ ਹਨ। ਲੰਗਰ ਦਾ ਸੇਵਕ ਲੋਕਾਂ ਦੇ ਤਪ ਸਾਧਨਾ ਤੇ ਕਮਾਈ ਕਿਰਤ ਅਥਵਾ ਆਤਮ ਸ਼ਕਤੀਆਂ ਦਾ ਸੁਤੇ ਹੀ ਹਿਸੇਦਾਰ ਬਣ ਜਾਂਦਾ ਹੈ।

ਸਾਧਨਾਂ ਸਮੇਂ ਪਹਿਲਾਂ ਆਪ ਨੇ ਕਾਫੀ ਦੇਰ ਮੌਨ ਹੀ ਰੱਖਿਆ ਤੇ ਪਿਛੋਂ ਵੀ ਆਪ ਜੀ ਲੋਕਾਂ ਨਾਲ ਘਟ ਹੀ ਗੱਲਾਂ ਕਰਦੇ ਸਨ। ਉਹ ਵੀ ਫੁਰਮਾਉਂਦੇ ਸਨ ਕਿ ਜੋ ਆਦਮੀ ਬਹੁਤੀਆਂ ਗੱਲਾਂ ਕਰਦੇ ਹਨ ਉਹ ਅੰਦਰਲੇ ਵਿਚਾਰਾਂ ਦਾ ਖ਼ਜ਼ਾਨਾ ਕੌਡੀਆਂ ਬਦਲੇ ਹੀ ਗਵਾ ਬੈਠਦੇ ਹਨ। ਆਤਮ ਗਿਆਨ ਤੇ ਸਵੈ ਸਰੂਪ ਦਾ ਧਿਆਨ ਇਹ ਹਰ ਗੱਲ ਤੋਂ ਵੱਧ ਵਿਚਾਰਧਾਰਾ ਦੀਆਂ ਹੀ ਵਸਤੂਆਂ ਹਨ ਜੋ ਸੁਰਤੀ ਤੇ ਸ਼ਬਦ ਦੇ ਸਾਧਨਾਂ ਕਰਕੇ ਹੀ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਫੌਜੀਆਂ ਤੇ ਸਰਕਾਰੀ ਅਫਸਰਾਂ ਅੰਦਰ ਇਤਨਾ ਪ੍ਰਭਾਵ ਵਧਿਆ ਕਿ ਮਨੁੱਖ ਜਾਤਾਂ ਪ੍ਰਭਾਵਤ ਹੋ ਗਈਆਂ ਤੇ ਹਰ ਪਾਸੇ ਹੀ ਸੋਭਾ ਦੀ ਫੁਹਾਰ ਵਗ ਤੁਰੀ। ਨਾਲ ਨਾਲ ਪਾਨੀ ਵਗਦਾ ਮੌਲਦਾ ਤੇ ਫੈਲਦਾ ਜਾਂਦਾ ਸੀ। ਆਪ ਦੇ ਲੰਗਰ ਦਾ ਪ੍ਰਸ਼ਾਦਿ ਛਕ ਕੇ ਵਿਕਾਰੀ ਮਨ ਸਵੱਛ ਤੇ ਇਸ ਵਿਚੋਂ ਬੁਰੀਆਂ ਵਾਸ਼ਨਾਵਾਂ ਨਾਸ਼ ਹੋ ਜਾਂਦੀਆਂ ਸਨ। ਸੰਤ ਅਤਰ ਸਿੰਘ ਜੀ ਮਹਾਰਾਜ ਫੁਰਮਾਂਦੇ ਸਨ ਕਿ ਵੱਡੇ ਸਾਹਿਬ ਬਾਬਾ ਕਰਮ ਸਿੰਘ ਜੀ ਨੇ ਤਿੰਨ ਚੌਕੜੀਆਂ ਪੂਰੇ 36 ਸਾਲ ਕਠਨ ਤਪ ਤੇ ਸਾਧਨਾ ਕੀਤੀ ਸੀ।

ਹੋਤੀ ਮਰਦਾਨ ਦੇ ਲੰਗਰ ਦੇ ਮਿਠੇ ਚਾਵਲ ਇਤਨੇ ਪ੍ਰਸਿਧ ਹੋਏ ਕਿ ਲੋਕ ਇਸ ਦਾ ਪ੍ਰਮਾਣ ਦੇਣ ਲਗ ਪਏ। ਆਪ ਜੀ ਦੇ ਲੰਗਰ ਵਿਚ ਮਿਠੇ ਦੀ ਜਗ੍ਹਾ ਬੀਕਾਨੇਰੀ ਮਿਸਰੀ ਤੇ ਉਸ ਤੋਂ ਬਿਨਾਂ ਪਿਸਤਾ ਬਦਾਮ ਤੇ ਕਿਸਮਿਸ ਆਦਿ ਵਰਤਿਆ ਜਾਂਦਾ ਸੀ। ਲੋਕ ਲੰਗਰ, ਨਿਰਪੱਖ ਵਰਤਾਉ, ਆਤਮ ਬਲ ਤੇ ਸ਼ਕਤੀਆਂ ਅੰਦਰ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਦਾ ਨਾਮ ਸਰਬ ਸ਼੍ਰੋਮਣੀ ਲਿਆ ਜਾਂਦਾ ਸੀ। ਜਿਸ ਵੀ ਪ੍ਰਾਣੀ ਨੇ ਜੋ ਕਾਮਨਾਂ ਲੋਕ ਜਾਂ ਪਰਲੋਕ ਸਿਮਰਨ ਜਾਂ ਫਿਰ ਆਤਮ ਗਿਆਨ ਜੋ ਪਦਾਰਥ ਵੀ ਇਸ ਦਰ ਤੋਂ ਮੰਗੇ, ਇਕੋ ਜਗ੍ਹਾ ਪਰ ਹਰ ਥੁੜ ਤੇ ਘਾਟ ਪੂਰੀ ਹੋ ਗਈ। ਮਿਠਾ ਬੋਲ, ਮਧਰਾ ਕੱਦ, ਪਰ ਸਡੌਲ ਚੇਹਰਾ, ਨੇਤਰਾਂ ਅੰਦਰ ਸੋਹਜ, ਤੱਕਣ ਅੰਦਰ ਅਕਰਖਣ ਸ਼ਕਤੀ ਇਕੋ ਵਾਰੀ ਆਏ ਹੋਏ ਜਗਿਆਸੂ ਨੂੰ ਅਪਣਾਅ ਲੈਂਦੇ ਸਨ। ਦੁਨੀਆਂ ਜਾਂ ਦੀਨ, ਸਰੀਰਕ ਜਾਂ ਮਾਨਸਿਕ ਕਿਸੇ ਵੀ ਭੁੱਖ ਦੀ ਇਸ ਜਗ੍ਹਾ ਤੋਂ ਤ੍ਰਿਪਤੀ ਹੋ ਜਾਂਦੀ ਸੀ।

## ਅੰਗਰੇਜ਼ ਅਫ਼ਸਰ ਦੀ ਭਾਲ

ਇਕ ਅੰਗਰੇਜ਼, ਪਲਟਣੋਂ ਛੁੱਟੀ ਲੈ ਕੇ ਵਲੈਤ ਚਲਿਆ ਗਿਆ। ਉਸ ਦੇ ਘਰ ਵਾਲੀ ਪਿਛੇ ਰਹਿ ਗਈ। ਉਹ ਗਿਆ, ਸੋਂ ਗਿਆ ਫਿਰ ਉਸ ਦਾ ਕੋਈ ਵੀ ਥਹੁ ਪਤਾ ਨਾ ਲੱਗਾ। ਕਾਫ਼ੀ ਸਮਾਂ ਗੁਜ਼ਰਨ ਪਰ ਇੱਕ ਦਿਨ ਕਮਾਂਡਿੰਗ ਆਫੀਸਰ ਨੇ ਇਸ ਦੇ ਘਰ ਵਾਲੀ ਨੂੰ ਇਹ ਸੰਦੇਸ਼ ਦਿਤਾ ਕਿ ਉਸ ਦੇ ਘਰ ਵਾਲੇ ਦਾ ਸੌ ਕੋਸ਼ਿਸ਼ਾਂ ਤੇ ਚਿੱਠੀਆਂ ਲਿਖਣ ਪਰ ਵੀ ਕੋਈ ਪਤਾ ਨਹੀਂ ਲੱਗਾ। ਸਾਨੂੰ ਦੁੱਖ ਹੈ ਕਿ ਇਕ ਕਾਬਲ ਅਫਸਰ ਚਲਾ ਗਿਆ। ਪਰ ਹਾਲਾਤ ਤੇ ਨੌਕਰੀ ਦੇ ਰੂਲ ਇਹ ਮੰਗ ਕਰਦੇ ਹਨ ਕਿ ਅਗਲੇ ਮਹੀਨੇ ਤੋਂ ਉਸ ਦਾ ਨਾਮ ਕੱਟ ਦਿਤਾ ਜਾਵੇ ਤੇ ਤੁਹਾਨੂੰ ਪੈਨਸ਼ਨ ਦੇ ਦਿਤੀ ਜਾਵੇ ਜਾਂ ਤੁਹਾਡੀ ਮਰਜ਼ੀ ਹੋਵੇ ਤਦ ਵਲੈਤ ਜਾਣ ਦੇ ਸਾਰੇ ਖਰਚੇ ਵੀ ਸਰਕਾਰ ਹੀ ਬਰਦਾਸ਼ਤ ਕਰ ਲਵੇਗੀ। ਇਸ ਖਬਰ ਨੇ ਨੌਜਵਾਨ ਔਰਤ ਦੇ ਦਿਲ ਪਰ ਸਖਤ ਸੱਟ ਮਾਰੀ ਪਰ ਕਰ ਵੀ ਕੀ ਸਕਦੀ ਸੀ? ਉਸ ਨੇ ਆਪਣੇ ਸਰਦਾਰ ਅਰਦਲੀ ਨਾਲ ਗੱਲ ਕੀਤੀ। ਉਸ ਨੇ ਬਾਬਾ ਜੀ ਦੀ ਦੱਸ ਪਾਈ ਤੇ ਬੇਨਤੀ ਕਰਨ ਲਈ ਕਿਹਾ। ਦੁੱਖੀ ਆਦਮੀ ਦਾ ਧਰਮ ਕੇਵਲ ਦੁੱਖ ਦੀ ਨਵਿਰਤੀ ਜਾਂ ਫਿਰ ਸੁੱਖ ਦੀ ਪ੍ਰਾਪਤੀ ਹੋ ਜਾਂਦਾ ਹੈ।

ਉਹ ਅੰਗਰੇਜ਼ ਨੌਜਵਾਨ ਔਰਤ ਬਾਬਾ ਜੀ ਦੀ ਸੇਵਾ ਵਿਖੇ ਹਾਜ਼ਰ ਹੋਈ ਤੇ ਬੇਨਤੀ ਕੀਤੀ ਕਿ ਆਪ ਦੀਨ ਦੁਖੀਆਂ ਤੇ ਖਾਸ ਕਰ ਅਬਲਾ ਇਸਤਰੀਆਂ ਦੇ ਸੱਚੇ ਪਹਿਰੇਦਾਰ ਹੋ, ਮੇਰੀ ਗਰੀਬ ਦੀ ਬਾਹੁੜੀ ਕਰੋ। ਬਾਬਾ ਜੀ ਨੇ ਮਿਹਰ ਕਰਕੇ ਕਹਿ ਦਿਤਾ ਕਿ ਜਾਹ ਬੀਬੀ, ਤੇਰਾ ਪਤੀ ਪੰਦਰ੍ਹਵੇਂ ਦਿਨ ਆ ਜਾਵੇਗਾ। ਉਹ ਬੜੀ ਹੈਰਾਨ ਹੋਈ ਤੇ ਗਦ ਗਦ ਵੀ ਕਿ ਆਖਰ ਕੋਈ ਤਾਂ ਐਸਾ ਮਨੁੱਖ ਧਰਤੀ ਪਰ ਹੈ ਜਿਸਨੇ ਇਹ ਮੰਨਿਆ ਕਿ ਮੇਰਾ ਪਤੀ ਜ਼ਿੰਦਾ ਹੈ। ਦਫਤਰ ਤੋਂ ਹੋਰ ਸੰਗੀ ਸਾਥੀ ਸਭ ਨਿਰਾਸ਼ ਸਨ। ਆਖਰ ਨੂੰ ਉਨ੍ਹਾਂ ਦੀ ਸੋਚ ਵੀ ਦਰੁੱਸਤ ਸੀ। ਪਰ ਸਾਧ ਦੇ ਸੁਤੇ ਸਿਧ ਨਿਕਲੇ ਵਾਕ ਵੀ ਅਮੋਘ ਬਾਣ ਹੋ ਜਾਂਦੇ ਹਨ। ਉਨ੍ਹਾਂ ਅੰਦਰ ਸਤਿ ਧਰਮ, ਸਤਿ ਪਰ ਪਹਿਰੇਦਾਰੀ ਤੇ ਸਤਿ

ਬਿਉਹਾਰ ਦੀ ਮਹਾਨ ਬਰਕਤ ਤੇ ਸ਼ਕਤੀ ਹੁੰਦੀ ਹੈ। ਅੰਗਰੇਜ਼ ਔਰਤ ਘਰ ਗਈ। ਤੀਸਰੇ ਜਾਂ ਚੌਥੇ ਦਿਨ ਉਹਦੇ ਪਤੀ ਦਾ ਪੱਤਰ ਮਿਲਿਆ ਕਿ ਉਹ ਕਈ ਦਿਨ ਬੇਹੋਸ਼ ਰਹਿ ਕੇ ਇਸੇ ਹੀ ਹਫਤੇ ਬੋਲਣ ਚੱਲਣ ਤੇ ਸਮਝਣ ਸੋਚਣ ਕਾਬਿਲ ਹੋਇਆ ਹੈ। ਨਾਲ ਹੀ ਉਸ ਨੇ ਆਪਣੀ ਸਾਰੀ ਦਸ਼ਾ ਕਮਾਂਡਿੰਗ ਆਫੀਸਰ ਨੂੰ ਵੀ ਭੇਜੀ ਕਿ ਉਹ ਹਸਪਤਾਲ ਵਿਚ ਮਜ਼ਬੂਰਨ ਹੀ ਪਿਆ ਰਿਹਾ ਹੈ। ਅਚਾਨਕ ਇਕ ਪਾਦਰੀ ਦੇ ਆਸ਼ੀਰਵਾਦ ਕਰਕੇ ਜੋ ਹਸਪਤਾਲ ਵਿਚ ਆਇਆ ਉਸ ਦੀ ਜਾਨ ਬਚੀ ਹੈ। ਉਹ ਪਾਦਰੀ ਕੋਈ ਹਿੰਦੁਸਤਾਨੀ ਸੀ ਜਿਸ ਨੇ ਬਗੈਰ ਕਿਸੇ ਨਾਲ ਕੋਈ ਗੱਲ ਕੀਤਿਆਂ ਹੀ ਮੇਰੇ ਸਿਰ ਪਰ ਹੱਥ ਫੇਰਿਆ। ਮੈਂ ਅੱਖਾਂ ਖੋਹਲੀਆਂ ਉਹ ਰਹਿਮਤ ਦੀ ਮੂਰਤ ਮੇਰੇ ਸਿਰ ਪਰ ਖੜ੍ਹੀ ਸੀ। ਇਸ ਤਰ੍ਹਾਂ ਪ੍ਰਤੀਤ ਦੇਂਦਾ ਸੀ ਜਿਸ ਤਰ੍ਹਾਂ ਮਸੀਹ ਦਾ ਸਾਰਾ ਹੀ ਜੋਬਨ ਤੇ ਰਹਿਮ ਤਰਸ ਜਮ੍ਹਾਂ ਹੋ ਕੇ ਇਸ ਅਦੁੱਤੀ ਮੂਰਤੀ ਅੰਦਰ ਆ ਸਮਾਇਆ ਹੈ। ਉਸ ਨੇ ਮੈਨੂੰ ਦੱਸਿਆ ਕਿ ਇਸ ਮਹੀਨੇ ਤੋਂ ਉਸ ਦੇ ਘਰ ਦੀ ਕੀ ਦਸ਼ਾ ਹੈ ਤੇ ਦਫ਼ਤਰ ਨੇ ਅਗਲੇ ਮਹੀਨੇ ਹੀ ਮੈਨੂੰ ਪੱਕੀ ਛੁੱਟੀ ਦੇ ਦੇਣੀ ਹੈ। ਸੋ ਹੁਣ ਫਿਕਰ ਵਾਲੀ ਗੱਲ ਨਹੀਂ। ਮੈਂ ਅਗਲੇ ਹੀ ਹਫਤੇ ਚਲ ਕੇ ਨੌਕਰੀ ਪਰ ਹਾਜ਼ਰ ਹੋ ਜਾਵਾਂਗਾ।

ਇਸ ਚਿੱਠੀ ਨੇ ਚੌਹੀਂ ਪਾਸੀਂ ਖੁਸ਼ੀ ਤੇ ਅਨੰਦ ਪੈਦਾ ਕਰ ਦਿਤਾ। ਘਰ ਵਾਲੀ ਨੂੰ ਪਤੀ, ਮਾਤਾ ਪਿਤਾ ਨੂੰ ਪੁੱਤਰ, ਤੇ ਪਲਟਨ ਵਾਲਿਆਂ ਨੂੰ ਕਾਬਿਲ ਅਫਸਰ ਫਿਰ ਮਿਲ ਗਿਆ ਸੀ। ਇਹ ਕੇਵਲ ਉਸ ਦੀ ਔਰਤ ਹੀ ਦੱਸ ਸਕਦੀ ਸੀ ਕਿ ਇਸ ਦਾ ਪਤੀ ਕਿਸ ਦੀ ਮਿਹਰ ਦਾ ਸਦਕਾ ਲੱਭਾ ਹੈ। ਅਗਲੇ ਹਫਤੇ ਉਹ ਅੰਗਰੇਜ਼ ਆ ਗਿਆ। ਇਹ ਕਾਫੀ ਚੰਗੀ ਸਿਹਤ ਵਿਚ ਸੀ। ਪ੍ਰਤੀਤ ਦੇਂਦਾ ਸੀ ਕਿ ਇਹ ਸ਼ਾਇਦ ਬੀਮਾਰ ਹੋਇਆ ਹੀ ਨਹੀਂ ਸੀ। ਇਸ ਨੇ ਦੱਸਿਆ ਕਿ ਡਾਕਟਰ ਦੇ ਦੱਸਣ ਅਨੁਸਾਰ ਉਹ ਕਈ ਦਿਨ ਬੇਹੋਸ਼ ਹੀ ਰਿਹਾ ਸੀ। ਉਹ ਨੌਕਰੀ ਤੋਂ ਛੁੱਟੀ ਕੱਟਣ ਆ ਰਿਹਾ ਸੀ ਕਿ ਰਾਹ ਵਿਚ ਹੀ ਹਾਦਸਾ ਹੋ ਗਿਆ, ਉਸ ਦੇ ਸਿਰ ਵਿਚ ਸਖਤ ਚੋਟ ਆਈ। ਉਸ ਦਾ ਕਾਰਡ ਤੇ ਸਾਮਾਨ ਸਾਰਾ ਹੀ ਜਹਾਜ਼ ਵਾਲਿਆਂ ਨੇ ਸੰਭਾਲ ਰੱਖਿਆ ਸੀ। ਇਸ ਕਰਕੇ ਨਾ ਉਸ ਦੇ ਘਰ ਹੀ ਪਤਾ ਲੱਗ ਸਕਿਆ, ਨਾ ਹੀ ਪਲਟਨ ਵਿਚ ਹੀ ਕੋਈ ਸੂਹ ਲੱਗੀ। ਸਾਰੇ ਹੀ ਆਪਣੀ-ਆਪਣੀ ਜਗ੍ਹਾ ਭਾਲ ਕਰਦੇ ਰਹੇ। ਮਾਂ ਬਾਪ ਨੂੰ ਵੀ ਇਤਲਾਹ ਕੀਤੀ ਸੀ ਕਿ ਉਨ੍ਹਾਂ ਦਾ ਲੜਕਾ ਲਾ-ਪਤਾ ਹੈ। ਇੱਕ ਦਿਨ ਅਚਾਨਕ ਸੁਪਨੇ ਅੰਦਰ ਇੱਕ ਹਿੰਦੀ ਪਾਦਰੀ ਨਜ਼ਰ ਪਿਆ ਜਿਸ ਨੇ ਮੇਰੇ ਸਿਰ ਪਰ ਹਥ ਰੱਖ ਕੇ ਕਿਹਾ, ਉਠ ਬੈਠ ਤੈਨੂੰ ਕੋਈ ਨਹੀਂ ਮਾਰ ਸਕਦਾ। ਹੋਸ਼ ਆਈ ਤਦ ਕੋਈ ਵੀ ਆਸ ਪਾਸ ਨਹੀਂ ਸੀ। ਮੈਨੂੰ ਹੋਸ਼ ਅੰਦਰ ਤੱਕ ਕੇ ਡਾਕਟਰਾਂ ਨੇ ਪੁਛਿਆ, ਤਦ ਮੈਂ ਇਹੀ ਦੱਸਿਆ ਕਿ ਕੋਈ ਹਿੰਦੂ ਸਿੱਖ ਪੀਰ ਜਾਂ ਪਾਦਰੀ ਹੀ ਮੈਨੂੰ ਇਹ ਜੀਵਨ ਦੇ ਗਿਆ ਹੈ। ਡਾਕਟਰ ਇਹ ਆਸ ਉਤਾਰ ਬੈਠੇ ਸਨ ਕਿ ਮੈਂ ਬਚ ਸਕਾਂਗਾ। ਫਿਰ ਜਦੋਂ ਪੜਤਾਲ ਹੋਈ ਤਦ ਮੇਰਾ ਸਾਮਾਨ ਵੀ ਮਿਲ ਗਿਆ, ਮੇਰੇ ਮਾਂ ਬਾਪ ਵੀ ਆ ਕੇ ਮਿਲੇ। ਦੂਸਰੇ ਦਿਨ ਫਿਰ ਰਾਤ ਸਮੇਂ ਉਹੀ ਪਾਦਰੀ ਸਾਹਿਬ ਆਏ ਤੇ ਕਿਹਾ, “ਤੇਰਾ ਜੀਵਨ ਤੇਰੀ ਔਰਤ ਦੀ ਅਰਦਾਸ ਤੇ ਪ੍ਰਾਰਥਨਾ ਦੇ ਸਦਕੇ ਹੀ ਬਚਿਆ ਹੈ। ਸੋ ਤੂੰ ਹੁਣੇ ਤਿਆਰੀ ਕਰ ਕੇ ਹੋਤੀ ਮਰਦਾਨ ਪੁੱਜ ਜਾ, ਤੈਨੂੰ ਕੋਈ ਰੋਗ ਜਾਂ ਬਿਮਾਰੀ ਨਹੀਂ ਲਗੇਗੀ।” ਸੋ ਡਾਕਟਰਾਂ ਦੇ ਮਨ੍ਹਾ ਕਰਨ ਪਰ ਵੀ ਮੈਂ ਹਿੰਦੋਸਤਾਨ ਵੱਲ ਹੋ ਤੁਰਿਆ ਤੇ ਇਥੇ ਆ ਪੁੱਜਾ ਹਾਂ। ਉਸ ਦੀ ਧਰਮ ਪਤਨੀ ਨੇ ਸੰਤ ਜੀ ਮਹਾਰਾਜ ਪਾਸ ਚਲਣ ਲਈ ਕਿਹਾ। ਉਹ ਪਹਿਲਾਂ ਨਾ ਮੰਨਿਆ ਪਰ ਇਸਤਰੀ ਹੱਠ ਅੱਗੇ ਫਿਰ ਸਾਰੀ ਵਾਰਤਾ ਜਾਣ ਕੇ ਖਾਲਸ ਫੌਜੀ ਤੇ ਪੜ੍ਹਿਆ ਲਿਖਿਆ ਯੂਰਪੀਨ ਵੀ ਪਸੀਜ ਗਿਆ ਤੇ ਦਰਸ਼ਨ ਕਰਨ ਲਈ ਤਿਆਰ ਹੋ ਪਿਆ। ਦੂਸਰੇ ਉਹ ਉਸ ਹਿੰਦੋਸਤਾਨੀ ਪਾਦਰੀ ਜਾਂ ਸੇਂਟ ਨੂੰ ਵੀ ਤਕਣ ਦਾ ਚਾਹਵਾਨ ਸੀ ਜਿਸ ਨੇ ਇਸ ਨੂੰ ਮੌਤ ਦੇ ਮੂੰਹੋਂ ਕੱਢ ਕੇ ਨਵਾਂ ਜੀਵਨ ਬਖਸ਼ਿਆ ਤੇ ਫਿਰ ਹਿੰਦੋਸਤਾਨ ਆ ਕੇ ਆਪਣੀ ਪਤਨੀ ਨੂੰ ਫਿਰ ਤਕ ਸਕਣ ਦੀ ਤਾਕਤ ਪ੍ਰਦਾਨ ਕੀਤੀ ਸੀ। ਜੋ ਕੰਮ ਡਾਕਟਰਾਂ ਦੇ ਟੀਕੇ ਤੇ ਦਵਾਈਆਂ ਨਹੀਂ ਸਨ ਕਰ ਸਕੇ ਉਹ ਉਸ ਦੇ ਅਕਸ ਮਾਤਰ ਦਰਸ਼ਨ ਨੇ ਹੀ ਕਰ ਦਿਖਾਇਆ ਸੀ। ਸੋ ਕੁਦਰਤੀ ਤੌਰ ਪਰ ਉਸ ਮਹਾਨ ਕਰਮਬੀਰ, ਕਰਮਯੋਗੀ ਤੇ ਮਹਾਨ ਸ਼ਕਤੀਸ਼ਾਲੀ ਮਨੁੱਖ ਨੂੰ ਤਕਣਾ ਵੀ ਉਸ ਲਈ ਇੱਕ ਮਹਾਨ ਪੁੰਨ ਕਰਮ ਦੇ ਬਰਾਬਰ ਸੀ। ਸਾਰੇ ਪ੍ਰਵਾਰ ਸਮੇਤ ਉਸਦੇ ਸਰਦਾਰ ਅਰਦਲੀ ਤੇ ਜਿਸ ਨੇ ਇਸ ਮੇਮ ਨੂੰ ਸੰਤ ਜੀ ਦੀ ਦੱਸ ਪਾਈ ਸੀ ਸਵੇਰੇ ਹੀ ਦਫਤਰੋਂ ਟਾਈਮ ਕਢ ਕੇ ਦਰਸ਼ਨ ਹਿਤ ਡੇਰੇ ਪੁੱਜੇ। ਸੰਤ ਜੀ ਮਹਾਰਾਜ ਨੇ ਦੂਰੋਂ ਹੀ ਇਨ੍ਹਾਂ ਨੂੰ ਆਉਂਦੇ ਤਕ ਕੇ ਫਿਰ ਸੰਤ ਲਾਲ ਸਿੰਘ ਜੀ ਨੂੰ ਪ੍ਰਸ਼ਾਦਿ ਲਿਆਣ ਲਈ ਕਿਹਾ। ਉਹ ਮਿਸਰੀ ਤੇ ਛੁਹਾਰੇ, ਬਦਾਮ, ਪਿਸਤਾ ਆਦਿਕ ਮਿਲਵੀਆਂ ਚੀਜ਼ਾਂ ਜੋ ਲੋਕਾਂ ਵਲੋਂ ਆਈਆਂ ਹੋਈਆਂ ਸਨ, ਲੈ ਆਏ। ਇਹ ਯਾਤਰੀ ਵੀ ਨੇੜੇ ਪੁਜੇ। ਯੋਗ ਅਫਸਰ ਨੀਵੀਂ ਪਾਈ ਤੁਰਿਆ ਆ ਰਿਹਾ ਸੀ। ਅਚਾਨਕ ਉਸ ਦੀ ਘਰਵਾਲੀ ਨੇ ਕਿਹਾ, “ਔਹ ਤਕੋ, ਸੰਤ ਜੀ ਖੜ੍ਹੇ ਹਨ।” ਸਾਹਿਬ ਨੇ ਸਿਰ ਚੁਕ ਕੇ ਅਚਾਨਕ ਹੀ ਤੱਕਿਆ ਤੇ ਉਸ ਦਾ ਦਮ ਹੀ ਰੁਕ ਗਿਆ। ਉਹ ਉਥੇ ਹੀ ਖੜ੍ਹਾ ਹੋ ਗਿਆ। ਉਸ ਦਾ ਸਾਹ ਰੁਕਦਾ

ਪ੍ਰਤੀਤ ਦੇਂਦਾ ਸੀ। ਕੋਈ ਵੀ ਗੱਲ ਉਸ ਦੇ ਮੂੰਹੋਂ ਨਹੀਂ ਨਿਕਲਦੀ ਸੀ ਉਹ ਹੱਕਾ-ਬੱਕਾ ਖੜ੍ਹਾ ਉਧਰ ਹੀ ਤੱਕੀ ਜਾਂਦਾ ਸੀ। ਆਖਰ ਉਸ ਦੀ ਪਤਨੀ ਨੇ ਕਿਹਾ, "ਸ੍ਰੀ ਮਾਨ ਜੀ ਕੀ ਹੋਇਆ?" ਇਸ ਨੇ ਇਕ ਹੀ ਗੱਲ ਮੂੰਹੋਂ ਕਹੀ, "ਓ ਗਾਡ! ਇਹ ਤਾਂ ਉਹੀ ਸੰਤ ਹੈ ਜਿਸ ਨੇ ਮੈਨੂੰ ਮੌਤ ਤੋਂ ਖਿਚ ਕੇ ਜੀਵਨ ਵਿਚ ਲਿਆਂਦਾ ਹੈ। ਇਸੇ ਦੀ ਹੀ ਮਿਹਰ ਹੈ ਜੋ ਅੱਜ ਮੈਂ ਇਥੇ ਹਾਂ। ਵਰਨਾ ਮੇਰੇ ਪਰ ਦਵਾਈਆਂ ਦਾ ਕੋਈ ਅਸਰ ਹੀ ਨਹੀਂ ਸੀ ਹੋ ਰਿਹਾ।"

ਇਹ ਕਹਿੰਦਿਆਂ ਹੀ ਇਸ ਨੇ ਟੋਪੀ ਲਾਹ ਕੇ ਬੜੇ ਹੀ ਅਦਬ ਨਾਲ ਸਿਰ ਝੁਕਾ ਕੇ ਬਾਬਾ ਜੀ ਨੂੰ ਹਿੰਦੀ ਰਿਵਾਜ ਅਨੁਸਾਰ ਪ੍ਰਣਾਮ ਕੀਤਾ ਤੇ ਫਿਰ ਬੜੇ ਅਦਬ ਨਾਲ ਖੜੋ ਕੇ ਬਾਬਾ ਜੀ ਦੇ ਬਚਨਾਂ ਦੀ ਉਡੀਕ ਕਰਨ ਲਗਾ। ਬਾਬਾ ਜੀ ਨੇ ਮਿਹਰ ਕਰਕੇ ਹੱਥ ਇਸ ਦੇ ਕੰਧੇ ਪਰ ਧਰਿਆ ਤੇ ਫੁਰਮਾਇਆ, "ਸਾਹਿਬ ਤੁਸੀਂ ਆਪ ਹਸਪਤਾਲ ਵਿਚ ਅੱਖਾਂ ਬੰਦ ਕਰਕੇ ਅਮਨ ਨਾਲ ਇਕ ਮਹੀਨਾ ਪਏ ਰਹੇ। ਪਰ ਇਹ ਖਿਆਲ ਨਹੀਂ ਕੀਤਾ ਕਿ ਕੋਈ ਤੁਹਾਡੇ ਵਿਛੋੜੇ ਤੇ ਪਿਆਰ ਵਿਚ ਤੜਪ ਰਿਹਾ ਹੈ। ਅਸਲ ਵਿਚ ਇਸ ਦੇਵੀ ਦੀ ਅੰਤਰ ਆਤਮਾ ਦੀ ਸਦਾ (ਆਵਾਜ਼) ਨੇ ਹੀ ਦੈਵੀ ਰੂਪ ਧਾਰਨ ਕਰ ਲਿਆ ਸੀ ਤੇ ਉਹੀ ਤੁਹਾਨੂੰ ਇਸ ਤਰ੍ਹਾਂ ਅਜ ਸਾਡੇ ਸਾਹਵੇਂ ਲਿਆਈ ਹੈ।"

"ਅਸਲ ਵਿਚ ਸਾਡੀ ਆਤਮਾ ਨੂੰ ਇਸ ਗਰੀਬ ਦੀ ਕਹਾਣੀ ਸੁਣ ਕੇ ਕਾਫੀ ਦੁੱਖ ਹੋਇਆ ਸੀ ਤੇ ਅਸਾਂ ਅੰਤਰ ਆਤਮੇ ਪ੍ਰਭੂ ਅੱਗੇ ਇਸ ਗਰੀਬ ਦੀ ਮਦਦ ਲਈ ਪ੍ਰਾਰਥਨਾ ਭੀ ਕੀਤੀ ਸੀ। ਸਾਨੂੰ ਭਰੋਸਾ ਸੀ ਕਿ ਇਸ ਔਰਤ ਅੰਦਰ ਵਲੈਤ ਦੀ ਹੋਣ ਪਰ ਵੀ ਸਤੀਆਂ ਵਾਲੇ ਗੁਣ ਤੇ ਸ਼ਕਤੀ ਮੌਜੂਦ ਹੈ। ਸੋ ਇਹ ਸਤਿ ਦੀ ਮਹਾਨ ਸਤ੍ਹਾ ਇਸ ਦੀ ਇਮਦਾਦ ਲਈ ਜ਼ਰੂਰ ਹੀ ਆਵੇਗੀ। ਜੇਕਰ ਇਸ ਦੀ ਆਤਮਾ ਇਤਨੀ ਬਲਵਾਨ ਤੇ ਇਸ ਦਾ ਸਾਧਨ ਤੇ ਸਤਿ ਇਤਨਾ ਸਵੱਛ ਤੇ ਉਤਮ ਨਾ ਹੁੰਦਾ ਤਦ ਸ਼ਾਇਦ ਤੁਹਾਡੇ ਜੀਵਨ ਨੂੰ ਫਿਰ ਦੁਨੀਆਂ ਵਿਚ ਵਾਪਸ ਨਾ ਲਿਆਂਦਾ ਜਾ ਸਕਦਾ। ਵਾਹਿਗੁਰੂ ਜੀ ਦਾ ਲੱਖ-ਲੱਖ ਧੰਨਵਾਦ ਹੈ ਕਿ ਉਸ ਨੇ ਅਰਦਾਸ ਸੁਣ ਲਈ ਤੇ ਸੇਵਕ ਦੀ ਪੈਜ ਸਵਾਰ ਦਿਤੀ। ਸਾਨੂੰ ਇਹ ਖੁਸ਼ੀ ਹੈ ਕਿ ਇਕ ਕਲਪਦੀ ਆਤਮਾ ਨੂੰ ਸੁੱਖ ਤੇ ਸ਼ਾਂਤੀ ਪ੍ਰਾਪਤ ਹੋਈ ਹੈ।"

"ਅਸਲ ਵਿਚ ਸੰਤ ਦਾ ਧਰਮ ਕੇਵਲ ਮਾਤਰ ਸੰਸਾਰ ਨੂੰ ਸੁਖੀ ਤੇ ਅਨੰਦਮਈ ਬਣਾਉਣ ਵਿਚ ਸਹਾਈ ਹੋਣਾ ਹੈ। ਇਹ ਠੀਕ ਹੈ ਕਿ ਸਾਰੇ ਸੰਸਾਰ ਦੇ ਕਲੇਸ਼ਾਂ ਨੂੰ ਕਿਸੇ ਵੀ ਤਰ੍ਹਾਂ ਦੂਰ, ਤੇ ਖਤਮ ਨਹੀਂ ਕੀਤਾ ਜਾ ਸਕਦਾ ਪਰ ਜੋ ਸਾਹਵੇਂ ਆਵੇ ਜਿਥੋਂ ਤਕ ਪਾਰ ਵਸਾਵੇ ਉਹ ਸੰਸਾਰ ਦੀ ਕਲਿਆਣ ਦੇ ਸਾਧਨ ਜੋੜੇ ਤੇ ਫਿਰ ਜੋ ਕਲੇਸ਼ ਤੇ ਵਧੀਆਂ ਹੋਈਆਂ ਮਾਨਸਿਕ ਇੱਲਤਾਂ ਤੇ ਉਪਾਧੀਆਂ ਦੂਰ ਨ ਹੋ ਸਕਣ, ਉਨ੍ਹਾਂ ਹਿਤ ਅਰਦਾਸ ਕਰੇ। ਅਰਦਾਸ ਅੰਦਰ ਇਤਨਾ ਮਹਾਨ ਬਲ ਹੈ ਕਿ ਉਹ ਇਕੱਲਾ ਹੀ ਕਿਸੇ ਸਮੇਂ ਕਮਰ ਕਸਾ ਕਰਕੇ ਬਦੀ ਵਿਰੁੱਧ ਜਹਾਦ ਕਰ ਸਕਦਾ ਹੈ।"

ਸਾਹਿਬ ਨੇ ਬੜੇ ਹੀ ਅਦਬ ਨਾਲ ਸਿਰ ਝੁਕਾਇਆ ਤੇ ਕਿਹਾ, "ਸੇਂਟ ਬਾਬਾ! ਮੈਨੂੰ ਭਰਮਾਓ ਨਾ। ਇਹ ਠੀਕ ਜਾਣਦਾ ਹਾਂ ਕਿ ਇਹ ਬਖਸ਼ਿਸ਼ ਤੇ ਕਰਮ ਤੁਹਾਡਾ ਹੀ ਹੈ ਕਿ ਕਈ ਦਿਨਾਂ ਤੋਂ ਬੇਸੁੱਧ ਪਏ ਹੋਏ ਮਨੁੱਖ ਨੂੰ ਫਿਰ ਦੁਨੀਆਂ ਅੰਦਰ ਲੈ ਆਏ। ਮੈਨੂੰ ਬਖਸ਼ੋ ਜੋ ਮੈਂ ਆਪ ਜੀ ਪਾਸ ਆਉਣੋਂ ਝਿਜਕ ਕੇ ਅਵੱਗਿਆ ਕੀਤੀ ਹੈ।"

ਬਾਬਾ ਜੀ ਫਿਰ ਪ੍ਰਸੰਨ ਹੋਏ ਤੇ ਖਿੜ ਕੇ ਹੱਸਦੇ ਹੋਏ ਬੋਲੇ, "ਸਾਹਿਬ ਇਹ ਸਰੀਰ ਤਾਂ ਅਸਾਂ, ਲੋਕਾਂ ਨੂੰ ਦੇ ਦਿਤਾ ਹੋਇਆ ਹੈ। ਪ੍ਰਭੂ ਦੀ ਦੁਨੀਆਂ ਜੋ ਉਸ ਦਾ ਆਪਣਾ ਹੀ ਬਗੀਚਾ ਹੈ ਤੇ ਉਸ ਅੰਦਰ ਹੀ ਉਸ ਦਾ ਆਪਣਾ ਵਾਸ ਵੀ ਹੈ ਉਸ ਨੂੰ ਅਸਾਂ ਖਿੜਿਆ, ਸਿਖਰਾਂ ਪਰ ਪੁਜਾ ਹੋਇਆ ਵਿਗਾਸਮਈ, ਸ਼ੋਕ ਤੇ ਸੰਸੇ ਰਹਿਤ ਬਣਾਉਣਾ ਹੈ। ਫਿਰ ਇਹ ਕਰਮ ਕਰਕੇ ਲੰਗਰ ਦੀ ਸੇਵਾ ਕਰਕੇ ਸਿਮਰਨ ਰਾਹੀਂ ਆਤਮ ਉਜਾਲਾ ਹੋਣ ਕਰਕੇ ਜਾਂ ਫਿਰ ਲੋਕ ਪੀੜ ਹਰਨ ਹਿਤ ਦਵਾਈ ਜਾਂ ਫਿਰ ਦੁਆ ਕਰਕੇ ਹੋਵੇ, ਅਸਾਂ ਪ੍ਰਭੂ ਦੇ ਇਸ ਬਗੀਚੇ ਨੂੰ ਅਤਿ ਖਿੜਿਆ ਹੋਇਆ ਤੇ ਪ੍ਰਫੁਲਤ ਬਣਾਉਣਾ ਹੈ। ਤੁਹਾਡੀ ਪੀੜਾ ਤੇ ਦਰਦ ਵੀ ਇਕ ਤਰ੍ਹਾਂ ਸਾਡਾ ਆਪਣਾ ਹੀ ਸੀ। ਫਿਰ ਜੇਕਰ ਸਾਡੀ ਅਰਦਾਸ ਤੁਹਾਡੇ ਲਈ ਸੁਖ ਦਾ ਰਾਹ ਕੱਢ ਸਕੀ ਹੈ ਤਦ ਇਸ ਤੋਂ ਹੋਰ ਚੰਗੀ ਤੇ ਮੁਬਾਰਕ ਗੱਲ ਹੋਰ ਕਿਹੜੀ ਹੋ ਸਕਦੀ ਹੈ।" ਇਸ ਉਪਦੇਸ਼ ਨੇ ਇਸ ਬਿਦੇਸ਼ੀ ਸਰਕਾਰ ਵਲੋਂ ਸਾਡੇ ਪਰ ਹਕੂਮਤ ਕਰਨ ਆਏ ਹੋਏ ਰਾਜਾ ਰੂਪ ਅਫਸਰ ਪਰ ਇਕ ਗਹਿਰਾ ਪ੍ਰਭਾਵ ਪਾਇਆ, ਉਸ ਨੇ ਸਿਰ ਝੁਕਾ ਕੇ ਪ੍ਰਣਾਮ ਕੀਤਾ ਤੇ ਫਿਰ ਇਹ ਵਾਇਦਾ ਕਰਕੇ ਘਰ ਨੂੰ ਗਿਆ ਕਿ ਜਦੋਂ ਤੱਕ ਉਹ ਹਿੰਦ ਅੰਦਰ ਨੌਕਰੀ ਕਰੇਗਾ, ਯਾਦ ਦੇ ਤੌਰ ਪਰ ਉਹ ਹਰ ਮਹੀਨੇ ਤਨਖਾਹ ਵਿਚੋਂ ਇਕ ਚੋਖੀ ਰਕਮ ਲੰਗਰ ਨੂੰ ਦਿਆ ਕਰੇਗਾ। ਇਸ ਤਰ੍ਹਾਂ ਉਹ ਮਾਨਸਿਕ ਸੁਖ ਮਾਣੇ, ਵਰਨਾ ਬਾਬਾ ਜੀ ਇਸ ਤਰ੍ਹਾਂ ਵੀ ਰਜ਼ਾਮੰਦ ਨਹੀਂ ਸਨ।

## ਕਲਾਧਾਰੀ

ਬਾਬਾ ਕਰਮ ਸਿੰਘ ਦਾ ਵਾਸਤਾ ਪਥਰਵਤ ਸਖਤ ਤੇ

ਰੋਜ਼ ਹੀ ਖ਼ੂਨ ਖਰਾਬੇ ਨਾਲ ਵਾਹ ਰਖਣਹਾਰ ਲੋਕਾਂ ਨਾਲ ਸੀ, ਰੋਜ਼ਾਨਾ ਹੀ ਕੋਈ ਨਾ ਕੋਈ ਨਵਾਂ ਹੀ ਕੌਤਕ ਤੱਕਣ ਤੇ ਸੁਣਨ ਵਿਚ ਆਉਂਦਾ ਸੀ। ਕਦੇ ਕੋਈ ਪਠਾਣ ਡੇਰੇ ਦਾ ਸਾਮਾਨ ਜਾਂ ਡੰਗਰ ਚੋਰੀ ਕਰਨ ਆਇਆ ਅੰਨ੍ਹਾ ਹੋਇਆ, ਕਦੇ ਕਿਸੇ ਮਾਈ ਦਾ ਲਾਲ ਗਵਾਚਾ ਤਦ ਬਾਬੇ ਨੇ ਆਪ ਹਰਕਾਰਾ ਹੋ ਕੇ ਉਸ ਨੂੰ ਸੈਂਕੜੇ ਕੋਹਾਂ ਤੋਂ ਫੜ ਕੇ ਲੈ ਆਂਦਾ, ਇਸ ਦੀ ਮਾਤਾ ਨੇ ਵਾਜੇ ਗਾਜੇ ਤੇ ਢੋਲ ਢਮੱਕਿਆਂ ਸਹਿਤ ਆਪ ਦਾ ਸਵਾਗਤ ਕੀਤਾ, ਕਦੇ ਲੰਗਰ ਦਾ ਘਿਉ ਆਉਣ ਪਰ ਨਾਲੇ (ਨਦੀ) ਨੂੰ ਵਾਪਸ ਦੇ ਦਿਤਾ। ਇਕ ਦਿਨ ਇਕ ਅਜੀਬ ਕੌਤਕ ਹੋਇਆ। ਸੰਤ ਜੀ ਮਹਾਰਾਜ ਨਾਲੇ (ਨਾਲੇ) ਕੰਢੇ ਸਮਾਧੀ ਸਥਿਤ ਬੈਠੇ ਸਨ ਕਿ ਨਜ਼ਦੀਕ ਦੇ ਨਗਰੋਂ ਇਕ ਪਰਿਵਾਰ ਮੰਜੇ ਪਰ ਪਾ ਕੇ ਇਕ ਨੌਜਵਾਨ ਨੂੰ ਲੈ ਆਏ, ਉਸ ਸਮੇਂ ਕਾਫੀ ਦਵਾਈਆਂ ਸਨ ਫਿਰ ਵੀ ਅੱਜ ਵਰਗੀ ਰੇਲ ਪੇਲ ਨਹੀਂ ਸੀ। ਸੋ ਇਹ ਮਰੀਜ਼ ਵੀ ਲਾ ਇਲਾਜ ਸੀ, ਡਾਕਟਰਾਂ ਨੇ ਜਵਾਬ ਦੇ ਦਿਤਾ ਸੀ, ਮਰਜ਼ ਵਧਦਾ ਹੀ ਗਿਆ ਸੀ, ਕਿਧਰੋਂ ਵੀ ਕੋਈ ਮੋੜ ਨਹੀਂ ਪੈ ਰਿਹਾ ਸੀ, ਪੀੜਾ ਇਤਨੀ ਸੀ ਕਿ ਹਰ ਸਮੇਂ ਚੀਸਾਂ ਪੈਣ ਕਰਕੇ ਉਹ ਹੂੰਗਣ ਤੋਂ ਵੀ ਰੁਕ ਗਿਆ ਸੀ, ਪੀੜਾ ਇਸ ਦਾ ਜੀਵਨ ਸਾਥੀ ਹੋ ਗਈ ਹੋਵੇ, ਇਸ ਦੇ ਚੇਹਰੇ ਤੋਂ ਇਸ ਦੇ ਮਨ ਦੀਆਂ ਪੀੜਾ ਨੂੰ ਪੜ੍ਹਿਆ ਜਾ ਸਕਦਾ ਸੀ, ਇਸ ਦਾ ਸਾਰਾ ਪਰਿਵਾਰ ਵੀ ਜਾਣੋ ਇਸੇ ਦੀ ਪੀੜਾ ਦਾ ਸਾਥੀ ਹੋ ਗਿਆ ਸੀ। ਸਾਰੇ ਹੀ ਟੱਬਰ ਨੂੰ ਕਈ ਦਿਨਾਂ ਤੋਂ ਨੀਂਦ ਹਰਾਮ ਹੋ ਚੁੱਕੀ ਸੀ, ਦਿਨ ਡਾਕਟਰਾਂ ਮਗਰ ਫਿਰਨਾ ਤੇ ਰਾਤ ਨੂੰ ਇਸ ਦੀਆਂ ਚੀਕਾਂ ਸੁਣ ਕੇ ਅਬੜਵਾਹ ਉਠ-ਉਠ ਬੈਠਣਾ। ਇਹ ਵਿਉਹਾਰ ਹੀ ਬਣਿਆ ਹੋਇਆ ਸੀ। ਬਾਬੇ ਦਾ ਦਰਬਾਰ ਇਨ੍ਹਾਂ ਲਈ ਦਰਦੀ ਤੇ ਦਰਦਾਂ ਵਾਲਾ ਦੋਹਾਂ ਲਈ ਹੀ ਸਾਂਝਾ ਸੀ, ਉਹ ਦਰਦੀ ਸੀ, ਸਰਬ ਦੀਆਂ ਪੀੜਾ ਦਾ ਸਾਂਝੀ ਸੀ। ਦੂਸਰੇ ਦੇ ਦਰਦ ਨੂੰ ਅਪਣਾ ਅਨੁਭਵ ਕਰਨਹਾਰ ਮਹਾਨ ਸੀ, ਸੋ ਉਸ ਕੋਲ ਲਿਆ ਕੇ ਜਿਸ ਤਰ੍ਹਾਂ ਘਰ ਵਾਲਿਆਂ ਨੇ ਆਪਣਾ ਸਾਰਾ ਹੀ ਬੋਝ ਬਾਬੇ ਦੇ ਜ਼ੁਮੇ ਪਾ ਦਿਤਾ ਸੀ, ਇਸ ਦਾ ਮੰਜਾ ਡੇਰੇ ਤੋਂ ਬਾਹਰ ਹੀ ਪਿਆ ਸੀ ਤੇ ਬਾਬਾ ਸਮਾਧੀ ਤੋਂ ਉਠ ਕੇ ਹਰ ਪਾਸੇ ਪ੍ਰਭੂ ਦਾ ਵਾਸਾ ਤਕਦਾ ਹੋਇਆ ਤੁਰਿਆ ਆ ਰਿਹਾ ਸੀ, ਅੱਗੋਂ ਇਹ ਦੁਖੀ ਪਰਿਵਾਰ ਆ ਚਰਨੀ ਢਠਾ, ਬਾਬਾ ਜੀ ਨੇ ਆਉਣ ਦਾ ਕਾਰਣ ਪੁਛਿਆ ਤਦ ਇਸ ਪਰਿਵਾਰ ਨੇ ਰਜ਼ਾਈ ਨਾਲ ਮੂੰਹ ਢਕੀ ਪਏ ਹੋਏ ਜਵਾਨ ਬੱਚੇ ਦੀ ਕਹਾਣੀ ਦੱਸੀ।

ਬਾਬਾ ਜੀ ਨੇ ਮਿਹਰ ਕਰਕੇ ਦੋ ਮਿੰਟ ਇਧਰ ਨੂੰ ਤੱਕਿਆ ਤੇ ਫਿਰ ਮੁਸਕਰਾ ਪਏ ਤੇ ਫੁਰਮਾਇਆ, ਤੁਹਾਨੂੰ ਇਹ ਪਤਾ ਹੈ ਕਿ ਅਸੀਂ ਕੋਈ ਵੈਦਕ ਡਾਕਟਰੀ ਤਾਂ ਪੜ੍ਹੇ ਹੀ ਨਹੀਂ, ਅਸੀਂ ਤਾਂ ਸਿੱਧੇ ਸਾਧ ਹਾਂ, ਨੌਕਰੀ ਕੀਤੀ ਹੈ ਪਹਿਲਾਂ ਦੁਨੀਆਂ ਦੀ ਝੂਠੀ ਤੇ ਨ ਰਹਿਣਹਾਰ ਸਰਕਾਰ ਦੀ, ਫਿਰ ਹੁਣ ਉਸ ਨੂੰ ਛੱਡ ਕੇ ਜਦੋਂ ਸੱਚ ਦੀ ਸੋਝੀ ਹੋ ਪਈ ਤਦ ਸੱਚੀ ਤੇ ਸਥਿਰ ਸਰਕਾਰ ਦੇ ਦਰ ਦੀ ਪਹਿਰੇਦਾਰੀ ਸੰਭਾਲ ਲਈ ਹੈ। ਸੋ ਸਾਡੇ ਇਲਾਜ ਵੀ ਕੁਦਰਤੀ ਹੀ ਹਨ, ਜਿਸ ਤਰ੍ਹਾਂ ਬਹੁਤੇ ਬੁਖਾਰ ਨੂੰ ਪਾਣੀ ਪਟੀ ਨਾਲ ਸਾਫ ਕੀਤਾ ਜਾਂਦਾ ਹੈ, ਬੁਖਾਰ ਘਟਦਾ ਵੀ ਹੈ, ਇਸੇ ਹੀ ਤਰ੍ਹਾਂ ਸਾਡਾ ਤਾਂ ਹਰ ਇਕ ਇਲਾਜ ਮਿਟੀ ਤੇ ਪਾਣੀ ਨਾਲ ਹੀ ਹੋ ਸਕਦਾ ਹੈ, ਤੁਸੀਂ ਇਸ ਨੂੰ ਨਾਲੇ (ਨਦੀ) ਦੇ ਕਿਨਾਰੇ ਰੱਖ ਕੇ ਇਸ ਪਰ ਪਾਣੀ ਪਾਉਣਾ ਅਰੰਭ ਕਰੋ, ਇਸ ਨਾਲ ਰੋਗ ਧੁਪ ਕੇ ਨੌ ਬਰ ਨੌ ਹੋ ਜਾਵੇਗਾ। ਘਰਦਿਆਂ ਦੇ ਹਥੋਂ ਤੋਤੇ ਉਡ ਗਏ, ਪਾਣੀ ਠੰਡਾ ਬਰਫ ਵਰਗਾ ਤੇ ਫਿਰ ਉਹ ਵੀ ਨਮੂਨੀਏ ਦੇ ਮਰੀਜ਼ ਪਰ ਪਾਉਣਾ, ਇਹ ਐਸਾ ਇਲਾਜ ਸੀ ਜੋ ਕੋਈ ਵੀ ਮਨੁੱਖ ਮੰਨ ਹੀ ਨ ਸਕੇ। ਬੁੱਧੀ ਇਸ ਇਲਾਜ ਨੂੰ ਕਦੇ ਵੀ ਪ੍ਰਵਾਨ ਨਹੀਂ ਕਰ ਸਕਦੀ ਸੀ। ਪਰ ਫਿਰ ਵੀ ਉਹ ਡਾਕਟਰ ਤੇ ਵੈਦਾਂ ਪਾਸੋਂ ਤਾਂ ਨਿਰਾਸ਼ ਹੋ ਕੇ ਹੀ ਮੁੜੇ ਸਨ। ਹੁਣ ਹੋਰ ਕੀ ਕਰਨਾ ਸੀ, ਕਿਧਰੇ ਜਾਣਾ ਵੀ ਜਾਇਜ਼ ਨਹੀਂ ਸੀ। ਸੋ ਸਰੀਰ ਨੂੰ ਮਹਾਂਪੁਰਖਾਂ ਦੀ ਆਗਿਆ ਵਿਚ ਭੇਂਟ ਕਰਨ ਤੇ ਅੰਤਿਮ ਸਵਾਸ ਗੁਰੂ ਦੀ ਯਾਦ ਅੰਦਰ ਬਤੀਤ ਕਰਨ ਦੀ ਗੱਲ ਯਾਦ ਕਰਕੇ ਇਹ ਹੁਕਮ ਮੰਨਣ ਲਈ ਤਿਆਰ ਹੋ ਗਏ। ਹੱਥ ਬੰਨ੍ਹ ਕੇ ਕਾਰਵਾਈ ਕਰਨ ਦੀ ਆਗਿਆ ਚਾਹੀ। ਮਹਾਂਪੁਰਖ ਨੇ ਫਿਰ ਦੁਬਾਰਾ ਉਹੀ ਹੁਕਮ ਕੀਤਾ। "ਇਹ ਨਾਲਾ (ਨਦੀ) ਕਈ ਸਾਲਾਂ ਤੋਂ ਸਿਮਰਨ ਦੀਆਂ ਲਹਿਰਾਂ ਸੁਣਦਾ ਆ ਰਿਹਾ ਹੈ, ਇਹ ਜਾਣਦਾ ਹੈ ਕਿਸ ਤਰ੍ਹਾਂ ਲਿਵ ਅੰਦਰ ਲਹਿਰਾਂ ਤੋਂ ਲਹਿਰਾਂ ਪੈਦਾ ਹੋ ਕੇ ਸੰਸਾਰ ਮਾਤਰ ਦੇ ਉਧਾਰ ਦੀ ਮਹਾਨ ਸਤਾ ਮਹਾਂਪੁਰਖਾਂ ਵਿਚ ਪੈਦਾ ਹੁੰਦੀ ਹੈ, ਕਿਵੇਂ ਆਪਾ ਠਾਰ ਕੇ ਆਪਾ ਗੰਦਾ ਕਰਕੇ ਲੋਕਾਂ ਦੇ ਕਪੜੇ ਮੈਲੇ ਸਰੀਰ ਤੇ ਮਲ ਧੋਈਦੀ ਹੈ। ਇਹ ਇਸਨੂੰ ਕੁਦਰਤ ਵਲੋਂ ਦਿਤਾ ਹੋਇਆ ਗੁਣ, ਇਸੇ ਹੀ ਕਰਕੇ ਅਸੀਂ ਤੁਹਾਡੇ ਇਸ ਨੌਜਵਾਨ ਨੂੰ ਇਸ ਕਾਦਰ ਦੇ ਪੁਜਾਰੀ ਉਸ ਦੀ ਆਗਿਆ ਵਿਚ ਚਲਣਹਾਰ ਨਾਲੇ ਨੂੰ ਉਸ ਦੇ ਸਪੁਰਦ ਕਰਨ ਲੱਗੇ ਹਾਂ। ਫਿਰ ਤਦੋਂ ਇਹ ਠੰਡਾ ਤੇ ਨਿਰਮਲ ਜਲ ਭੀ ਕਰਾਮਾਤ ਆਪਣੇ ਅੰਦਰ ਰਖਦਾ ਹੈ?"

ਨੌਜਵਾਨ ਦੇ ਘਰਦਿਆਂ ਨੇ ਆਸ਼ਾ ਤੇ ਨਿਰਾਸ਼ਾ ਦੇ ਦਰਮਿਆਨ ਖਲੋ ਕੇ ਦਿਲ ਦੇ ਨਾ ਚਾਹੁੰਦਿਆਂ ਹੋਇਆ ਵੀ

ਨੌਜਵਾਨ ਨੂੰ ਚੁੱਕ ਕੇ ਨਦੀ ਦੇ ਕੰਢੇ ਪਾ ਦਿਤਾ, ਇਤੇ ਉਹ ਕਾਫੀ ਦੁੱਖ ਅਨੁਭਵ ਕਰਨ ਲੱਗਾ ਕਿਉਂਕਿ ਉਸ ਨੂੰ ਬਗੈਰ ਕਪੜੇ ਤੋਂ ਨੰਗੇ ਪਾ ਦਿਤਾ ਸੀ। ਉਪਰੋਂ ਪਾਣੀ ਦੀਆਂ ਬਾਲਟੀਆਂ ਭਰ ਭਰ ਪਾਉਣ ਲੱਗੇ। ਉਹ ਪਹਿਲਾਂ ਘਬਰਾਇਆ ਫਿਰ ਉਹ ਬੇਹੋਸ਼ ਹੋ ਗਿਆ, ਪਰ ਪਾਣੀ ਵਾਲਿਆਂ ਨੇ ਪਾਣੀ ਪਾਉਣਾ ਬੰਦ ਨਹੀਂ ਕੀਤਾ ਤੇ ਨਾ ਹੀ ਉਸ ਦੇ ਬੇਹੋਸ਼ ਹੋ ਜਾਣ ਦਾ ਕੋਈ ਫਿਕਰ ਹੀ ਕੀਤਾ, ਉਨ੍ਹਾਂ ਵਿਚੋਂ ਕਈ ਇਸੇ ਹੀ ਨਿਸ਼ਚੇ ਦੇ ਸਨ ਕਿ ਇਸ ਦੀ ਮੌਤ ਯਕੀਨੀ ਹੈ, ਨਮੂਨੀਏ ਵਿਚ ਤਾਂ ਸਵਾਏ ਜ਼ਹਿਰੀਲੀਆਂ ਚੀਜ਼ਾਂ ਖਵਾ ਕੇ ਉਸ ਨਾਲ ਪਾਣੀ ਦੇਣ ਦੇ ਜਾਂ ਹੋਰ ਕਿਸੇ ਵੀ ਤਰ੍ਹਾਂ ਪਾਣੀ ਪਲਾਇਆ ਵੀ ਨਹੀਂ ਜਾਂਦਾ, ਸਲਫਾ ਦੀ ਵਰਤੋਂ ਕਰਕੇ ਆਮ ਪਾਣੀ ਦਿਤਾ ਜਾਂਦਾ ਹੈ। ਪਰ ਇਹ ਵੀ ਜ਼ਰੂਰੀ ਨਹੀਂ ਕਿ ਉਹ ਪਾਣੀ ਪੀਣ ਦੀ ਜਗ੍ਹਾ ਉਪਰ ਪਾਇਆ ਹੋਇਆ ਸਲਫਾ ਉਸ ਸਮੇਂ ਵੀ ਕੰਮ ਦੇ ਸਕੇ? ਪਾਣੀ ਸੁਟਦਿਆਂ ਕਾਫੀ ਦੇਰ ਹੋ ਗੀ ਉਸ ਦਾ ਸਰੀਰ ਤੜਪ ਕੇ ਫਿਰ ਸਮਾਂ ਹੋਣ ਪਰ ਹਿਲਿਆ ਤੇ ਆਖਰ ਕਾਫੀ ਸਮੇਂ ਪਿਛੋਂ ਉਹ ਉਠ ਕੇ ਬੈਠ ਗਿਆ। ਬਾਬਾ ਜੀ ਨੇ ਉਸ ਨੂੰ ਕਪੜੇ ਪਵਾਏ, ਪਿੰਡਾ ਪਹਿਲਾਂ ਚੰਗੀ ਤਰ੍ਹਾਂ ਸਾਫ ਕਰਵਾਇਆ ਤੇ ਆਖਰ ਧੁੱਪੇ ਬਿਠਾ ਕੇ ਗਰਮ ਗਰਮ ਚਾਹ ਪੀਣ ਨੂੰ ਦਿਤੀ। ਦੋ ਚਿੱਟੀਆਂ ਗੋਲੀਆਂ ਜੋ ਪਤਾ ਨਹੀਂ ਕੁਨੈਨ ਸੀ ਕਿ ਕੋਈ ਹੋਰ ਦਿਤੀਆਂ ਤੇ ਉਸ ਨੂੰ ਘਰ ਜਾ ਕੇ ਗੁਰੂ-ਗੁਰੂ ਜਪਣ ਦੀ ਆਗਿਆ ਕਰਕੇ ਘਰ ਨੂੰ ਤੋਰਿਆ। ਇਸ ਘਟਨਾ ਨੇ ਬਾਬਾ ਜੀ ਦੀ ਮਹਿਮਾ ਅਤਿਅੰਤ ਕਰ ਦਿਤੀ। ਹਰ ਪਾਸੇ ਲੋਕ ਕ੍ਰਿਤਗਯ ਤੇ ਗਦ-ਗਦ ਹੋਏ ਮਨ ਨਾਲ ਮਹਾਂਪੁਰਖਾਂ ਦੀ ਸੰਗਤ ਕਰਨ ਆਉਂਦੇ ਸਨ। ਬਾਬਾ ਜੀ ਦਾ ਵਰਤਾਉ ਹਰ ਸਮੇਂ ਹਰ ਮਨੁੱਖ ਨਾਲ ਉਸ ਦੀ ਮਨੋਕਾਮਨਾ ਤੇ ਮਨੋਬਿਰਤੀ ਵਾਲਾ ਹੀ ਹੁੰਦਾ ਸੀ। ਜੋ ਮਨੁੱਖ ਉਚੀਆਂ ਮਾਨਸਿਕ ਗੱਲਾਂ ਨਹੀਂ ਸਨ ਕਰਦੇ, ਬਾਬਾ ਜੀ ਉਨ੍ਹਾਂ ਨੂੰ ਕਦੇ ਵੀ ਘਰੇਲੂ ਲੋੜਾਂ ਬੱਚਿਆਂ ਦੀ ਸਿਹਤ ਤੇ ਮੁਕਦਮੇ ਆਦਿ ਤੋਂ ਅੱਗੇ ਨਹੀਂ ਸੋਚਣ ਦਿੰਦੇ ਸਨ, ਉਹ ਮਨ ਦੀਆਂ ਕਹਾਣੀਆਂ ਨਾਲ ਹੀ ਮਨੁੱਖ ਨੂੰ ਤੋਰਦੇ ਉਹ ਉਸ ਦੇ ਵਿਚਾਰਾਂ ਵਿਚ ਉਸ ਨੂੰ ਪਾਈ ਰੱਖਦੇ ਸਨ, ਉਹ ਕੱਚ ਦੇ ਵਿਉਪਾਰੀ ਨੂੰ ਕਦੇ ਸੁੱਚੇ ਮੋਤੀ ਨਹੀਂ ਵਿਖਾਂਦੇ ਸਨ, ਕਿਉਂਕਿ ਇਸ ਤਰ੍ਹਾਂ ਉਸ ਪਦਾਰਥ ਦਾ ਮੁੱਲ ਘਟਦਾ ਹੀ ਨਹੀਂ, ਮਰ ਜਾਂਦਾ ਹੈ।

## ਮਾਨਸਰੋਵਰ ਹੰਸਲਾ

ਇਹ ਗੱਲ ਆਮ ਮਸ਼ਹੂਰ ਹੈ ਕਿ ਜੋ ਵੀ ਪਦਾਰਥ ਜਿਸ ਸਥਾਨ ਤੋਂ ਪ੍ਰਾਪਤ ਹੋਵੇ ਉਥੇ ਉਸੇ ਹੀ ਕਿਸਮ ਦੇ ਲੋਕ ਆ ਟਿਕਦੇ ਹਨ, ਕਿਉਂਕਿ ਉਨ੍ਹਾਂ ਮਨੋਰੰਜਨ ਦਾ ਸਾਧਨ ਹੋਰ ਜਗ੍ਹਾ ਪਰ ਹੁੰਦਾ ਨਹੀਂ। ਭਾਵੇਂ ਇਹ ਮਸ਼ਹੂਰ ਹੈ ਕਿ ਬਾਬਾ ਕਰਮ ਸਿੰਘ ਜੀ ਦੀਆਂ ਸ਼ਕਤੀਆਂ ਕਰਾਮਾਤਾਂ ਤੇ ਸਿੱਧੀਆਂ ਦੇ ਯੋਗ ਬਲ ਸਹਿਤ ਹੀ ਉਸ ਮਹਾਨ ਸਖਤ ਤੇ ਪਥਰ ਧਰਤੀ ਪਰ ਮਹਾਨਤਾ ਨੂੰ ਪ੍ਰਾਪਤ ਹੋਏ ਸਨ ਪਰ ਇਹ ਵੀ ਇਕ ਅਮਰ ਸਚਾਈ ਹੈ ਕਿ ਧਾਰਮਿਕ ਤੌਰ ਪਰ ਆਤਮ ਖੋਜੀਆਂ, ਆਤਮ ਅਭਿਆਸੀਆਂ, ਸਤਿ ਸਾਧਨਾ ਅਤੇ ਸਤਿ ਦੇ ਮਹਾਨ ਜਗਿਆਸੂ ਸੰਤਾਂ ਦੀ ਜਿੰਨੀ ਗਿਣਤੀ ਬਾਬਾ ਕਰਮ ਸਿੰਘ ਜੀ ਕਰਕੇ ਪੈਦਾ ਹੋਈ ਹੈ ਉਸ ਦੀ ਮਿਸਾਲ ਹੋਰ ਕਿਧਰੇ ਘੱਟ ਹੀ ਮਿਲਦੀ ਹੈ। ਬਾਬਾ ਆਇਆ ਸਿੰਘ ਜੀ ਇਕ ਪਰਮ ਪ੍ਰਤਾਪੀ ਤੇ ਤੇਜਸਵੀ ਸ਼ਕਤੀਵਾਨ ਧੀਰਜ ਧਰਮ ਧਿਆਨ ਤਿੰਨਾਂ ਹੀ ਗੁਣਾਂ ਦੇ ਮਹਾਨ ਸਥੰਭ ਬਾਬਾ ਕਰਮ ਸਿੰਘ ਜੀ ਦੇ ਪ੍ਰਤਾਪ ਕਰਕੇ ਹੀ ਮਹਾਨ ਹਸਤੀ ਬਣੇ ਸਨ। ਬਾਬਾ ਕਰਮ ਸਿੰਘ ਜੀ ਦਾ ਇਕ ਮਹਾਨ ਗੁਣ ਕਿਸੇ ਵਿਅਕਤੀ ਅੰਦਰ ਸਵੈਮਾਨ ਨੂੰ ਪੂਰੀ ਤਰ੍ਹਾਂ ਜਾਗ੍ਰਤ ਕਰਨਾ ਸੀ। ਉਹ ਇਸ ਉਤਮ ਗੁਣ ਦੇ ਪੈਦਾ ਕਰਨ ਵਿਚ ਇਕ ਅਕਰਖਣ ਸ਼ਕਤੀ ਦਾ ਇਸ ਤਰ੍ਹਾਂ ਉਪਜਾਊ ਸੋਮਾ ਸਨ। ਜਿਸ ਵਿਚ ਸਤ ਧਰਮਸੇਵਾ ਸਵੱਛਤਾ ਤੇ ਲੋਕ ਸੇਵਾ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਸੀ, ਉਨ੍ਹਾਂ ਦੀ ਵਿਚਾਰਧਾਰਾ ਗੰਗਾ ਤਰੰਗ ਵਤ ਕਿਨਾਰੇ ਆਇਆਂ ਪ੍ਰਾਣੀਆਂ ਨੂੰ ਪਾਵਨ ਪਵਿੱਤਰ ਤੇ ਨਿਰਮਲ ਬਣਾਉਣ ਵਿਚ ਸਮਰੱਥ ਸੀ। ਬਾਬਾ ਕਰਮ ਸਿੰਘ ਜੀ ਤੋਂ ਵਰੋਸਾਏ ਹੋਏ ਇਤਨੇ ਪਰਮ ਤਪੀ ਮਹਾਤਮਾ ਹੋਏ ਹਨ ਕਿ ਉਨ੍ਹਾਂ ਦੀ ਗਿਣਤੀ ਕਰਨੀ ਅਸੰਭਵ ਹੈ, ਪਰ ਇਹ ਵੀ ਜੋ ਗਿਣਤੀ ਵਿਚ ਅਗਲੀ ਸਫ ਅੰਦਰ ਖਲੋ ਕੇ ਖਾਲਸਾ ਪੰਥ ਤੇ ਦੇਸ਼ ਅੰਦਰ ਬਹੁਤ ਮਸ਼ਹੂਰ ਹੋਏ ਉਹ ਇਸ ਤਰ੍ਹਾਂ ਨਾਲ ਗਿਣੇ ਜਾ ਸਕਦੇ ਹਨ।

ਸਾਹਿਬ ਬਾਬਾ ਆਇਆ ਸਿੰਘ ਜੀ ਬਾਰੇ ਇਹ ਮਸ਼ਹੂਰ ਹੈ ਕਿ ਉਨ੍ਹਾਂ ਦੇ ਮਾਤਾ ਪਿਤਾ ਵਲੋਂ ਚਾਚਾ ਹੀ ਉਨ੍ਹਾਂ ਨੂੰ ਬਾਬਾ ਜੀ ਦੀ ਭੇਂਟ ਕਰ ਗਿਆ ਸੀ। ਜਿਸ ਦਿਨ ਉਹ ਪਹਿਲੇ ਦਿਨ ਹੀ ਆਏ ਆਪ ਨੇ ਫੁਰਮਾਇਆ ਸੀ ਨਾਮ ਆਇਆ ਸਿੰਘ ਹੈ ਫਿਰ ਜਦੋਂ ਆਇਆ ਹੈਂ ਤਦ ਆਪਣਾ ਲਹਿਣਾ ਲੈ ਕੇ ਹੀ ਜਾਏਂਗਾ, ਉਹ ਆਏ ਵੀ ਤੇ ਐਸੇ ਆਏ ਕਿ ਉਨ੍ਹਾਂ ਦੀ ਮਹਿਮਾ ਬਾਬਾ ਜੀ ਤੋਂ ਬਾਅਦ ਵੱਡੇ ਸਾਹਿਬਾਂ ਦੇ ਬਰਾਬਰ ਹੀ ਹੋਈ, ਇਸੇ ਹੀ ਕਰਕੇ ਉਨ੍ਹਾਂ ਤੋਂ ਲਿਵ ਦੀ ਜੋਤ ਪ੍ਰਕਾਸ਼ਤ ਕਰਕੇ ਬਾਬਾ ਜਵਾਲ ਸਿੰਘ ਜੀ ਹਰਖੋਵਾਲ ਇਕ ਅਲਮਸਤ ਹਠੀ ਤਪੀ ਜਪੀ ਹਰਖ ਸੋਗ ਤੋਂ ਰਹਿਤ ਤਤਵੇਤਾ ਪੁਰਖ ਪ੍ਰਗਟ ਹੋਏ। ਇਸੇ ਹੀ

**(ਬਾਕੀ ਪੰਨਾ 62 ਤੇ)**

# ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ
## ((Practical Guide to Holistic Health))

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸਮੁੱਚੀ ਅਰੋਗਤਾ ਕੀ ਹੈ ?

ਸਾਡੀ ਅੱਜ ਦੀ ਸਭਿਅਤਾ ਬਹੁਤ ਉਤਪਾਦਕ, ਰਚਨਾਤਮਕ, ਸਾਧਨ ਸੰਪੰਨ ਕਹੀ ਗਈ ਹੈ, ਪਰ ਸਤਿ ਇਹ ਹੈ ਕਿ ਅੱਜ ਤੋਂ ਸੌ ਸਾਲ ਪਹਿਲੇ ਐਨੀਆਂ ਬੀਮਾਰੀਆਂ ਨਹੀਂ ਸੀ ਜਿੰਨੀਆਂ ਅੱਜ ਹਨ। ਰੋਜ਼ ਨਵੀਂ ਤੋਂ ਨਵੀਂ ਬਿਮਾਰੀ ਦੇਖਣ ਵਿਚ ਆਉਂਦੀ ਹੈ। ਇਹ ਠੀਕ ਹੈ ਕਿ ਅਸੀਂ ਜੀ ਰਹੇ ਹਾਂ, ਰਹਿ ਰਹੇ ਹਾਂ ਪਰ ਸਾਡੇ ਵਿਚੋਂ ਬਹੁਤ ਸਾਰੇ ਤਾਂ ਕੇਵਲ ਸੁਆਸ ਹੀ ਲੈ ਰਹੇ ਹਨ ਕੇਵਲ ਹੋਂਦ ਵਿਚ ਹੀ ਹਨ। ਸਾਡੇ ਵਿਚੋਂ ਬਹੁਤ ਹੀ ਥੋੜ੍ਹੇ ਹਨ ਜਿਨ੍ਹੰ ਨੂੰ ਜੀਉਣ ਦੀ ਜਾਚ ਹੈ ਜੀਵਨ ਜਾਚ ਹੈ ਕਲਾ ਹੈ। ਇਸ ਦਾ ਕਾਰਨ ਹੈ ਕਿ ਜੀਵਨ ਬਹੁਤ ਹੀ ਓਪਰਾ ਬਣ ਗਿਆ ਹੈ, ਬਨਾਵਟੀ ਬਣ ਗਿਆ ਹੈ। ਮਨੁੱਖ ਨੇ ਕਦੀ ਵੀ ਸ਼ਾਇਦ ਰੁਕ ਕੇ, ਠਹਿਰ ਕੇ ਇਹ ਨਹੀਂ ਸੋਚਿਆ ਕਿ ਉਹ ਕੁਦਰਤ ਨੂੰ ਪਿੱਛੇ ਛੱਡ ਕੇ ਕਿੰਨਾ ਅੱਗੇ ਆ ਗਿਆ ਹੈ ਉਸਨੂੰ ਕੁਦਰਤ ਦੇ ਸਾਰੇ ਸਰੋਤ ਪ੍ਰਮਾਤਮਾ ਦੀਆਂ ਸਾਰੀਆਂ ਬਖਸ਼ਿਸ਼ਾਂ ਪਿਛੇ ਛੱਡ ਦਿਤੀਆਂ ਹਨ। ਆਪਣਾ ਜੀਵਨ ਕੇਵਲ ਬਾਹਰੀ ਚੀਜ਼ਾਂ ਤੇ ਹੀ ਨਿਰਭਰ ਕਰ ਲਿਆ ਹੈ। ਇਸ ਤਰ੍ਹਾਂ ਬਨਾਵਟੀ ਚੀਜ਼ਾਂ ਤੇ ਰਹਿ ਕੇ ਸਾਡੀ ਆਪਣੀ ਅੰਦਰ ਦੀ ਸ਼ਕਤੀ ਜਿਹੜੀ ਕਿਸੇ ਵੀ ਬਿਮਾਰੀ ਜਾਂ ਮੌਸਮ ਆਦਿ ਤੋਂ ਬਚਾਉਣ ਲਈ ਲੋੜੀਂਦੀ ਹੈ, ਉਹ ਜਾਂਦੀ ਰਹਿੰਦੀ ਹੈ, ਇਹ ਬੋਝ ਅੱਜ ਦੇ ਮਨੁੱਖ ਨੂੰ ਵੱਧ ਤੋਂ ਵੱਧ ਦੁਖ ਦਿੰਦਾ ਹੈ। ਮਨੁੱਖ ਦਾ ਸਾਰਾ ਜੀਵਨ, ਆਪਣੇ ਹੀ ਬਣਾਏ ਦੁਖਾਂ ਸੰਤਾਪਾਂ ਤੋਂ ਛੁਟਕਾਰਾ ਪਾਉਣ ਵਿਚ ਲਗ ਜਾਂਦਾ ਹੈ। ਕੀ ਮਨੁੱਖ ਦੇ ਜੀਵਨ ਦਾ ਮੰਤਵ ਕੇਵਲ ਇਨ੍ਹਾਂ ਦੁਖਾਂ ਸੰਤਾਪਾਂ ਤੋਂ ਛੁਟਕਾਰਾ ਪਾਉਣਾ ਹੀ ਰਹਿ ਗਿਆ? ਕੀ ਹੋਰ ਉਚੀਆਂ ਤੇ ਡੂੰਘੀਆਂ ਉਡਾਰੀਆਂ ਕਦੋਂ ਮਾਰੋਗੇ।

ਕਿਸੇ ਵੀ ਔਸ਼ਧੀ ਦੀ ਪ੍ਰਨਾਲੀ ਵਿਚ ਆਪਣੇ ਪੈਦਾ ਕੀਤੇ ਦੁਖਾਂ ਸੰਤਾਪਾਂ ਦੀ ਕੋਈ ਦਵਾਈ ਨਹੀਂ, ਕੋਈ ਇਲਾਜ ਨਹੀਂ, ਸਿਰਫ ਇਕ ਗੱਲ ਹੈ ਜਿਸ ਤੋਂ ਜਾਣੂ ਹੋਣਾ ਅਵਸ਼ਕ ਹੈ, ਮਨੁੱਖ ਆਪ ਇਹ ਦੁਖ ਸੰਤਾਪ ਆਪਣੇ ਲਈ ਪੈਦਾ ਕਰਦਾ ਹੈ, ਉਹ ਆਪ ਹੀ ਇਨ੍ਹਾਂ ਦਾ ਸਮਾਧਨ ਦੇਖੇਗਾ, ਆਪ ਹੀ ਇਨ੍ਹਾਂ ਤੋਂ ਬਚਣਾ ਸਿਖੇਗਾ, ਜਾਣੇਗਾ ਕਿ ਇਨ੍ਹਾਂ ਤੋਂ ਦੂਰ ਕਿਵੇਂ ਰਿਹਾ ਜਾਵੇ। ਬਾਹਰ ਕੁਦਰਤ ਵਿਸ਼ਾਲ ਹੈ ਉਦਾਰ ਹੈ, ਸਾਡੇ ਕੋਲ ਚੇਤਨ ਬਿੰਦੂ ਹੈ, ਇਨ੍ਹਾਂ ਨਾਲ ਸਾਡੇ ਜੀਵਨ ਵਿਚ ਸਿਹਤ ਇਕਸਾਰਤਾ ਹੋਣੀ ਚਾਹੀਦੀ ਹੈ। ਸਾਨੂੰ ਇਕ ਸੁਰ ਹੋ ਕੇ ਰਹਿਣਾ ਚਾਹੀਦਾ ਹੈ। ਪਰ ਅਸੀਂ ਤਾਂ ਆਪਣੇ ਅੰਦਰ ਦੀਵਾਰਾਂ ਖੜ੍ਹੀਆਂ ਕਰ ਲਈਆਂ ਹਨ, ਬਾਹਰ ਵੀ ਦੀਵਾਰਾਂ ਖੜ੍ਹੀਆਂ ਕਰ ਲਈਆਂ ਹਨ। ਸਾਡਾ ਤਾਂ ਉਸ ਇਕ ਤੋਂ ਦੂਰ ਹੋ ਗਏ ਹਾਂ ਸਾਡਾ ਸੰਪਰਕ ਹੀ ਨਹੀਂ ਰਿਹਾ। ਸਾਰੇ ਮਨੁੱਖਾਂ ਦੇ ਅੰਦਰ ਐਨੀ ਸਮਰਥਾ ਹੈ, ਕਲਾ ਹੈ ਕਿ ਉਹ ਪੂਰੀ ਤਰ੍ਹਾਂ ਨਾਲ ਸੁਅਸਥ ਰਹਿ ਸਕਦੇ ਹਨ ਪਰ ਅੱਜ ਦੇ ਸਮੇਂ, ਸਮਾਜਿਕ ਬਾਅਦ ਥੱਲੇ, ਆਰਥਕ ਦਬਾਅ ਦੇ ਥੱਲੇ ਮਨੁੱਖ ਭੁੱਲ ਗਿਆ ਹੈ ਕਿ ਸਭ ਕੁਝ ਪਹਿਲੇ ਸਾਡੇ ਅੰਦਰ ਹੁੰਦਾ ਹੈ, .......ਅੰਦਰ ਵਿਆਪਦਾ ਹੈ ਫੇਰ ਬਾਅਦ ਵਿਚ ਮਾਨਸਿਕ ਤੇ ਸਰੀਰਕ ਪੱਧਰ ਤੇ ਪ੍ਰਗਟ ਹੁੰਦਾ ਹੈ। ਸਾਨੂੰ ਆਪਣੇ ਅੰਦਰ ਦੀ ਕਲਾ ਨੂੰ ਜਾਣ ਲੈਣਾ ਚਾਹੀਦਾ ਹੈ, ਪਛਾਨਣਾ ਚਾਹੀਦਾ ਹੈ, ਅੰਦਰ ਦੇ ਸਰੋਤ ਨੂੰ ਪਛਾਨਣਾ ਚਾਹੀਦਾ ਹੈ, ਅੰਦਰ ਦੇ ਸਰੋਤ ਨੂੰ ਪਛਾਨਣਾ ਚਾਹੀਦਾ ਹੈ, ਉਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਪੂਰਨ ਤਰ੍ਹਾਂ ਸੁਅਸਥ ਰਹਿ ਸਕੀਏ। ਸਭ ਤੋਂ ਪਹਿਲਾਂ ਸਰੀਰ ਨੂੰ ਧਿਆਨ ਦੇ ਕੇ ਅਸੀਂ ਆਪਣੇ ਕਰਮ, ਕੰਮ ਕਰਨ, ਸੰਵੇਗ ਤੇ ਭਾਵਨਾਵਾਂ ਪ੍ਰਤੀ ਸੁਚੇਤ ਹੋ ਜਾਂਦੇ ਹਾਂ। ਇਹ ਜਾਣ ਜਾਂਦੇ ਹਾਂ ਕਿ ਇਹ ਸਭ ਸਾਡੇ ਚੇਤਨ ਮਨ ਰਾਹੀਂ ਜਾਂ ਫੇਰ ਅਚੇਤ ਮਨ ਰਾਹੀਂ ਹੀ ਚਲ ਰਿਹਾ ਹੈ। ਉਹ ਹੀ ਇਨ੍ਹਾਂ ਨੂੰ ਚਲਾ ਰਹੇ ਹਨ। ਅੰਤ ਨੂੰ ਅਸੀਂ ਇਹ ਜਾਣ ਜਾਂਦੇ ਹਾਂ ਕਿ ਸਾਡੇ ਸੁਅਸਥ ਰਹਿਣ ਦਾ ਸਭ ਤੋਂ ਮਹੱਤਵਪੂਰਨ ਪੱਖ ਸਾਡਾ ਮਨ ਹੀ ਹੈ ਸਰੀਰ ਬਾਅਦ ਦੀ ਗੱਲ ਹੈ, ਨਾਲ ਹੀ ਇਹ ਵੀ ਪਤਾ ਲਗ ਜਾਂਦਾ ਹੈ ਕਿ ਅਧਿਆਤਮਕ ਪੱਖ ਸਭ ਤੋਂ ਉਪਰ ਹੈ ਸਭ ਤੋਂ ਵੱਧ ਮਹੱਤਵਪੂਰਣ ਹੈ। ਜਦੋਂ ਅਸੀਂ ਸਰੀਰ ਦੇ ਵੱਖ-ਵੱਖ ਮੰਡਲਾਂ ਤੇ ਧਿਆਨ ਦਿੰਦੇ ਹਾਂ, ਉਨ੍ਹਾਂ ਤੋਂ ਪਾਰ ਜਾਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਸਭ ਤੋਂ ਸੂਖਮ ਹੋਂਦ ਦੀ ਚੇਤਨਾ ਹੁੰਦੀ ਹੈ। ਅੰਤ ਵਿਚ ਸਾਨੂੰ ਚੇਤਨ ਬਿੰਦੂ ਦਾ ਪਤਾ ਲਗਦਾ ਹੈ, ਅਸੀਂ ਜਾਣ ਜਾਂਦੇ ਹਾਂ ਕਿ ਸਾਡੇ ਅੰਦਰ ਤਾਂ ਚੇਤਨ ਬਿੰਦੂ ਹੈ, ਕਿਸ ਤਰ੍ਹਾਂ ਇਸ ਚੇਤਨ ਬਿੰਦੂ ਦਾ ਪ੍ਰਵਾਹ ਬਾਹਰ ਵੀ ਵੱਖ-ਵੱਖ ਮਾਤਰਾ ਵਿਚ ਹੈ, ਇਸੇ ਹੀ ਪੱਧਰ ਨੂੰ ਅਧਿਆਤਮਕ ਤੰਦਰੁਸਤੀ ਕਹਿੰਦੇ ਹਨ। ਜਿਹੜੇ ਲੋਕ ਇਹ ਜਾਣਦੇ ਹਨ ਸਮਝਦੇ ਹਨ ਉਹ ਜੀਵਨ ਜੁਗਤ ਨਾਲ ਜੀਉਂਦੇ ਹਨ ਜੀਉਣ ਦੀ ਕਲਾ ਸਮਝ ਕੇ ਜੀਉਂਦੇ ਹਨ। ਜਿਹੜਾ ਚੇਤਨ ਬਿੰਦੂ ਲਈ ਸਤਰਕ ਰਹਿੰਦਾ ਹੈ ਹਰ ਸਮੇਂ ਇਸ ਨਾਲ ਜੁੜਿਆ ਰਹਿੰਦਾ ਹੈ ਉਹ ਜੀਵਨ ਦੇ ਹਰ

ਘੜੀ ਨੂੰ ਇਕ ਸੁਗਾਤ ਜਾਣ ਕੇ ਇਕ ਤੋਹਫਾ ਮੰਨ ਕੇ ਜੀਉਂਦਾ ਹੈ।

ਪੂਰਵਜ ਇਸ ਗੱਲ ਨੂੰ ਪੂਰੀ ਤਰ੍ਹਾਂ ਜਾਣਦੇ ਸਨ ਕਿ ਮਨੁੱਖ ਦਾ ਦੁਖ ਕਈ ਪੱਧਰਾਂ ਤੇ ਹੈ, ਸਰੀਰਕ, ਮਾਨਸਿਕ ਤੇ ਅਧਿਆਤਮਕ। ਉਨ੍ਹਾਂ ਨੇ ਏਸ ਗੱਲ ਤੇ ਬਹੁਤ ਖੋਜ ਵੀ ਕੀਤੀ, ਜੇ ਅੱਜ ਦਾ ਮਨੁੱਖ ਉਸ ਖੋਜ ਨੂੰ ਸੋਚ ਕੇ ਅੱਜ ਦੇ ਸਮੇਂ ਆਪਣੇ ਉਤੇ ਲਾਗੂ ਕਰ ਲਵੇ, ਫੇਰ ਉਹ ਐਨਾ ਵਧੇਰੇ ਅਰੋਗ ਤੇ ਅਸੁਰਖਿਅਤ ਨਾ ਰਹੇ ਜਿੰਨਾ ਉਹ ਅੱਜ ਹੈ। ਉਪਨਿਸ਼ਦ ਦਸਦੇ ਹਨ ਜੇ ਕਿਸੇ ਕੋਲ ਅਵਿਦਿਆ ਹੈ ਭਾਵ ਸੰਸਾਰ ਵਿਚ ਵਿਚਰਣਾ ਆਉਂਦਾ ਹੈ ਤੇ ਨਾਲ ਹੀ ਵਿਦਿਆ ਹੈ ਭਾਵ ਆਤਮਕ ਗਿਆਨ ਹੈ, ਉਹ ਮਨੁੱਖ ਖੁਸ਼ ਰਹਿ ਸਕਦਾ ਹੈ ਉਹ ਮਾਇਆ ਦੇ ਜਾਲ ਵਿਚੋਂ ਲੰਘ ਸਕਦਾ ਹੈ ਤੇ ਅੰਤ ਨੂੰ ਮੁਕਤ ਹੋ ਸਕਦਾ ਹੈ। ਸਾਡੇ ਵਡੇਰਿਆਂ ਨੇ ਸੰਪੂਰਣ ਅਰੋਗਤਾ ਤੇ ਬਹੁਤ ਹੀ ਜ਼ੋਰ ਦਿਤਾ ਹੈ ਜਿਸ ਦਾ ਭਾਵ ਹੈ ਮਨੁੱਖ ਨੂੰ ਪੂਰੀ ਤਰ੍ਹਾਂ ਨਾਲ ਸਮਝਣਾ, ਪੂਰੇ ਮਨੁੱਖ ਨੂੰ ਸਮਝਣਾ। ਇਹ ਖੋਜ ਉਨੀਂ ਹੀ ਪੁਰਾਤਨ ਹੈ ਜਿੰਨਾਂ ਮਨੁੱਖ। ਹੁਣ ਤਾਂ ਬਹੁਤ ਥੋੜ੍ਹੇ ਗ੍ਰੰਥ ਹੀ ਬਚੇ ਹਨ ਜਿਹੜੇ ਇਸ ਦੇ ਪ੍ਰੈਕਟੀਕਲ ਪੌੜੀਆਂ ਦਸਦੇ ਹਨ ਜੋ ਕਿ ਸਾਨੂੰ ਸਰੀਰਕ, ਮਾਨਸਿਕ, ਅਧਿਆਤਮ ਅਰੋਗਤਾ ਬਾਰੇ ਦਸਦੇ ਹਨ, ਇਨ੍ਹਾਂ ਨੂੰ ਕੋਈ ਪੂਰਣ ਯੋਗੀ ਹੀ ਸਮਝ ਸਕਦਾ ਹੈ ਜਾਂ ਕੋਈ ਚੰਗਾ ਵਿਦਵਾਨ। ਮੈਨੂੰ ਇਨ੍ਹਾਂ ਵਿਚੋਂ ਕਈ ਗ੍ਰੰਥ ਪੜ੍ਹਾਏ ਗਏ ਸੀ, ਮੈਂ ਇਹ ਗਿਆਨ ਅੱਗੇ ਦੇਣਾ ਚਾਹੁੰਦਾ ਹਾਂ।

ਜੇ ਅਸੀਂ ਅਰੋਗਤਾ ਬਾਰੇ ਜਾਨਣਾ ਚਾਹੀਏ, ਅਸੀਂ ਪ੍ਰਾਣੀ ਵਿਗਿਆਨ, ਸਰੀਰ ਵਿਗਿਆਨ, ਮਨੋਵਿਗਿਆਨ, ਦਾਰਸ਼ਨ ਅਸੀਂ ਇਨ੍ਹੰ ਸਭ ਦੀਆਂ ਧਾਰਣਾ ਜਾਣ ਜਾਂਦੇ ਹਾਂ ਪਰ ਮੈਂ ਤਾਂ ਇਕ ਬਿਲਕੁਲ ਫਰਕ, ਵੱਖਰੀ ਧਾਰਣਾ ਦੱਸਣਾ ਚਾਹੁੰਦਾ ਹਾਂ, ਮੈਂ ਤਾਂ ਸੰਪੂਰਣ ਅਰੋਗਤਾ ਦੀ ਗੱਲ ਕਰਨਾ ਚਾਹੁੰਦਾ ਹਾਂ ਜਿਸ ਵਿਚ ਉਪਰ ਦਿਤੀਆਂ ਸਾਰੀਆਂ ਧਾਰਣਾ ਹਨ, ਇਹ ਯੋਗ ਦੇ ਪੱਖ ਤੋਂ ਮੈਂ ਦੱਸਣ ਜਾ ਰਿਹਾ ਹਾਂ। ਮੈਂ ਅਰੋਗਤਾ ਦੇ ਉਹ ਅਭਿਆਸ ਦੱਸਣ ਲੱਗਾ ਹਾਂ ਜਿਹੜੇ ਹਿਮਾਲੀਆ ਤੇ ਹੁੰਦੇ ਰਹੇ ਹਨ, ਹਿਮਾਲੀਆ ਤੇ ਰਹਿਣ ਵਾਲੇ ਯੋਗੀ ਸਦੀਆਂ ਤੋਂ ਕਰਦੇ ਰਹੇ ਹਨ। ਮੈਂ ਉਨ੍ਹਾਂ ਅਭਿਆਸਾਂ ਨੂੰ ਸੌਖਾ ਕਰਕੇ, ਸੂਖਮ ਕਰਕੇ ਦੱਸਣ ਜਾ ਰਿਹਾ ਹਾਂ ਤਾਂ ਜੋ ਇਹ ਤੁਹਾਡੀ ਅਰੋਗਤਾ ਲਈ ਲਾਭਕਾਰੀ ਹੋ ਸਕਣ। ਇਸ ਤਰ੍ਹਾਂ ਕਰਨ ਲਈ ਮੈਂ ਅਰੋਗਤਾ ਨੂੰ ਸਰੀਰਕ ਪੱਧਰ ਤੋਂ, ਮਾਨਸਿਕ ਪੱਧਰ ਤੋਂ ਤੇ ਅਧਿਆਤਮਕ ਪੱਧਰ ਤੋਂ ਜਾਚਾਂਗਾ, ਦੇਖਾਂਗਾ।

ਯੋਗ ਦੀ ਧਾਰਨਾ ਬਹੁਤ ਹੀ ਸਾਧੀ ਤੇ ਸੌਖੀ ਹੈ, ਤਰਕਸ਼ੀਲ ਹੈ, ਪ੍ਰੈਕਟੀਕਲ ਹੈ। ਯੋਗ ਦਾ ਆਧਾਰ ਹੈ, 'ਯੁਕਤ ਆਹਾਰ ਵਿਹਾਰਸਿਅ' ਭਾਵ ਹੈ ਕੀ ਖਾਣਾ ਤੇ ਕਿਵੇਂ ਜੀਉਣਾ ਚਾਹੀਦਾ ਹੈ। ਜੇ ਤੁਸੀਂ ਆਪਣੀ ਸਮਰਥਾ ਜਾਣ ਲਵੋ, ਆਪਣੇ ਆਪ ਨੂੰ ਜਾਣ ਲਵੋ, ਆਪਣੀਆਂ ਖਾਣ ਪੀਣ ਦੀਆਂ ਆਦਤਾਂ ਨੂੰ ਕ੍ਰਮਬੱਧ ਕਰ ਲਵੋ, ਕੰਮ ਕਾਜ ਕਰਨ ਦੇ ਤਰੀਕਿਆਂ ਨੂੰ ਨਿਯਮਤ ਕਰ ਲਵੋ, ਆਪਣੀ ਸੋਚਣੀ ਨੂੰ ਸਕਾਰਾਤਮਕ ਪਾਸੇ ਲਗਾ ਲਓ, ਇਹ ਸਭ ਕੁਝ ਕਰਕੇ ਇਹ ਸੰਭਵ ਹੈ ਕਿ ਤੁਸੀਂ ਜੀਵਨ ਤੇ ਕਾਬੂ ਪਾ ਕੇ ਅਰੋਗ ਰਹਿ ਸਕਦੇ ਹੋ। ਇਹ ਕਹਿਣ ਤੋਂ ਇਹ ਭਾਵ ਨਹੀਂ ਕਿ ਤੁਸੀਂ ਕੁਝ ਪ੍ਰਾਕ੍ਰਿਤੀ ਦੇ ਨਿਯਮਾਂ ਤੋਂ ਉਲਟ ਕਰੋ ਬਾਹਰ ਕਰੋ ਜਾਂ ਕੋਈ ਪਾਬੰਦੀਆਂ ਲਗਾਓ, ਜੋ ਕੁਝ ਵੀ ਇਸ ਪੁਸਤਕ ਵਿਚ ਦਿਤਾ ਗਿਆ ਹੈ ਉਸ ਨੂੰ ਪੜ੍ਹੋ, ਜਾਂਚੋ ਜੋ ਤੁਹਾਨੂੰ ਠੀਕ ਲੱਗੇ ਉਹ ਕਰੋ ਜੋ ਬਦਲਣਾ ਚਾਹੋ ਉਹ ਬਦਲੋ ਉਨ੍ਹਾਂ ਦਾ ਅਭਿਆਸ ਆਪਣੀ ਸਮਰਥਾ ਅਨੁਸਾਰ ਕਰੋ।

ਯੋਗ ਦੇ ਅਭਿਆਸ ਜਿਹੜੇ ਪੁਰਾਤਨ ਗ੍ਰੰਥਾਂ ਵਿਚ ਦਿਤੇ ਗਏ ਹਨ ਉਹ ਕੇਵਲ ਸਰੀਰ ਲਈ ਹੀ ਉਪਯੋਗੀ ਨਹੀਂ ਉਹ ਮਾਨਸਿਕ ਤੇ ਅਧਿਆਤਮਕ ਪੱਖੋਂ ਵੀ ਓਨੇ ਹੀ ਲਾਭਕਾਰੀ ਹਨ। ਯੋਗ ਵਿਗਿਆਨ ਸਵੈ ਜਤਨ, ਸਵੈ ਪਰੀਖਣ ਤੇ ਸਵੈ ਚੇਤਨਾ ਦਾ ਵਿਗਿਆਨ ਹੈ। ਯੋਗ ਉਹ ਧਾਰਣਾ ਹੈ ਜਿਸਨੂੰ ਸਦੀਆਂ ਲਾ ਕੇ ਸੰਪੂਰਣ ਕੀਤਾ ਗਿਆ ਹੈ। ਯੋਗ ਦੇ ਸਾਧਨਾਂ ਨੂੰ ਵਰਤ ਕੇ ਉਨ੍ਹਾਂ ਨੂੰ ਪ੍ਰਮਾਣਿਕ ਕੀਤਾ ਗਿਆ ਹੈ। ਯੋਗ ਦੇ ਨਿਯਮਾਂ ਨੂੰ ਸੱਚੀ ਤਰ੍ਹਾਂ ਨਿਸ਼ਕਪਟ ਹੋ ਕੇ ਜਦੋਂ ਅਭਿਆਸ ਵਿਚ ਲੈ ਕੇ ਆਉਂਦੇ ਹਾਂ, ਸਫਲਤਾ ਅਵੱਸ਼ ਪ੍ਰਾਪਤ ਹੁੰਦੀ ਹੈ, ਜਦੋਂ ਤੁਸੀਂ ਅਭਿਆਸ ਕਰਨ ਲੱਗਦੇ ਹੋ ਤੁਸੀਂ ਆਪ ਹੀ ਦੇਖੋਗੇ, ਤੁਸੀਂ ਕਿੰਨੀ ਪ੍ਰਾਪਤੀ ਕੀਤੀ ਹੈ, ਤੁਹਾਡੇ ਰੋਜ਼ ਦੇ ਅਭਿਆਸ ਨੇ ਰੋਜ਼ ਦੇ ਜਤਨ ਨੇ ਕਿੰਨਾ ਕੁਝ ਪ੍ਰਾਪਤ ਕਰਾਇਆ ਹੈ। ਇਸ ਤਰ੍ਹਾਂ ਤੁਸੀਂ ਸਮਝ ਜਾਓਗੇ, ਜਾਣ ਜਾਓਗੇ ਯੋਗ ਦੀ ਉਪਲਬਧੀ ਦਾ ਮਾਰਗ ਕੀ ਹੈ, ਕਿਵੇਂ ਕਰਨਾ ਹੈ।

ਪੁਰਾਤਨ ਲਿਖਤਾਂ ਜਿਨ੍ਹਾਂ ਦੇ ਬਾਰੇ ਮੈਂ ਦੱਸਣ ਜਾ ਰਿਹਾ ਹਾਂ ਉਨ੍ਹਾਂ ਵਿਚ ਜੀਵਨ ਵਿਗਿਆਨ ਦੱਸਿਆ ਗਿਆ ਹੈ, ਉਨ੍ਹਾਂ ਵਿਚ ਇਹ ਵੀ ਦੱਸਿਆ ਗਿਆ ਹੈ, ਜੀਵਨ ਨੂੰ ਕਿਵੇਂ ਲੰਬਾ ਕੀਤਾ ਜਾ ਸਕਦਾ ਹੈ ਭਾਵ ਕਿਵੇਂ ਹੋਰ ਦੇਰ ਤੱਕ ਜੀਵਨ ਜੀਆ ਜਾ ਸਕਦਾ ਹੈ, ਜੀਵਨ ਨੂੰ ਵਧਾਉਣ ਦਾ ਸਾਧਨ ਵੱਧ ਤੋਂ ਵੱਧ ਹੈ, ਆਯੁਰਵੈਦਿਕ ਦਵਾਈਆਂ। 'ਆਯੁਰ' ਦੇ ਅਰਥ ਹਨ, ਆਯੂ 'ਵੈਦ' ਦਾ ਅਰਥ ਹਨ ਵਿਗਿਆਨ - ਆਯੁਰਵੈਦ ਦਵਾਈਆਂ ਦਾ ਸ਼ੁਰੂ ਹੀ ਆਯੂ ਨੂੰ ਵਸ ਵਿਚ ਕਰਨ ਲਈ ਹੋਇਆ ਸੀ। ਮੈਂ

ਲੋਕਾਂ ਨੂੰ ਕਹਿੰਦਿਆਂ ਸੁਣਿਆ ਹੈ ਉਹ ਬੜੇ ਸਿਆਣੇ ਹਨ, ਬੜੇ ਬੁੱਧੀਮਾਨ ਹਨ ਪਰ ਮੈਂ ਪੁੱਛਦਾ ਹਾਂ ਕੀ ਹੋ ਜਾਂਦਾ ਹੈ ਉਨ੍ਹਾਂ ਦੀ ਬੁੱਧੀ ਨੂੰ. ਸੱਤਰ ਸਾਲ ਦੀ ਆਯੂ ਤੋਂ ਬਾਅਦ? ਅੱਜ ਦੇ ਸਾਡੇ ਸਮਾਜ ਵਿਚ ਸੱਤਰ ਸਾਲ ਤੋਂ ਬਾਅਦ ਉਨ੍ਹਾਂ ਨੂੰ Old home (ਬ੍ਰਿਧ ਆਸ਼ਰਮ) ਵਡੇਰਿਆਂ ਲਈ ਬਣਾਏ ਘਰਾਂ ਵਿਚ ਭੇਜ ਦਿਤਾ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਉਹ ਚੰਗੀ ਤਰ੍ਹਾਂ ਗੱਲਬਾਤ ਨਹੀਂ ਕਰ ਸਕਦੇ, ਉਹ ਆਪਣੀ ਦੇਖ ਬਾਲ ਆਪ ਚੰਗੀ ਤਰ੍ਹਾਂ ਨਾਲ ਨਹੀਂ ਕਰ ਸਕਦੇ ਉਹ ਬੋਝ ਹਨ, ਉਹ ਕੋਈ ਕੰਮ ਕਾਰ ਨਹੀਂ ਕਰ ਸਕਦੇ। ਅੱਜ ਦਾ ਮਨੁੱਖ, ਬੁਝੇ ਹੋਣ ਤਕ ਆਪਣੀ ਬੁੱਧੀ ਗੁਆ ਬੈਠਦਾ ਹੈ, ਵਾਸਤਵ ਵਿਚ ਵਡੇਰੀ ਆਯੂ ਵਾਲੇ ਤਾਂ ਵਧੇਰੇ ਸਿਆਣੇ ਹੁੰਦੇ ਹਨ, ਉਹ ਪੜ੍ਹਾਉਣ ਲਈ ਸਭ ਤੋਂ ਵੱਧ ਕਾਬਲ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਅਨੁਭਵ ਵਧੇਰੇ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਵਡੇਰੀ ਉਮਰ ਤੱਕ ਵੀ ਬੁੱਧੀ ਘਟਦੀ ਨਹੀਂ ਸੀ, ਇਸ ਦੇ ਉਲਟ ਜਿਵੇਂ ਉਹ ਵੱਡੇ ਹੁੰਦੇ ਉਨ੍ਹਾਂ ਦੀ ਬੁੱਧੀ ਉਨ੍ਹਾਂ ਦੀ ਲਿਆਕਤ ਵਧਦੀ ਜਾਂਦੀ ਸੀ। ਉਹ ਵਧੇਰੇ ਸਿਆਣੇ ਹੁੰਦੇ ਜਾਂਦੇ ਇਹ ਹੀ ਅੰਤਰ ਹੈ। ਅਸੀਂ ਵੱਡੇ ਹੁੰਦੇ ਹਾਂ, ਬੁੱਢੇ ਹੁੰਦੇ ਹਾਂ ਸਾਡੀ ਬੁੱਧੀ ਘਟਦੀ ਜਾਂਦੀ ਹੈ ਪੁਰਾਤਨ ਸਮੇਂ ਦਾ ਮਨੁੱਖ ਵਡਾ ਹੁੰਦਾ ਜਾਂਦਾ ਸੀ ਉਹ ਸਿਆਣਾ ਕਿਹਾ ਜਾਂਦਾ ਸੀ। ਉਹ ਵਧੇਰੇ ਸਮਝਦੇ ਸੀ, ਜਾਣਦੇ ਸੀ ਕਿਉਂਕਿ ਉਹ ਜੀਵਨ ਜੀਉਣ ਦੀ ਸ਼ਕਤੀ ਜਾਣਦੇ ਸੀ ਅਸੀਂ ਇਹ ਗਿਆਨ ਗੁਆ ਬੈਠੇ ਹਾਂ।

ਅੱਜ ਦੇ ਵਿਦਿਅਕ ਦਸਦੇ ਹਨ, ਪੁਰਾਣੇ ਲੋਕ ਪਹਿਲੇ ਲੋਕ ਅਗਿਆਨੀ ਸਨ, ਮੈਂ ਉਨ੍ਹਾਂ ਨਾਲ ਸਹਿਮਤ ਨਹੀਂ, ਪੁਰਾਤਨ ਸਮੇਂ ਦੇ ਲੋਕ ਬਹੁਤ ਕੁਝ ਜਾਣਦੇ ਸੀ, ਜੀਵਨ ਨੂੰ ਸਮਝਦੇ ਸੀ ਉਨ੍ਹਾਂ ਦਾ ਵਿਗਿਆਨ ਬਹੁਤ ਵਿਵਹਾਰ ਕੁਸ਼ਲ ਸੀ। ਮਿਸਾਲ ਵਜੋਂ ਪੁਰਾਤਨ ਸਮੇਂ ਵਿਚ ਸਾਰੇ ਡਾਕਟਰੀ ਆਪਰੇਸ਼ਨ ਬੜੀ ਸਫਲਤਾ ਨਾਲ ਕੀਤੇ ਜਾਂਦੇ ਸੀ। ਚੀਨ ਵਿਚ ਪੂਰਾ vaccination ਦੇ ਤਰੀਕੇ ਵਰਤੇ ਜਾਂਦੇ ਸੀ। ਅੱਜ ਦੇ ਸਮੇਂ ਤਾਂ ਬੜੀ ਦੇਰ ਤੱਕ ਬੀਮਾਰੀਆਂ ਰੋਕਣ ਦਾ ਤਰੀਕਾ ਹੋਂਦ ਵਿਚ ਆਇਆ।

ਇਸ ਸਾਰੀ ਸੁਚੱਜਤਾ ਤੋਂ ਬਾਅਦ ਵੀ ਪੂਰਵਜਾਂ ਨੇ ਪਰਹੇਜ਼ ਦੀ ਮਹੱਤਤਾ ਨੂੰ ਅੱਗੇ ਰੱਖਿਆ ਹੈ। ਪੁਰਾਤਨ ਗ੍ਰੰਥਾਂ ਦਾ ਜ਼ੋਰ ਸਮੁੱਚੀ ਅਰੋਗਤਾ ਤੇ ਹੈ ਪੂਰਾ ਨਵੇਦਨ ਸਮੁੱਚੀ ਤੰਦਰੁਸਤੀ ਤੇ ਹੈ। ਖਾਣਾ ਪੀਣਾ ਖੁਰਾਕ, ਪੇਟ ਦੀ ਸਫਾਈ ਤੇ ਪੂਰਾ ਜ਼ੋਰ ਹੈ। ਸ੍ਵਾਸਾਂ ਦਾ ਨਿਅੰਤਰਣ ਸ੍ਵਾਸ ਠੀਕ ਤਰ੍ਹਾਂ ਨਾਲ ਲੈਣਾ, ਆਪਣੇ ਆਪ ਤੇ ਪੂਰਾ ਅਨੁਸਾਸ਼ਨ ਰੱਖਣ ਤੇ ਕਿਹਾ ਗਿਆ ਹੈ, ਨਾਲ ਹੀ ਮੌਸਮ ਦੇ ਅਸਰ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਉਨ੍ਹਾਂ ਦੇ ਇਲਾਜ ਮਨੁੱਖ ਦੀ ਜ਼ਰੂਰਤ ਅਨੁਸਾਰ, ਸਰੀਰਕ ਬਣਤਰ ਅਨੁਸਾਰ ਦਿਤੀਆਂ ਗਈਆਂ ਹਨ। ਪੁਰਾਤਨ ਚਿਕਿਤਸਾ ਪਰਹੇਜ਼ ਤੇ ਜ਼ੋਰ ਦਿੰਦੀ ਹੈ ਦਵਾਈਆਂ ਖਾਣ ਤੇ ਨਹੀਂ, ਅੱਜ ਦਾ ਵਿਗਿਆਨ ਪੁਰਾਤਨ ਖੋਜ ਦੀ ਪ੍ਰੌੜਤਾ ਕਰ ਰਿਹਾ ਹੈ।

ਮੰਦ ਭਾਗਾਂ ਦੀ ਗੱਲ ਹੈ ਕਿ ਅੱਜ ਦੀ ਖੋਜ ਅਜੇ ਵੀ ਪਰਹੇਜ਼ ਦੀ ਜਗ੍ਹਾ, ਇਲਾਜ ਵਿਚ ਵਿਸ਼ਵਾਸ਼ ਰੱਖਦੀ ਹੈ। ਅੱਜ ਕੈਂਸਰ ਦੇ ਇਲਾਜ ਲੱਭਣ ਲਈ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ ਕੈਂਸਰ ਨਾਲ ਬਿਮਾਰ ਅੰਗ ਨੂੰ ਕੱਢ ਕੇ ਦੂਸਰਾ ਪਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ, ਹਿਰਦੇ ਨੂੰ ਬਦਲਿਆ ਜਾਂਦਾ ਹੈ ਪਰ ਇਸ ਗੱਲ ਤੇ ਜ਼ੋਰ ਨਹੀਂ, ਖੋਜ ਨਹੀਂ, ਇਹ ਪਤਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਕਿ ਅੱਛੀ ਸਿਹਤ ਦੇ ਕੀ ਨਿਯਮ ਹਨ, ਇਸ ਸਰੀਰ ਨੂੰ ਅਰੋਗ ਕਿਵੇਂ ਰੱਖਿਆ ਜਾ ਸਕਦਾ ਹੈ, ਸੁਅਸਥ ਕਿਵੇਂ ਰਿਹਾ ਜਾ ਸਕਦਾ ਹੈ। ਇਸ ਗੱਲ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾਂਦੀ, ਨਾ ਹੀ ਕੀਤੀ ਜਾ ਰਹੀ ਹੈ ਕਿ ਰੋਕਥਾਮ ਲਈ ਦਵਾਈ, ਨਿਯਮ ਦਾ ਪਾਲਣ ਕਰਨਾ ਵਧੇਰੇ ਸੌਖਾ ਹੈ, ਨਾਲ ਹੀ ਵਧੇਰੇ ਲਾਭਕਾਰੀ ਹੈ, ਫਲਦਾਇਕ ਹੈ। ਬਿਮਾਰ ਹੋਣਾ, ਫੇਰ ਬਿਮਾਰੀ ਤੋਂ ਠੀਕ ਹੋਣਾ ਛੁਟਕਾਰਾ ਪਾਉਣਾ ਬਹੁਤ ਹੀ ਦੁਖਦਾਈ, ਅਨੁਭਵ ਹੈ, ਸਮਾਂ ਵੀ ਨਸ਼ਟ ਹੁੰਦਾ ਹੈ, ਤੁਹਾਡੀ ਤਾਕਤ ਸ਼ਕਤੀ ਵੀ ਘਟਦੀ ਹੈ। ਸਾਨੂੰ ਸਭ ਨੂੰ ਸਰੀਰ ਦੀ ਚੰਗੀ ਦੇਖਭਾਲ ਕਰਨੀ ਚਾਹੀਦੀ ਹੈ, ਚੰਗੀ ਤਰ੍ਹਾਂ ਨਾਲ ਇਸਨੂੰ ਦੇਖਣਾ ਚੀਹਾਦਾ ਹੈ ਤਾਂ ਜੋ ਇਹ ਰੋਗੀ ਨਾ ਹੋ ਜਾਏ, ਦੁਖ ਸੰਤਾਪਦਾ ਸਰੋਤ ਨਾ ਬਣ ਜਾਏ। ਸਾਨੂੰ ਉਸ ਤਰ੍ਹਾਂ ਹੀ ਸੁਚੱਜਤਾ ਆਪਣੇ ਅੰਦਰ ਪੈਦਾ ਕਰਨੀ ਚਾਹੀਦੀ ਹੈ, ਉਹ ਅਭਿਆਸ ਕਰਨੇ ਚਾਹੀਦੇ ਹਨ ਜਿਨ੍ਹਾਂ ਨਾਲ ਸਾਡੀ ਦੇਹ ਅਰੋਗ ਰਹੇ, ਅਸੀਂ ਉਹ ਕੁਝ ਨਾ ਕਰੀਏ ਜਿਸ ਨਾਲ ਅਸੀਂ ਬਿਮਾਰੀਆਂ ਦੇ ਸ਼ਿਕਾਰ ਹੋ ਜਾਈਏ, ਬਿਮਾਰੀ ਵਲ ਧੱਕੇ ਜਾਈਏ।

ਇਸਨੂੰ ਕਰਨ ਦੇ ਦੋ ਤਰੀਕੇ ਹਨ, ਇਕ ਬਾਹਰੀ, ਇਕ ਅੰਦਰ ਦਾ। ਸਾਡੇ ਵਿਚੋਂ ਬਹੁਤ ਸਾਰੇ ਆਪਣੀ ਸਿਹਤ ਦਾ ਧਿਆਨ ਵਧੇਰੇ ਕਰਕੇ ਬਾਹਰੋਂ ਹੀ ਰੱਖਦੇ ਹਨ। ਸਰੀਰਕ ਦੇਖਭਾਲ ਸਰੀਰ ਦਾ ਠੀਕ ਹੋਣਾ ਕੇਵਲ ਰਿਸ਼ਟ ਪੁਸ਼ਟ ਸਰੀਰ ਹੀ ਨਹੀਂ, ਠੀਕ ਖੁਰਾਕ ਖਾ ਲੈਣੀ ਹੀ ਨਹੀਂ ਜਾਂ ਵਿਟਾਮਿਨ ਖਾਣੇ ਹੀ ਨਹੀਂ, ਇਹ ਸਭ ਕੁਝ ਕਰਨ ਦੇ ਨਾਲ ਜੇ ਮਾਨਸਿਕ ਸਮਰਥਾ ਨੂੰ ਨਾ ਦੇਖਿਆ ਜਾ, ਜੇ ਸਾਨੂੰ ਉਸ ਦਾ ਅੰਦਾਜ਼ਾ ਨਹੀਂ ਤਾਂ ਨਾ ਸਾਨੂੰ ਆਪਣੀ ਇੱਛਾ ਸ਼ਕਤੀ ਦਾ ਪਤਾ ਹੋਏਗਾ, ਨਾ ਹੀ ਆਪਣੀ ਅੰਦਰੂਨੀ ਤਾਕਤ ਦਾ ਪਤਾ ਹੋਏਗਾ ਜਿਸ ਕਾਰਣ ਅਸੀਂ ਪਛੜੇ ਰਹਾਂਗੇ ਕਿਉਂਕਿ ਜਦੋਂ ਸਾਨੂੰ ਪਤਾ ਹੀ ਨਹੀਂ ਅਸੀਂ ਉਨ੍ਹਾਂ ਦੀ ਵਰਤੋਂ ਕਿਵੇਂ ਕਰ ਸਕਦੇ ਹਾਂ, ਅਸੀਂ ਸਦਾ ਅਸੁਰੱਖਿਤ ਮਹਿਸੂਸ ਕਰਾਂਗੇ, ਸਦਾ ਡਰਾਕਲ, ਕਾਇਰ ਹੀ ਰਹਾਂਗੇ। ਸਾਨੂੰ ਦੁਖ, ਸੰਤਾਪ

ਡਰ ਲੱਗੇ ਹੀ ਰਹਿਣਗੇ, ਇਨ੍ਹਾਂ ਕਾਰਨਾ ਕਰਕੇ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਅੰਦਰ ਲਈ ਜਾਣੂ ਹੋਈਏ, ਕੇਵਲ ਬਾਹਰ ਦੇ ਵਾਤਾਵਰਣ ਦੇ ਨਿਰਭਰ ਨਾ ਰਹੀਏ ਕਿਉਂਕਿ ਅੰਤ ਵਿਚ ਅੰਦਰ ਦਾ ਸਬਰ, ਮਾਨਸਿਕ ਸੰਤੋਖ ਹੀ ਵਾਸਤਵ ਹੀ ਚੰਗੀ ਸਿਹਤ ਤੰਦਰੁਸਤੀ ਦੀ ਚਾਬੀ ਹੈ।

ਸਮਾਂ ਆ ਗਿਆ ਹੈ ਜਦੋਂ ਕਿ ਮਨੁੱਖ ਇਹ ਸਮਝ ਲਵੇ ਕਿ ਉਹ ਕੇਵਲ ਸਰੀਰ ਨਹੀਂ, ਉਹ ਸ੍ਵਾਸ ਵੀ ਲੈਂਦਾ ਹੈ, ਉਹ ਸੋਚਦਾ ਵੀ ਹੈ, ਉਹ ਇਕ ਅਨੂਠਾ ਮਨੁੱਖ ਹੈ, ਬਹੁਤ ਹੀ ਜਟਿਲ ਸੰਵੇਗ, ਇਛਾਵਾਂ, ਲਾਲਸਾਵਾਂ ਦਾ ਬਣਿਆ ਹੋਇਆ ਹੈ। ਸੋ ਭਾਵੇਂ ਤੁਸੀਂ ਸਾਲਾਬੱਧੀ ਪੋਸ਼ਟਿਕ ਆਹਾਰ ਬਾਰੇ ਪੜ੍ਹ ਲਓ ਸਰੀਰ ਬਾਰੇ ਪੜ੍ਹ ਲਓ, ਮੈਡੀਕਲ ਕਾਲਜ ਚਲੇ ਜਾਓ, ਜੋ ਗਿਆਨ ਤੁਸੀਂ ਪ੍ਰਾਪਤ ਕਰੋਗੇ ਉਹ ਅਧੂਰਾ ਹੀ ਹੋਵੇਗਾ, ਉਸ ਗਿਆਨ ਨਾਲ ਕਦੀ ਤੁਹਾਡੀ ਸਤੁੰਸ਼ਟੀ ਨਹੀਂ ਹੋ ਸਕਦੀ, ਨਾ ਹੀ ਉਹ ਚੰਗੀ ਸਿਹਤ ਰੱਖਣ ਲਈ ਤੁਹਾਡਾ ਸਹਾਇਕ ਹੋ ਸਕਦਾ ਹੈ। ਉਸ ਦਾ ਕਾਰਣ ਹੈ ਜੋ ਕੁਝ ਵੀ ਸਰੀਰ ਨਾਲ ਸਬੰਧ ਰੱਖਦਾ ਹੈ, ਜੋ ਕੁਝ ਵੀ ਪਦਾਰਥ ਹੈ ਉਹ ਪੂਰਾ ਨਹੀਂ ਹੈ ਉਹ ਸਭ ਕੁਝ ਅਧੂਰਾ ਹੀ ਹੈ। ਸਰੀਰ ਤਾਂ ਕੇਵਲ ਮਨ ਉਤੇ ਪਾਇਆ ਇਕ ਉਛਾੜ ਹੈ, ਮਨ ਚੇਤਨ ਬਿੰਦੂ ਉਤੇ ਪਾਇਆ ਇਕ ਉਛਾੜ ਹੈ। ਇਹ ਜਾਣ ਲੈਣਾ ਬਹੁਤ ਅਵਸ਼ਕ ਹੈ ਕਿ ਸਰੀਰ ਕੇਵਲ ਇਕ ਸਾਧਨ ਹੈ, ਇਹ ਆਪਣੇ ਆਪ ਵਿਚ ਪੂਰਨ ਨਹੀਂ ਇਹ ਸਵੈ ਨਹੀਂ, ਇਹ ਆਤਮਾ ਨਹੀਂ। ਸਰੀਰ ਭਾਵੇਂ ਸਮੱਸਤ ਸਾਧਨ ਹੈ, ਯੰਤਰ ਹੈ ਜਿਹੜਾ ਰੋਜ਼ ਦੀ ਵਰਤੋਂ ਵਿਚ ਆਉਂਦਾ ਹੈ, ਇਹ ਹੀ ਸਾਰੇ ਗਿਆਨ ਦਾ ਸਾਧਨ ਹੈ, ਸਭ ਕੁਝ ਅਸੀਂ ਇਸ ਦੇ ਰਾਹੀਂ ਹੀ ਲਿਖਦੇ ਹਾਂ, ਸਰੀਰ ਬਹੁਤ ਵਡਮੁੱਲਾ ਹੈ, ਅਵਸ਼ਕ ਹੈ ਇਸਨੂੰ ਸਾਵਧਾਨੀ ਨਾਲ ਰੱਖਣਾ ਚਾਹੀਦਾ ਹੈ –

***ਗੁਰ ਸੇਵਾ ਤੇ ਭਗਤ ਕਮਾਈ ਤਬ ਇਹ ਮਾਨਸ ਦੇਹੀ ਪਾਈ॥***

ਇਸ ਸਰੀਰ ਰਾਹੀਂ ਹੀ ਮਨੁੱਖ ਚੰਦਰਮਾ ਤੱਕ ਪਹੁੰਚ ਸਕਦਾ ਹੈ ਪਰ ਉਹ ਆਪਣੀ ਚੇਤਨਾ ਦੀਆਂ ਡੂੰਘਾਈਆਂ ਤੱਕ ਨਹੀਂ ਪਹੁੰਚ ਸਕਦਾ, ਨਾ ਹੀ ਉਸ ਦਾ ਪਤਾ ਲਗਾ ਸਕਦਾ ਹੈ। ਜਦੋਂ ਤੱਕ ਮਨੁੱਖ ਦੀ ਚੇਤਨਾ ਸਰੀਰ ਵਿਚ ਹੀ ਰਹੇਗੀ, ਉਹ ਸਰੀਰ ਵਿਚ ਹੀ ਉਲਝਿਆ ਰਹੇਗਾ, ਉਸ ਲਈ ਸਮੱਸਿਆਵਾਂ ਖੜ੍ਹੀਆਂ ਹੁੰਦੀਆਂ ਹੀ ਰਹਿਣਗੀਆਂ। ਜਦੋਂ ਸਰੀਰ ਨੂੰ ਸੋਧ ਕੇ ਇਕ ਲਾਭਕਾਰੀ ਯੰਤਰ ਬਣਾ ਲਿਆ ਜਾਵੇ, ਤਾਂ ਹੀ ਇਸਨੂੰ ਦੂਸਰਿਆਂ ਨਾਲ ਠੀਕ ਅਭਿਵਿਅੰਜਨ ਤੇ ਸੰਪਰਕ ਦਾ ਸਾਧਨ ਬਣਾ ਸਕਦੇ ਹਾਂ। ਆਮ ਤੌਰ ਤੇ ਜਦੋਂ ਸਰੀਰ ਬਿਮਾਰ ਹੋ ਜਾਂਦਾ ਹੈ ਅਸੀਂ ਸਰੀਰ ਵਲ ਬਹੁਤਾ ਧਿਆਨ ਦੇਣ ਲਗ ਪੈਂਦੇ ਹਾਂ, ਇਸ ਕਾਰਣ ਅਸੀਂ ਦੂਸਰਿਆਂ ਨਾਲ ਠੀਕ ਗੱਲਬਾਤ ਨਹੀਂ ਕਰ ਸਕਦੇ, ਜਿਸ ਤਰ੍ਹਾਂ ਕਿ ਸਾਨੂੰ ਕਰਨੀ ਚਾਹੀਦੀ ਹੈ। ਜਦੋਂ ਸਰੀਰ ਵਿਚ ਦਰਦ ਹੋ ਰਿਹਾ ਹੁੰਦਾ ਹੈ ਕੋਈ ਵੀ ਸਰੀਰ ਨੂੰ ਦੁਖ ਹੁੰਦਾ ਹੈ, ਸਾਡਾ ਸਾਰਾ ਧਿਆਨ ਸਰੀਰ ਵਲ ਹੀ ਲਗ ਜਾਂਦਾ ਹੈ। ਗਿਆਨ ਪ੍ਰਾਪਤ ਕਰਨ ਦੀ ਥਾਂ ਅਸੀਂ ਦੁਖ ਦਰਦ ਮਹਿਸੂਸ ਕਰਨ ਲਗ ਪੈਂਦੇ ਹਾਂ। ਦਰਦ ਅਸੀਂ ਕਿਸੇ ਨਾਲ ਸਾਂਝਾ ਨਹੀਂ ਕਰ ਸਕਦੇ, ਆਪਣਾ ਦਰਦ ਅਸੀਂ ਉਨ੍ਹਾਂ ਨਾਲ ਵੀ ਨਹੀਂ ਵੰਡ ਸਕਦੇ ਜਿਨ੍ਹਾਂ ਨਾਲ ਅਸੀਂ ਆਪਣੀ ਖੁਸ਼ੀ ਸਾਂਝੀ ਕਰਦੇ ਹਾਂ। ਦੂਸਰੇ ਭਾਵੇਂ ਸਾਡੇ ਨਾਲ ਕਿੰਨਾ ਹੀ ਪਿਆਰ ਕਿਉਂ ਨਾ ਕਰਦੇ ਹੋਣ ਉਹ ਸਾਡਾ ਦੁਖ ਨਹੀਂ ਵੰਡਾ ਸਕਦਾ, ਉਹ ਤਾਂ ਕੇਵਲ ਸਾਨੂੰ ਹੌਂਸਲਾ ਦੇ ਸਕਦੇ ਹਨ ਸਾਨੂੰ ਢਾਰਸ ਦੇ ਸਕਦੇ ਹਨ ਸਾਡਾ ਮਨ ਦੂਸਰੇ ਪਾਸੇ ਪਾ ਸਕਦੇ ਹਨ।

ਜੀਵਨ ਰਿਸ਼ਤਿਆਂ ਦਾ ਨਾਮ ਹੈ, ਬਿਨਾਂ ਸੰਪਰਕ ਦੇ ਤਾਂ ਰਿਸ਼ਤੇ, ਜੀਵਨ ਦੋਨੋਂ ਹੀ ਢਹਿ ਢੇਰੀ ਹੋ ਜਾਣਗੇ। ਸੁਅਸਥ ਮਨ ਤੋਂ ਬਿਨਾਂ ਚੰਗਾ ਸੁਅਸਥ ਸਰੀਰ ਚੰਗੇ ਸੰਪਰਕ ਦਾ ਸਾਧਨ ਨਹੀਂ ਬਣ ਸਕਦਾ। ਅੱਜ ਦੇ ਖਿਲਾੜੀ ਵੀ ਇਸ ਗੱਲ ਦੇ ਲਈ ਸੁਚੇਤ ਹੋ ਰਹੇ ਹਨ ਕਿ ਚੰਗੇ ਸੁਅਸਥ ਸਾਫ ਮਨ ਤੋਂ ਬਿਨਾਂ ਸੁਅਸਥ ਸਰੀਰ ਰੱਖਣਾ ਸੰਭਵ ਨਹੀਂ। ਜੇ ਸਰੀਰ ਤੰਦਰੁਸਤ ਨਹੀਂ ਤਾਂ ਮਨ ਸਰੀਰ ਵਿਚ ਹੀ ਉਲਝਿਆ ਰਹਿੰਦਾ ਹੈ ਹੋਰ ਕੋਈ ਵਿਚਾਰ ਆਉਂਦਾ ਹੀ ਨਹੀਂ। ਦਰਦ ਇਕ ਤਰ੍ਹਾਂ ਨਾਲ ਸੁਆਰਥ ਹੈ, ਜਦੋਂ ਤੁਸੀਂ ਦਰਦ ਵਿਚ ਹੁੰਦੇ ਹੋ ਤੁਸੀਂ ਹੋਰ ਕੁਝ ਸੋਚ ਹੀ ਨਹੀਂ ਸਕਦੇ, ਹੋਰ ਕੁਝ ਸੋਚਣਾ ਸੰਭਵ ਹੀ ਨਹੀਂ। ਹਰ ਇਕ ਮਨੁੱਖ ਕੋਲ ਕੁਝ ਐਸਾ ਹੈ ਜਿਹੜਾ ਉਹ ਦੂਸਰਿਆਂ ਨੂੰ ਦੇ ਸਕਦਾ ਹੈ, ਜੇ ਦਰਦ ਦੇ ਕਾਰਣ ਅਸੀਂ ਦੂਸਰਿਆਂ ਲਈ ਕੁਝ ਨਹੀਂ ਕਰ ਸਕਦੇ ਤਾਂ ਅਸੀਂ ਅਸੁਅਸਥ ਹਾਂ। ਦਰਦ ਨੂੰ ਹਟਾਉਣ ਲੀ ਖਤਮ ਕਰਨ ਲਈ ਸਾਨੂੰ ਜੀਵਨ ਦੇ ਦੂਸਰੇ ਪਾਸੇ ਲਈ ਸੋਚਣਾ ਚਾਹੀਦਾ ਹੈ, ਸਰੀਰ ਤੋਂ ਉਪਰ ਉਠਣਾ ਚਾਹੀਦਾ ਹੈ। ਦੇਹ ਅਧਿਆਸ ਛੱਡਣਾ ਚਾਹੀਦਾ ਹੈ।

ਜਦੋਂ ਅਸੀਂ ਆਪਣਾ ਨਰੀਖਣ ਕਰਨਾ ਸ਼ੁਰੂ ਕਰਦੇ ਹਾਂ, ਆਪਣੇ ਆਪ ਨੂੰ ਜਾਨਣਾ ਸ਼ੁਰੂ ਕਰਦੇ ਹਾਂ, ਸਮਝਣਾ ਸ਼ੁਰੂ ਕਰਦੇ ਹਾਂ, ਅਸੀਂ ਜਾਣ ਜਾਂਦੇ ਹਾਂ ਕਿ ਅਸੀਂ ਕੇਵਲ ਸਰੀਰ ਨਹੀਂ। ਅਸੀਂ ਸਰੀਰ ਵਿਚ ਐਨੇ ਜ਼ਿਆਦਾ ਉਲਝੇ ਰਹਿੰਦੇ ਹਾਂ ਕਿ ਅਸੀਂ ਕੇਵਲ ਸਰੀਰ ਹੀ ਬਣ ਜਾਂਦੇ ਹਾਂ, ਆਪਣੇ ਆਪ ਨੂੰ ਕੇਵਲ ਸਰੀਰ ਹੀ ਸਮਝਦੇ ਹਾਂ। ਇਹ ਵਿਸ਼ਵਾਸ਼ ਐਨਾ ਪੱਕਾ ਹੋ ਜਾਂਦਾ ਹੈ, ਭਾਵੇਂ ਅਸੀਂ ਜਿੰਨਾ ਮਰਜ਼ੀ ਪੜ੍ਹੀਏ, ਜਿੰਨਾ ਮਰਜ਼ੀ ਸਮਝਣ ਦੀ ਕੋਸ਼ਿਸ਼ ਕਰੀਏ, ਸਾਨੂੰ ਭਾਵੇਂ ਕੋਈ ਕਿੰਨਾ ਹੀ ਕਿਉਂ ਨਾ ਸਮਝਾਵੇ, ਦੇਸ਼ ਸਾਡੀ ਸਾਰੀ ਚੇਤਨਾ ਘੜੀ ਘੜੀ ਸਰੀਰ ਤੇ ਹੀ ਆ ਜਾਂਦੀ ਹੈ,

ਸਰੀਰ ਹੀ ਇਕਾਗਰਤਾ ਦਾ ਪਾਤਰ ਬਣ ਜਾਂਦਾ ਹੈ।

ਦੇਖਿਆ ਜਾਵੇ ਤਾਂ ਸਰੀਰ ਕੇਵਲ ਇਕ ਹਵਾਈ ਅੱਡੇ ਦੀ ਤਰ੍ਹਾਂ ਹੈ ਜਿਥੇ ਜਹਾਜ਼ ਆ ਕੇ ਉਤਰਦੇ ਹਨ, ਇਥੇ ਸਰੀਰ ਦੇ ਅੰਦਰ ਸਾਡਾ ਅੰਤਰ ਹੈ। ਧਿਆਨ ਨਾਲ ਦੇਖੋ ਜਦੋਂ ਤੁਸੀਂ ਕੁਰਸੀ ਤੋਂ ਉਠ ਰਹੇ ਹੋ ਪੜ੍ਹਨਾ ਛੱਡੋ, ਤੁਸੀਂ ਦੇਖੋਗੇ ਕੇਵਲ ਤੁਹਾਡਾ ਸਰੀਰ ਨਹੀਂ ਜਿਹੜਾ ਕੁਰਸੀ ਤੋਂ ਉਠ ਰਿਹਾ ਹੈ, ਤੁਹਾਡੇ ਅੰਦਰ ਕੋਈ ਹੋਰ ਚੀਜ਼ ਹੈ ਜਿਹੜੀ ਤੁਹਾਨੂੰ ਖੜ੍ਹਾ ਕਰ ਰਹੀ ਹੈ, ਤੁਹਾਡੇ ਅੰਦਰ ਦੀ ਚੀਜ਼ ਇਸ ਹੱਡ ਮਾਸ ਦੇ ਲੋਥੜੇ ਨੂੰ ਖੜ੍ਹੇ ਹੋਣ ਦਾ ਹੁਕਮ ਦੇ ਰਹੀ ਹੈ, ਸਰੀਰ ਤਾਂ ਕੇਵਲ ਇਕ ਸਾਧਨ ਹੈ, ਜੋ ਹੁਕਮ ਮੰਨਦੀ ਹੈ।

ਜਦੋਂ ਅਸੀਂ ਆਪਣਾ ਨਰੀਖਣ ਚੰਗੀ ਤਰ੍ਹਾਂ ਕਰਦੇ ਹਾਂ ਅਸੀਂ ਜਾਣ ਜਾਂਦੇ ਹਾਂ ਕਿ ਸਾਡੇ ਅੰਦਰ ਕੇਂਦਰ ਹੈ, ਉਹ ਕੇਂਦਰ ਹੀ ਸ਼ਕਤੀ ਹੀ ਸਾਨੂੰ ਖੜ੍ਹਾ ਕਰਦੀ ਹੈ, ਬੈਠਣ ਲਈ ਹੁਕਮ ਦਿੰਦੀ ਹੈ ਹਿੱਲਣ ਲਈ ਕਹਿੰਦੀ ਹੈ। ਇਹ ਕੇਂਦਰ ਸਾਡਾ ਸਭ ਤੋਂ ਚੰਗਾ ਮਿੱਤਰ ਵੀ ਹੈ ਦੁਸ਼ਮਨ ਵੀ ਹੈ, ਇਹ ਹੀ ਤੰਦਰੁਸਤੀ ਦਾ ਸਰੋਤ ਹੈ ਇਹ ਹੀ ਬਿਮਾਰੀ ਦਾ ਸਰੋਤ ਹੈ।

ਤੰਦਰੁਸਤੀ ਲਈ ਸਭ ਤੋਂ ਮਹੱਤਵਪੂਰਣ ਪੱਖ ਹੈ ਤੁਹਾਡੀ ਮਨੋਵਿਰਤੀ, ਵਾਸਤਵ ਵਿਚ ਬਹੁਤ ਸਾਰੇ ਲੋਕ ਤਾਂ ਅਸੁਅਸਥ ਰਹਿਣਾ ਚਾਹੁੰਦੇ ਹਨ, ਉਦਾਸ ਰਹਿਣਾ ਚਾਹੁੰਦੇ ਹਨ, ਪੀੜਤ ਰਹਿਣਾ ਚਾਹੁੰਦੇ ਹਨ। ਉਹ ਲੋਕ ਇਸ ਤਰ੍ਹਾਂ ਦੀ ਰੁਚੀ ਬਣਾ ਲੈਂਦੇ ਹਨ ਇਸ ਤਰ੍ਹਾਂ ਦੀ ਪ੍ਰਵਿਰਤੀ ਬਣਾ ਲੈਂਦੇ ਹਨ ਅੰਤ ਨੂੰ ਇਹ ਉਨ੍ਹਾਂ ਦੀ ਸਖਸ਼ੀਅਤ ਹੀ ਬਣ ਜਾਂਦੀ ਹੈ। ਬਾਅਦ ਵਿਚ ਉਹ ਮਜ਼ਬੂਰ ਹੋ ਜਾਂਦੇ ਹਨ, ਇਹ ਮੰਨਣਾ ਵੀ ਨਹੀਂ ਚਾਹੁੰਦੇ ਕਿ ਉਹ ਆਪ ਹੀ ਆਪਣੀਆਂ ਬੀਮਾਰੀਆਂ ਲਈ ਜ਼ਿੰਮੇਵਾਰ ਹਨ। ਲੋਕਾਂ ਲਈ ਇਹ ਜਾਣ ਲੈਣਾ ਬੜਾ ਜ਼ਰੂਰੀ ਹੈ ਕਿ ਸੁਅਸਥ ਰਹਿਣ ਲਈ ਕੇਵਲ ਚੰਗੀ ਖੁਰਾਕ ਦੀ ਹੀ ਲੋੜ ਨਹੀਂ, ਜਾਂ ਕੇਵਲ ਵਿਟਾਮਿਨ ਹੀ ਕਾਫੀ ਨਹੀਂ ਜਾਂ ਕੇਵਲ ਕਸਰਤ ਹੀ ਜ਼ਰੂਰੀ ਨਹੀਂ, ਸਭ ਤੋਂ ਵੱਧ ਜ਼ਰੂਰੀ ਹੈ ਮਨ ਦੀ ਦਸ਼ਾ ਨੂੰ ਠੀਕ ਰੱਖਣਾ।

ਚੰਗੀ ਸੁਅਸਥ ਮਾਨਸਿਕ ਦਸਾ ਨੂੰ ਅਸ਼ਾਂਤ ਨਹੀਂ ਕੀਤਾ ਜਾ ਸਕਦਾ, ਭਾਵੇਂ ਕੁਝ ਵੀ ਕਿਉਂ ਨਾ ਹੋਵੇ। ਅੱਜ ਬਹੁਤ ਸਾਰੇ ਲੋਕਾਂ ਨੂੰ ਤੁਸੀਂ ਕਹਿੰਦੇ ਸੁਣੋਗੇ ਕਿ ਉਹ ਐਨਾ ਸਮਾਂ ਖਾਣ ਪੀਣ ਲਈ ਲਗਾਉਂਦੇ ਹਨ, ਐਨਾ ਸੌਣ ਲਈ ਐਨਾ ਦੂਸਰਿਆਂ ਨਾਲ ਗੱਲਬਾਤ ਕਰਨ ਲਈ ਤੇ ਹੋਰ ਕਿੰਨਾ ਕੁਝ, ਇਕ ਕਾਰਣ ਕਰਕੇ ਇਹ ਸੰਭਵ ਹੀ ਨਹੀਂ ਕਿ ਜੀਵਨ ਆਦਰਸ਼ ਦੀ ਪੂਰਤੀ ਕਰ ਸਕਣ। ਉਹ ਪਿਛਲੇ ਜਨਮ ਬਾਰੇ ਜਾਨਣਾ ਚਾਹੁੰਦੇ ਹਨ ਤਾਂ ਜੋ ਉਹ ਆਪਣਾ ਜੋੜ ਦੇਖ ਸਕਣ ਉਹ ਕੀ ਸੀ। ਮਨੁੱਖਾਂ ਦੀ ਇਹ ਇਕ ਰੁਚੀ ਹੈ ਕਿ ਉਹ ਆਪਣੇ ਬੀਤੇ ਸਮੇਂ ਲਈ ਵਿਚਾਰਮਗਨ ਰਹਿੰਦੇ ਹਨ। ਇਹ ਵੀ ਉਨ੍ਹਾਂ ਦਾ ਸੁਭਾਅ ਹੈ ਕਿ ਇਸ ਲਈ ਚਿੰਤਾ ਕਿ ਅੱਗੋਂ ਕੀ ਹੋਏਗਾ। ਜਦੋਂ ਕਿ ਉਹ ਬਹੁਤ ਸਾਰਾ ਸਮਾਂ ਬੀਤ ਗਏ ਲਈ ਸੋਚਦੇ ਬਿਤਾ ਦਿੰਦੇ ਹਨ, ਆਉਣ ਵਾਲੇ ਸਮੇਂ ਲਈ ਚਿੰਤਾ ਵਿਚ ਬਿਤਾ ਦਿੰਦੇ ਹਨ, ਇਹ ਗੱਲ ਉਹ ਸਿਖਦੇ ਹੀ ਨਹੀਂ ਕਿ ਹੁਣ ਅੱਜ ਏਸ ਸਮੇਂ ਵਰਤਮਾਨ ਵਿਚ ਕਿਵੇਂ ਰਹਿਣਾ ਹੈ, ਕਿਵੇਂ ਵਿਚਾਰਨਾ ਹੈ। ਇਹ ਗੱਲ ਉਹ ਸਮਝ ਹੀ ਨਹੀਂ ਸਕਦੇ, ਜਾਣ ਹੀ ਨਹੀਂ ਸਕਦੇ, ਇਹ ਗੱਲ ਉਨ੍ਹਾਂ ਨੂੰ ਕੋਈ ਸਿਖਾ ਵੀ ਨਹੀਂ ਸਕਦਾ ਕਿ ਇਥੇ ਹੁਣੇ ਕਿਵੇਂ ਰਹਿਣਾ ਹੈ। ਜਦੋਂ ਉਹ ਹੁਣ ਦੇ ਵਾਰੇ ਏਸ ਘੜੀ ਦੇ ਵਾਰੇ ਸੋਚਣ ਲਗਦੇ ਹਨ ਉਹ ਘੜੀ ਉਹ ਪਲ ਖਤਮ ਹੋ ਚੁੱਕਾ ਹੁੰਦਾ ਹੈ। ਤੁਸੀਂ ਹੁਣ ਦੇ ਵਾਰੇ ਸੋਚ ਕੇ ਹੁਣ ਦੀ ਘੜੀ ਵਿਚ ਰਹਿ ਹੀ ਨਹੀਂ ਸਕਦੇ ਹੁਣ ਨੂੰ ਜੀਅ ਹੀ ਨਹੀਂ ਸਕਦੇ। ਇਹ ਕੰਮ ਭਾਵ ਹੁਣ ਦੇ ਬਾਰੇ ਸੋਚਣਾ ਤੇ ਹੁਣ ਨੂੰ ਜੀਉਣਾ ਇਹ ਇਕੋ ਸਮੇਂ ਨਹੀਂ ਹੋ ਸਕਦੇ ਨਹੀਂ ਕੀਤੇ ਜਾ ਸਕਦੇ।

ਪਰ ਇਕ ਵਾਰੀ ਜਦੋਂ ਸਾਨੂੰ ਹੁਣ ਦਾ ਇਸ ਪਲ ਇਸ ਘੜੀ ਦਾ ਪਤਾ ਲਗ ਜਾਏ, ਸਮਝ ਆ ਜਾਏ ਅਸੀਂ ਭੂਤ, ਭਵਿੱਖ ਦੋਨਾਂ ਤੋਂ ਮੁਕਤ ਹੋ ਕੇ ਇਕ ਪਲ ਵਿਚ ਜੀਣਾ ਸਿੱਖ ਲੈਂਦੇ ਹਾਂ। ਜਿਹੜੇ ਇਸ ਪਲ ਇਸ ਘੜੀ ਨੂੰ ਜੀਣਾ ਸਿੱਖ ਲੈਂਦੇ ਹਨ ਜਿਨ੍ਹਾਂ ਦਾ ਜੀਵਨ ਜੀਣ ਦਾ ਉਦੇਸ਼ ਹੈ ਉਨ੍ਹਾਂ ਨੂੰ ਪਤਾ ਹੀ ਨਹੀਂ ਉਦਾਸੀ ਕੀ ਹੈ, ਨਾ ਹੀ ਉਹ ਮਨੂ ਦਸ਼ਾ ਨਾਲ ਵਹਿ ਤੁਰਦੇ ਹਨ ਨਾ ਹੀ ਜੀਵਨ ਦੀ ਗਤੀ ਨਾਲ ਡੋਲਦੇ ਹਨ।

ਇਸ ਜੀਵਨ ਦੇ ਸਫਰ ਵਿਚ ਤਿੰਨ ਤਰ੍ਹਾਂ ਦੇ ਮਨੁੱਖ ਹਨ ਜਿਹੜੇ ਜੀਵਨ ਦੇ ਰਾਹ ਤੇ ਚੱਲ ਰਹੇ ਹਨ। ਸਮੇਂ ਬੱਧ ਗੋਲਬੱਧ ਉਦੇਸ਼ ਬੱਧ। ਸਮੇਂ ਬੱਧ ਉਹ ਲੋਕੀ ਹਨ ਜਿਹੜੇ ਸੰਸਾਰ ਵਿਚ ਵਿਚਰ ਰਹੇ ਹਨ, ਚਲ ਰਹੇ ਹਨ ਪਰ ਨਾ ਤਾਂ ਉਹ ਸਮਝ ਰਹੇ ਹਨ ਕਿ ਉਹ ਕਿਉਂ ਚਲ ਰਹੇ ਹਨ ਨਾ ਹੀ ਉਹ ਜਾਣਦੇ ਹਨ ਕਿ ਉਹ ਕਿਉਂ ਚਲ ਰਹੇ ਹਨ। ਉਨ੍ਹਾਂ ਕੋਲ ਭਵਿੱਖ ਲਈ ਕੋਈ ਦ੍ਰਿਸ਼ਟੀ ਹੀ ਨਹੀਂ, ਕੋਈ ਝਾਕੀ ਹੀ ਨਹੀਂ। ਇਹੋ ਜਿਹੇ ਲੋਕ ਆਪਣਾ ਸਮਾਂ, ਆਪਣਾ ਜੀਵਨ ਕਿਸੇ ਕਲਪਨਾ ਅਧੀਨ ਹੋ ਕੇ ਕਿਸੇ ਸੋਹਣੇ ਭਵਿੱਖ ਦੇ ਗੀਤ ਗਾ ਕੇ, ਕਿਸੇ ਜਿੱਤ ਦਾ ਵਿਸ਼ਲੇਸ਼ਨ ਕਰਕੇ ਜਾਂ ਭੂਤ ਕਾਲ ਦੀ ਕਿਸੇ ਹਾਰ ਨੂੰ ਲੈ ਕੇ ਬਿਤਾ ਦਿੰਦੇ ਹਨ। ਇਨ੍ਹਾਂ ਦਾ ਕੋਈ ਅਨੁਸਾਸ਼ਨ ਨਹੀਂ ਹੁੰਦਾ, ਕੋਈ ਉਦੇਸ਼ ਨਹੀਂ ਹੁੰਦਾ। ਇਨ੍ਹਾਂ ਦਾ ਕੋਈ ਅਨੁਸਾਸ਼ਨ ਨਹੀਂ ਹੁੰਦਾ, ਕੋਈ ਉਦੇਸ਼ ਨਹੀਂ ਹੁੰਦਾ। ਉਹ ਤਾਂ ਕੇਵਲ ਇਸ ਤਰ੍ਹਾਂ ਦੇ ਵਿਚਾਰਾਂ ਵਿਚ, ਫੁਰਨਿਆਂ ਵਿਚ ਰਹਿੰਦੇ ਹਨ ਕਿ ਕਿਵੇਂ ਸਭ ਕੁਝ ਹੋਣਾ ਚਾਹੀਦਾ ਸੀ ਕੀ ਪਲੈਨ ਹੋਣਾ ਚਾਹੀਦਾ

ਸੀ ਸਭ ਕੁਝ ਕਿਸ ਤਰ੍ਹਾਂ ਨਾਲ ਹੋਣਾ ਚਾਹੀਦਾ ਸੀ, ਇਹ ਲੋਕ, ਚੀਜ਼ਾਂ ਨੂੰ ਦੇਖ ਕੇ ਕਿਵੇਂ ਹਨ, ਜਿਵੇਂ ਜਿਥੇ ਹਨ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੀ ਸਲਾਹਣਾ ਨਹੀਂ ਕਰ ਸਕਦੇ, ਇਸ ਕਾਰਣ ਕਰਕੇ ਇਹ ਲੋਕੀ ਸਦਾ ਹੀ ਅਸ਼ਾਂਤ ਰਹਿੰਦੇ ਹਨ। ਇਹੋ ਜਿਹੇ ਲੋਕਾਂ ਦਾ ਤੰਦਰੁਸਤ ਰਹਿਣਾ, ਸਫਲ ਹੋਣਾ ਬਹੁਤ ਹੀ ਔਖਾ ਹੈ।

ਦੂਸਰੀ ਤਰ੍ਹਾਂ ਦੇ ਲੋਕ ਉਦੇਸ਼ਬੱਧ ਹਨ। ਨਿਸ਼ਾਨੇਬੱਧ ਹਨ ਉਹ ਆਪਣੇ ਆਪ ਨੂੰ ਸਰੀਰਕ ਪੱਖੋਂ, ਮਾਨਸਿਕ ਪੱਖੋਂ ਤਾਂ ਕਿਸੇ ਹੱਦ ਤਕ ਅਨੁਸਾਸ਼ਨ ਵਿਚ ਲਿਆ ਸਕਦੇ ਹਨ। ਹਾਲਾਤ ਦੇ ਅਨੁਸਾਰ ਵਾਤਾਵਰਣ ਅਨੁਸਾਰ ਉਹ ਆਪਣੀ ਡਿਊਟੀ ਵੀ ਕਰ ਸਕਦੇ ਹਨ ਪਰ ਉਨ੍ਹਾਂ ਦੀ ਕਲਪਨਾ ਉਨ੍ਹਾਂ ਦੀ ਝਾਕੀ ਸੀਮਤ ਹੀ ਰਹਿੰਦੀ ਹੈ। ਉਨ੍ਹਾਂ ਦੇ ਉਦੇਸ਼ ਤਾਂ ਸੰਸਾਰਕ ਹੀ ਹੁੰਦੇ ਹਨ ਮਿਸਾਲ ਵਜੋਂ, 'ਮੇਰਾ ਘਰ ਹੋਵੇ, ਪਤਨੀ ਹੋਵੇ, ਕਾਰ ਹੋਵੇ ਚੰਗੀ ਨੌਕਰੀ ਹੋਵੇ ਹੋਰ ਸਾਰੀ ਤਰ੍ਹਾਂ ਦੇ ਆਰਾਮ ਹੋਣ, ਕਿਉਂਕਿ ਉਨ੍ਹਾਂ ਦੀ ਉੱਚੀ ਸੋਚ ਨਹੀਂ, ਉਚੀ ਪਕੜ ਨਹੀਂ ਜਿਸ ਕਰਕੇ ਉਨ੍ਹਾਂ ਦੇ ਗੋਲ ਤਾਂ ਪਦਾਰਥਕ ਹੀ ਰਹਿੰਦੇ ਹਨ। ਉਹ ਸੋਚਦੇ ਹਨ ਇਹ ਚੀਜ਼ਾਂ ਉਨ੍ਹਾਂ ਨੂੰ ਤ੍ਰਿਪਤ ਕਰਨਗੀਆਂ ਉਨ੍ਹਾਂ ਦਾ ਜੀਵਨ ਮਨੋਰਥ ਪੂਰਾ ਕਰਨਗੀਆਂ। ਪਰ ਜਦੋਂ ਇਹ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਹਨ, ਉਹ ਫੇਰ ਇਕ ਦਮ ਜਿਵੇਂ ਗੁਆਚ ਜਾਂਦੇ ਹਨ ਉਨ੍ਹਾਂ ਨੂੰ ਇਹ ਸਮਝ ਹੀ ਨਹੀਂ ਆਉਂਦੀ ਕਿ ਉਨ੍ਹਾਂ ਨੇ ਇਹ ਚੀਜ਼ਾਂ ਮੰਗੀਆਂ, ਕਿਉਂ ਇਨ੍ਹਾਂ ਦੀ ਇੱਛਾ ਹੀ ਕਿਉਂ ਕੀਤੀ।

ਤੀਸਰੀ ਤਰ੍ਹਾਂ ਦੇ ਲੋਕ ਉਹ ਹੁੰਦੇ ਹਨ ਜਿਹੜੇ ਮੰਤਵਬੱਧ ਹੁੰਦੇ ਹਨ, ਉਦੇਸ਼ ਬੱਧ ਹੁੰਦੇ ਹਨ। ਉਹ ਜੋ ਕੁਝ ਵੀ ਸੋਚਦੇ ਹਨ ਬੋਲਦੇ ਹਨ, ਕਰਦੇ ਹਨ ਉਹ ਸਭ ਕੁਝ ਆਪਣੇ ਮੰਤਵ ਨੂੰ ਉਦੇਸ਼ ਨੂੰ ਮੁੱਖ ਰੱਖ ਕੇ ਕਰਦੇ ਹਨ। ਉਹ ਆਪਣੀਆਂ ਆਦਤਾਂ ਨੂੰ ਕਰਮਬੱਧ ਕਰਦੇ ਹਨ, ਉਹ ਜਾਣਦੇ ਹਨ ਕਿ ਸਰੀਰਕ ਤੰਦਰੁਸਤੀ, ਮਾਨਸਿਕ ਅਰੋਗਤਾ ਕੋਈ ਵੱਖ-ਵੱਖ ਨਹੀਂ ਹਨ, ਇਹ ਤਾਂ ਇਕ ਹਨ ਇਨ੍ਹਾਂ ਨੂੰ ਨਖੇੜਿਆ ਹੀ ਨਹੀਂ ਜਾ ਸਕਦਾ, ਇਹ ਦੋਨੋਂ ਹੀ ਸਮੁੱਚੀ ਅਰੋਗਤਾ ਲਈ ਅਵਸ਼ਕ ਹਨ। ਉਨ੍ਹਾਂ ਲਈ ਅਰੋਗ ਸਰੀਰ, ਠੀਕ ਸ਼ਾਂਤ ਅਰੋਗ ਮਨ ਦਾ ਹੋਣਾ ਇਸ ਤਰ੍ਹਾਂ ਹੈ ਜਿਵੇਂ ਕਿ ਦੋ ਚੰਗੇ ਸਾਧਨ ਹੋਣ ਦੋ ਚੰਗੇ ਯੰਤਰ ਹੋਣ ਜੋ ਜੀਵਨ ਮਨੋਰਥ ਪ੍ਰਾਪਤੀ ਲਈ ਅਵੱਸ਼ਕ ਹਨ। ਇਸ ਮੰਤਵ ਨੂੰ ਇਸ ਉਦੇਸ਼ ਨੂੰ ਕੀ ਨਾਮ ਦਿਤਾ ਜਾਵੇ ਭਾਵੇਂ ਖੁਸ਼ੀ ਹੋਵੇ, ਅਨੰਦ ਹੋਵੇ, ਸੰਪੂਰਣਤਾ ਹੋਵੇ, ਸਿਹਤ ਸ਼ਾਂਤੀ ਹੋਵੇ, ਮੁਕਤੀ ਨਿਰਵਾਨ ਹੋਵੇ, ਸਮਾਧੀ ਹੋਵੇ ਇਸ ਪ੍ਰਕਾਰ ਦੇ ਲੋਕ ਬਹੁਤ ਹੀ ਵਿਰਲੇ ਹਨ, ਪਰ ਉਹ ਹਰ ਪਾਸਿਓਂ ਤੰਦਰੁਸਤ ਹਨ, ਅਰੋਗ ਹਨ।

ਇਸ ਤੋਂ ਇਕ ਗੱਲ ਸਾਫ ਹੈ ਕਿ ਸਮੁੱਚੀ ਦੇਹ ਅਰੋਗਤਾ ਦੀ ਨੀਂਹ ਹੈ ਜੀਵਨ ਉਦੇਸ਼ ਨੂੰ ਸਮਝਣਾ ਤੇ ਨਾਲ ਹੀ ਇਹ ਸਮਝਆ ਕਿ ਉਸ ਉਦੇਸ਼ ਦੀ ਪ੍ਰਾਪਤੀ ਕਿਵੇਂ ਕੀਤੀ ਜਾਵੇ। ਕਈ ਪ੍ਰਸ਼ਨ ਹਨ ਜਿਨ੍ਹਾਂ ਦੇ ਉਤਰ ਦਿਤੇ ਜਾ ਸਕਦੇ ਹਨ। ਜਦੋਂ ਉਹ ਬਿਮਾਰ ਹੁੰਦੇ ਹਨ ਜਾਂ ਜਦੋਂ ਉਹ ਕਿਸੇ ਜਗ੍ਹਾ ਅਸਫਲ ਹੁੰਦੇ ਹਨ ਜਾਂ ਫੇਰ ਕੋਈ ਭਾਣਾ ਵਰਤਦਾ ਹੈ ਤਾਂ ਉਹ ਪੁਛਦੇ ਹਨ, ਮੈਂ ਐਥੇ ਕਿਉਂ ਆਇਆ ਹਾਂ? ਮੇਰੇ ਜੀਵਨ ਦਾ ਉਦੇਸ਼ ਕੀ ਹੈ? ਮੈਂ ਕਿਥੋਂ ਆਇਆ ਹਾਂ? ਮੈਂ ਕਿਥੇ ਜਾਵਾਂਗਾ? ਇਹ ਪ੍ਰਸ਼ਨ ਕੋਈ ਆਚਾਰ ਨਾਲ ਸਬੰਧਤ ਨਹੀਂ ਹਨ ਨਾ ਹੀ ਇਹ ਆਰਥਕ ਜਾਂ ਸਮਾਜਿਕ ਪ੍ਰਸ਼ਨ ਹਨ ਇਹ ਤਾਂ ਤੁਹਾਡੇ ਅੰਦਰ ਦੇ ਪ੍ਰਸ਼ਨ ਹਨ ਜਿਹੜੇ ਸਾਰਿਆਂ ਦੇ ਅੰਦਰ ਹਨ, ਇਹ ਸਾਰੇ ਪ੍ਰਸ਼ਨ ਉਦੋਂ ਸਾਮ੍ਹਣੇ ਆਉਂਦੇ ਹਨ ਜਦੋਂ ਤੁਸੀਂ ਜੀਵਨ ਨੂੰ ਜਾਨਣ ਲਗਦੇ ਹੋ ਘੋਖਣ ਲਗਦੇ ਹੋ। ਹਰ ਇਕ ਨੂੰ ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦੇਣਾ ਪੈਂਦਾ ਹੈ ਕਿਸੇ ਨੂੰ ਜਲਦੀ ਕਿਸੇ ਨੂੰ ਦੇਰ ਨਾਲ। ਇਨ੍ਹਾਂ ਪ੍ਰਸ਼ਨਾਂ ਦਾ ਉਤਰ ਦਿਤੇ ਬਿਨ੍ਹਾਂ ਦੇਹ ਅਰੋਗਤਾ ਜਾਂ ਮਾਨਸਿਕ ਅਰੋਗਤਾ ਨਹੀਂ ਹੋ ਸਕਦੀ, ਨਾ ਹੀ ਜੀਵਨ ਮਨੋਰਥ ਤਕ ਪਹੁੰਚਿਆ ਜਾ ਸਕਦਾ ਹੈ। ਇਸ ਤੋਂ ਬਿਨਾਂ ਇਕ ਖਾਲੀਪਨ, ਅੰਦਰ ਦਾ ਇਕ ਸੁੰਨਾਪਨ ਰਹਿੰਦਾ ਹੀ ਹੈ ਇਕ ਅਸ਼ਾਂਤੀ ਦੇ ਨਾਲ ਇਹ ਮਹਿਸੂਸ ਹੁੰਦਾ ਹੈ ਕਿ ਕੁਝ ਹੈ ਕੁਝ ਗੁਆਚਾ ਹੋਇਆ ਹੈ।

ਜਿਵੇਂ ਕਿ ਬਹੁਤ ਕੁਝ ਕਰਕੇ ਬਹੁਤ ਪ੍ਰਾਪਤੀਆਂ ਕਰਕੇ ਬਹੁਤ ਤਜਰਬੇ ਕਰਕੇ, ਖੁਸ਼ ਰਹਿਣ ਲਈ ਬਹੁਤ ਕੁਝ ਕਰਕੇ ਅਸੀਂ ਦੇਖਦੇ ਹਾਂ ਬਹੁਤ ਸਾਰੇ ਜੋੜੇ ਇਹ ਨਹੀਂ ਸਮਝ ਸਕਦੇ ਕਿ ਉਹ ਕਿਉਂ ਉਦਾਸ ਹਨ ਉਹ ਕਿਉਂ ਖੁਸ਼ ਨਹੀਂ। ਭਾਵੇਂ ਉਹ ਇਕੱਠੇ ਰਹਿੰਦੇ ਹਨ ਇਕ ਦੂਸਰੇ ਨੂੰ ਪਿਆਰ ਵੀ ਕਰਦੇ ਹਨ ਇਕ ਦੂਸਰੇ ਪ੍ਰਤੀ ਇਮਾਨਦਾਰ ਵੀ ਹਨ, ਆਪਣੀਆਂ ਡੀਊਟੀਆਂ ਵੀ ਕਰ ਰਹੇ ਹਨ ਇਕ ਦੂਸਰੇ ਪ੍ਰਤੀ ਸੱਚੇ ਵੀ ਹਨ, ਸੁਹਿਰਦ ਵੀ ਹਨ, ਇਸ ਸਭ ਕੁਝ ਦੇ ਉਪਰੰਤ ਉਹ ਪੂਰੀ ਤਰ੍ਹਾਂ ਨਾਲ ਸੰਤੁਸ਼ਟ ਨਹੀਂ ਹਨ। ਉਸ ਦਾ ਕਾਰਣ ਹੈ ਕਿ ਉਹ ਜੀਵਨ ਮਨੋਰਥ ਹੀ ਨਹੀਂ ਜਾਣਦੇ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਉਹ ਸੰਸਾਰ ਵਿਚ ਕੀ ਕਰਨ ਆਏ ਹਨ। ਅਸ਼ਾਂਤੀ ਦਾ ਕਾਰਣ ਪਤਾ ਕਰਨਾ ਬਹੁਤ ਹੀ ਅਵਸ਼ਕ ਹੈ, ਜੇ ਕਾਰਣ ਨਾ ਪਤਾ ਕਰੋ ਤਾਂ ਅਚੇਤ ਮਨ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ, ਜਿਸ ਕਾਰਣ ਉਨ੍ਹਾਂ ਦਾ ਮਨ ਕਦੇ ਵੀ ਸ਼ਾਂਤ ਨਹੀਂ ਹੋ ਸਕਦਾ।

ਜੇ ਸਾਨੂੰ ਇਹ ਪਤਾ ਲਗ ਜਾਏ ਅਸੀਂ ਕਿਥੋਂ ਆਏ ਹਾਂ ਕਿਉਂ ਆਏ ਹਾਂ, ਜੇ ਸਾਨੂੰ ਮਰਣ ਦਾ ਕੋਈ ਡਰ ਨਾ ਹੋਵੇ ਫੇਰ ਅਸੀਂ ਜੀਵਨ ਨੂੰ ਮਾਣ ਸਕਦੇ ਹਾਂ, ਸੰਸਾਰਕ

ਪੱਧਰ ਤੇ ਇੰਦ੍ਰੀਆਂ ਦੇ ਪੱਧਰ ਤੇ ਵੀ ਮੌਜ ਮਾਣ ਸਕਦੇ ਹਾਂ, ਸੁਖ ਲੈ ਸਕਦੇ ਹਾਂ ਆਮ ਮਨੁੱਖ ਜੀਵਨ ਦੀ ਮੌਜ ਨਹੀਂ ਸਕਦੇ, ਉਹ ਤਾਂ ਕਿਸਮ ਕਿਸਮ ਦੇ ਭੈ ਵਿਚ ਹੀ ਗ੍ਰਸੇ ਰਹਿੰਦੇ ਹਨ। ਉਨ੍ਹਾਂ ਨੂੰ ਤਾਂ ਹਰ ਸਮੇਂ ਚਿੰਤਾ ਹੀ ਲੱਗੀ ਰਹਿੰਦੀ ਹੈ, ਜੇ ਇਹ ਹੋ ਗਿਆ ਤਾਂ ਕੀ ਹੋਏਗਾ? ਜੇ ਮੇਰੇ ਕੋਲੋਂ ਇਹ ਚੀਜ਼ ਖੁਸ ਗਈ ਤਾਂ ਕੀ ਹੋਏਗਾ? ਜੇ ਸਾਡੇ ਵਿਚੋਂ ਇਕ ਮਰ ਗਿਆ ਫੇਰ ਕੀ ਹੋਏਗਾ? ਜੇ ਅਚਾਨਕ ਕੁਝ ਹੋ ਜਾਏਗਾ ਤਾਂ ਕੀ ਹੋਏਗਾ? ਭੈ ਡਰ ਸਾਡਾ ਸਭ ਤੋਂ ਵੱਡਾ ਸ਼ਤਰੂ ਹੈ ਜੇ ਡਰ ਨੂੰ ਵਧੇਰੇ ਵਧਣ ਦਿਤਾ ਜਾਵੇ ਉਸ ਦਾ ਪਸਾਰਾ ਵਧੇਰੇ ਕਰ ਲਿਆ ਜਾਵੇ ਤਾਂ ਸਾਡੀ ਸਵੈ ਰੱਖਿਆ ਹੀ ਖਤਰੇ ਵਿਚ ਪੈ ਜਾਵੇਗੀ। ਡਰ ਕੇ ਰਹਿਣਾ ਤਾਂ ਇਸ ਤਰ੍ਹਾਂ ਹੈ ਜਿਵੇਂ ਆਤਮ ਹੱਤਿਆ ਕਰਨੀ ਹੋਵੇ। ਮਨੁੱਖ ਸਦਾ ਹੀ ਕਿਸੇ ਨਾ ਕਿਸੇ ਡਰ ਕਿਸੇ ਭੈ ਦੇ ਥੱਲੇ ਦਬੇ ਰਹਿੰਦੇ ਹਨ ਕੁਝ ਨਾ ਕੁਝ ਇਸ ਤਰ੍ਹਾਂ ਦਾ ਚਲਦਾ ਰਹਿੰਦਾ ਹੈ ਜਿਹੜਾ ਤੁਹਾਨੂੰ ਜੀਵਨ ਦੀ ਮੌਜ ਨਹੀਂ ਲੁੱਟਣ ਦਿੰਦਾ, ਜੀਵਨ ਦੀ ਭਰਪੂਰਤਾ ਨਹੀਂ ਮਾਨਣ ਦਿੰਦਾ। ਜਦੋਂ ਅਸੀਂ ਉਸ ਅਵਸਥਾ ਤੇ ਪਹੁੰਚ ਜਾਂਦੇ ਹਾਂ ਜਿਹੜੀ ਹਰ ਡਰ ਤੋਂ ਹਰ ਭੈ ਤੋਂ ਪਰ੍ਹੇ ਹੈ ਉਪਰ ਹੈ ਤਾਂ ਹੀ ਅਸੀਂ ਵਾਸਤਵ ਵਿਚ ਜੀਵਨ ਅਨੰਦ ਮਾਣ ਸਕਦੇ ਹਾਂ, ਅੰਦਰ ਦੇ ਜੀਵਨ ਦਾ ਅਨੰਦ, ਬਾਹਰੀ ਸੰਸਾਰਕ ਜੀਵਨ ਦੀ ਮੌਜ ਉਦੋਂ ਹੀ ਪੂਰੀ ਤਰ੍ਹਾਂ ਨਾਲ ਭੋਗੀ ਜਾ ਸਕਦੀ ਹੈ।

ਮੈਂ ਕੋਈ ਸੰਵੇਗਕ ਨਿਰਭੈਤਾ ਜਾਂ ਅਗਿਆਨ ਵਾਲੀ ਨਿਰਭੈਤਾ ਦੀ ਗੱਲ ਨਹੀਂ ਕਰ ਰਿਹਾ (ਜਿਵੇਂ ਮੈਂ ਇਕ ਵਾਰੀ ਇਕ ਬਲਦ ਦੇਖਿਆ ਜਿਹੜਾ ਗੁੱਸੇ ਵਿਚ ਦੌੜਦਾ ਆ ਰਿਹਾ ਸੀ, ਜਿਵੇਂ ਕਿਸੇ ਨੂੰ ਮਾਰਨ ਆ ਰਿਹਾ ਹੋਵੇ ਅੱਗੋਂ ਗੱਡੀ ਆ ਰਹੀ ਸੀ ਉਹ ਸਿੱਧਾ ਉਸ ਨਾਲ ਜਾ ਕੇ ਲੱਗਾ ਤੇ ਉਥੇ ਹੀ ਮਰ ਗਿਆ) ਇਹ ਇਕ ਤਰ੍ਹਾਂ ਨਾਲ ਅਗਿਆਨਤਾ ਵਾਲੀ ਨਿਰਭੈਤਾ ਹੈ। ਮੈਂ ਤਾਂ ਉਸ ਨਿਰਭੈਤਾ ਦੀ ਗੱਲ ਕਰ ਰਿਹਾ ਹਾਂ ਜਿਹੜੀ ਜੀਵਨ ਨੂੰ ਸਮਝ ਕੇ ਜੀਵਨ ਨੂੰ ਜਾਣ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

ਮਨ ਦੀ ਧਾਰਨਾ ਨੂੰ ਸਮਝ ਕੇ ਵਿਵਹਾਰ ਨੂੰ ਸਮਝ ਕੇ ਆ ਸਕਦੀ ਹੈ। ਮਨੁੱਖ ਦੇ ਅੰਦਰ ਇਹ ਸਭ ਸਰੋਤ ਹਨ ਜਿਨ੍ਹਾਂ ਰਾਹੀਂ ਇਹ ਨਿਰਭੈਤਾ ਪ੍ਰਾਪਤ ਕੀਤੀ ਜਾ ਸਕਦੀ ਹੈ, ਅਨੰਦ ਖੁਸ਼ੀ, ਗਿਆਨ, ਜਾਗ੍ਰਿਤੀ ਸਭ ਏਸੇ ਅਵਸਥਾ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਬਿਨਾਂ ਤਾਂ ਖੁਸ਼ੀ ਅਨੰਦ ਕੇਵਲ ਇਕ ਸ਼ਬਦ ਹੈ ਜਿਸਨੂੰ ਤੁਸੀਂ ਬੋਲਦੇ ਹੋ ਲਿਖਦੇ ਹੋ। ਤੁਸੀਂ ਖੁਸ਼ੀ, ਅਨੰਦ ਮਾਣ ਹੀ ਨਹੀਂ ਸਕਦੇ। ਜਦੋਂ ਤਕ ਤੁਸੀਂ ਸਾਰੀਆਂ ਪ੍ਰੇਸ਼ਾਨੀਆਂ ਤੋਂ ਤਾਂਘ ਤੋਂ ਛੁਟਕਾਰਾ ਨਾ ਪਾ ਲਵੋਂ।

ਇਸ ਅਵਸਥਾ ਤਕ ਪਹੁੰਚਣ ਲਈ ਤੁਹਾਡੇ ਜੀਵਨ ਦੀ ਇਕ ਪ੍ਰੈਕਟੀਕਲ ਫਿਲੌਸਫੀ ਹੋਣੀ ਅਵੱਸ਼ਕ ਹੈ। ਜਦੋਂ ਹੀ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੇ ਜੀਵਨ ਵਿਚ ਫਿਲੌਸਫੀ ਦੀ, ਮੰਤਵ ਦੀ ਘਾਟ ਹੈ, ਉਸੇ ਸਮੇਂ ਇਸ ਦਾ ਵਿਸਤਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਬੁੱਧ ਨੇ ਜੀਵਨ ਦੀ ਇਕ ਬਹੁਤ ਪ੍ਰੈਕਟੀਕਲ ਅਪਰੋਚ ਦਾ ਵਿਧੀ ਵਿਕਾਸ ਕੀਤਾ। ਉਨ੍ਹਾਂ ਨੇ ਕਿਹਾ ਕਿ ਚਾਰ ਬੜੇ ਹੀ ਸ੍ਰੇਸ਼ਟ ਸਤਿ ਦੱਸੇ ਹਨ, ਜੇ ਤੁਸੀਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣ ਲਓ, ਸਮਝ ਲਓ, ਤੁਸੀਂ ਮਨੁੱਖੀ ਜੀਵਨ ਦੀ ਸਾਰੀ ਫਿਲੌਸਫੀ ਬੜੀ ਚੰਗੀ ਤਰ੍ਹਾਂ ਸਮਝ ਜਾਓਗੇ। ਬੁੱਧ ਕਹਿੰਦੇ ਹਨ ਤੁਹਾਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਜੀਵਨ ਵਿਚ ਦੁਖ ਸੰਤਾਪ ਹਨ, ਇਸ ਤੋਂ ਬਚਣ ਦੀ ਕੋਸ਼ਿਸ਼ ਨਾ ਕਰੋ, ਇਸ ਤੋਂ ਅਣਦੇਖਿਆ ਨਾ ਕਰੋ, ਇਸ ਨੂੰ ਸਮਝੋ, ਇਸ ਦਾ ਵਿਸ਼ਲੇਸ਼ਨ ਕਰੋ। ਦੂਸਰਾ ਉਹ ਕਹਿੰਦੇ ਹਨ ਇਸ ਦੁਖ ਸੰਤਾਪ ਦਾ ਕਾਰਣ ਹੈ। ਤੀਸਰਾ ਇਸ ਕਾਰਣ ਨੂੰ ਹਟਾਇਆ ਜਾ ਸਕਦਾ ਹੈ, ਲੋਪ ਕੀਤਾ ਜਾ ਸਕਦਾ ਹੈ। ਚੌਥਾ ਉਹ ਦਸਦੇ ਹਨ ਕਿ ਉਹ ਅਵਸਥਾ ਵੀ ਹੈ ਜਿਹੜੀ ਸਾਰੇ ਦੁਖਾਂ ਸੰਤਾਪਾਂ ਤੋਂ ਰਹਿਤ ਹੈ ਮੁਕਤ ਹੈ। ਪਰ ਜਦੋਂ ਤਕ ਮਨੁੱਖੀ ਮਨ ਦੁਖਾਂ ਸੰਤਾਪਾਂ ਵਿਚ ਫਸਿਆ ਰਹੇਗਾ ਉਦੋਂ ਤਕ ਸਤਿ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਬੁੱਧ ਦਸਦੇ ਹਨ ਜੇ ਤੁਸੀਂ ਜੀਵਨ ਦੇ ਦੁਖਾਂ ਸੰਤਾਪਾਂ ਦਾ ਸਾਮ੍ਹਣਾ ਕਰ ਲਓ ਉਨ੍ਹਾਂ ਦੇ ਸਾਥੀ ਬਣ ਜਾਓ ਵੇਖਣ ਵਾਲੇ ਬਣ ਜਾਓ, ਇਨ੍ਹਾਂ ਦੇ ਸ਼ਿਕਾਰ ਨਾ ਬਣੋ ਇਨ੍ਹਾਂ ਦੇ ਇਨ੍ਹਾਂ ਵਿਚ ਗ੍ਰਸਤ ਨਾ ਹੋਵੇ, ਜੇ ਤੁਸੀਂ ਇਸ ਤਰ੍ਹਾਂ ਕਰ ਲੈਂਦੇ ਹੋ ਤਦ ਹੀ ਤੁਸੀਂ ਜੀਵਨ ਦੀ ਮੌਜ ਮਾਣ ਸਕਦੇ ਹੋ।

ਜੀਵਨ ਤੋਂ ਉਪਰ ਕੋਈ ਚੀਜ਼ ਨਹੀਂ। ਸੰਸਾਰ ਦੀ ਸਭ ਤੋਂ ਵੱਡੀ ਉਚੀ ਮੌਜ ਜੀਵਨ ਹੀ ਹੈ, ਸੰਸਾਰ ਦੇ ਪਦਾਰਥ ਨਹੀਂ ਹਨ। ਅਸੀਂ ਸੰਸਾਰ ਦੀ ਬਹੁਤ ਚਿੰਤਾ ਕਰਦੇ ਹਾਂ, ਦੂਸਰਿਆਂ ਦੀ ਬਹੁਤ ਚਿੰਤਾ ਕਰਦੇ ਹਾਂ ਪਰ ਇਸ ਗੱਲ ਲਈ ਬਿਲਕੁਲ ਅਣਜਾਣ ਹਾਂ ਕਿ ਸਾਡੇ ਅੰਦਰ ਕੀ ਹੋ ਰਿਹਾ ਹੈ। ਤੁਹਾਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਸੰਤਾਪ ਹੈ ਦੁਖ ਹੈ, ਦਰਦ ਹੈ, ਤੁਸੀਂ ਇਸ ਦੁਖ ਸੰਤਾਪ ਤੋਂ ਡਰਦੇ ਹੋ। ਤੁਸੀਂ ਉਹ ਕੁਝ ਵੀ ਮੰਨਣ ਨੂੰ ਤਿਆਰ ਨਹੀਂ ਜਿਹੜਾ ਤੁਹਾਡੇ ਵਿਰੁੱਧ ਹੈ, ਜਿਹੜਾ ਤੁਹਾਨੂੰ ਪਰੇਸ਼ਾਨ ਕਰਦਾ ਹੈ ਤੁਸੀਂ ਫੇਰ ਕੋਈ ਬਚਾਓ ਵਿਧੀ ਵਰਤਦੇ ਹੋ। ਪਰ ਜੀਵਨ ਦੇ ਸਾਖੀ ਬਣਨ ਨਾਲ ਇਕ ਦੇਖਣ ਵਾਲੇ ਬਣਨ ਨਾਲ, ਦੁਖ ਸੰਤਾਪ ਨੂੰ ਮੰਨ ਲੈਣਾ ਸੌਖਾ ਹੋ ਜਾਂਦਾ ਹੈ, ਸੰਭਵ ਹੋ ਜਾਂਦਾ ਹੈ। ਸਮੱਸਿਆ ਉਦੋਂ ਆਉਂਦੀ ਹੈ ਜਦੋਂ ਤੁਸੀਂ ਦੁਖ, ਦਰਦ, ਸੰਤਾਪ ਜਾਂ ਹੋਰ ਕੋਈ ਵੀ ਅਸ਼ਾਂਤੀ ਨੂੰ ਮੰਨਣ ਨੂੰ ਹੀ ਤਿਆਰ ਨਹੀਂ ਹੁੰਦੇ। ਤੁਹਾਨੂੰ

ਚਾਹੀਦਾ ਹੈ ਕਿ ਤੁਸੀਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਗੱਲਾਂ ਨੂੰ ਮੰਨ ਲਓ, ਮੰਨ ਕੇ ਉਨ੍ਹਾਂ ਦਾ ਸਮਾਧਾਨ ਕਰੋ।

ਸਾਰੇ ਪੁਰਾਣੇ ਗ੍ਰੰਥ, ਸੰਸਾਰ ਦੀਆਂ ਸਾਰੀਆਂ ਮਹਾਨ ਹਸਤੀਆਂ ਹਨ ਕਿ ਮਨ ਦੀ ਇਹ ਸਥਿਤੀ ਕਿਵੇਂ ਪ੍ਰਾਪਤ ਕੀਤੀ ਜਾਵੇ, ਮਨ ਬਿਲਕੁਲ ਸਾਵਾ ਵੀ ਰਹੇ, ਸ਼ਾਂਤ ਵੀ ਰਹੇ। ਇਹ ਸਥਿਤੀ ਕਿਉਂ ਨਾ ਪ੍ਰਾਪਤ ਕੀਤੀ ਜਾਵੇ? ਜੇ ਕਿਸੇ ਨੇ ਪਹਿਲੇ ਕੁਝ ਕੀਤਾ ਹੈ, ਉਹ ਹੁਣ ਵੀ ਕਰ ਸਕਦਾ ਹੈ, ਜੇ ਇਕ ਕੋਈ ਕਰ ਸਕਦਾ ਹੈ ਤਾਂ ਸਾਰੇ ਕਰ ਸਕਦੇ ਹਨ ਪਰ ਇਸ ਵਾਸਤੇ ਤੁਹਾਨੂੰ ਸਾਰਾ ਗਿਆਨ ਕਰਮਬੱਧ ਕਰਨਾ ਪਵੇਗਾ। ਪਹਿਲਾਂ ਇਹ ਸਾਰੀਆਂ ਵਿਧੀਆਂ ਨੂੰ ਸਮਝੋ ਫੇਰ ਉਨ੍ਹਾਂ ਵਿਚੋਂ ਜਿਹੜੀ ਤੁਹਾਨੂੰ ਠੀਕ, ਤੁਹਾਨੂੰ ਇਹ ਲੱਗੇ ਕਿ ਇਸਨੂੰ ਕਰਨ ਨਾਲ ਤੁਸੀਂ ਸਮੁੱਚੀ (holistic) ਅਰੋਗਤਾ ਪ੍ਰਾਪਤ ਕਰ ਸਕਦੇ ਹੋ।

ਅਫਸੋਸ ਇਸ ਗੱਲ ਦਾ ਹੈ ਕਿ ਅੱਜ ਦੀ ਅਰੋਗਤਾ ਸ਼ੈਲੀ, ਚਿਕਿਤਸਾ ਸ਼ਾਸਤਰ, ਜਿਵੇਂ ਕਿ ਮਾਨਸਿਕ ਚਿਕਿਤਸਾ ਇਹ ਸਭ ਜੀਵਨ ਦੇ ਮਹੱਤਵਪੂਰਣ ਸਮੁੱਚਤਾਵਾਦ ਦੇ ਪਹਿਲੂ ਦੇਖਦੇ ਹੀ ਨਹੀਂ। ਸਮੁੱਚੀ ਪਹੁੰਚ, ਅਪਰੋਚ, ਸਿਖਿਆ ਦੀ ਹੋਣੀ ਚਾਹੀਦੀ ਹੈ, ਜਿਹੜੀ ਤੁਹਾਨੂੰ ਸਰੀਰਕ ਤੇ ਮਾਨਸਿਕ ਅਰੋਗਤਾ ਦੇ ਸੁਧਾਰ ਬਾਰੇ ਦੱਸੇ। ਸਮੁੱਚੀ ਚਿਕਿਤਸਾ ਵਿਅਕਤੀਗਤ ਹੋਣੀ ਚਾਹੀਦੀ ਹੈ, ਇਸ ਚਿਕਿਤਸਾ ਦਾ ਮੰਤਵ ਤੁਹਾਨੂੰ ਆਪਣੇ ਬਾਰੇ ਸਾਰਾ ਕੁਝ ਜਾਣੂ ਕਰਾ ਕੇ, ਤੁਹਾਨੂੰ ਪੂਰਾ ਤਰ੍ਹਾਂ ਨਾਲ ਤਿਆਰ ਕਰਕੇ ਪੂਰਾ ਪ੍ਰੋਗਰਾਮ ਦੱਸ ਦੇਣਾ ਚਾਹੀਦਾ ਹੈ। ਇਹ ਪ੍ਰੋਗਰਾਮ ਇਸ ਪ੍ਰਕਾਰ ਦਾ ਹੋਣਾ ਚਾਹੀਦਾ ਹੈ ਜਿਸ ਅਨੁਸਾਰ ਤੁਸੀਂ ਵਿਸਤ੍ਰਿਤ ਹੋ ਸਕੋ, ਆਪਣੀ ਸੁਚੇਤਨਤਾ ਨੂੰ ਵਧਾ ਸਕੋ, ਨਾਲ ਹੀ ਇਹ ਸਭ ਕੁਝ ਐਨੀ ਸ਼ਕਤੀ ਦੇ ਸਕੇ ਜਿਹੜੀ ਤੁਹਾਨੂੰ ਅੰਦਰੋਂ ਐਨਾ ਪੱਕਾ ਕਰ ਦੇਵੇ ਤਾਂ ਜੋ ਤੁਸੀਂ ਬਾਰ-ਬਾਰ ਆਪਣੀਆਂ ਪੁਰਾਣੀਆਂ ਆਦਤਾਂ ਵਲ ਨਾ ਚਲੇ ਜਾਓ, ਜੋ ਤੁਹਾਨੂੰ ਪੁਰਾਣੀਆਂ ਆਦਤਾਂ ਵਲ ਜਾਣ ਲਈ ਰੋਕ ਸਕੇ।

ਇਹ ਸਾਰੀ ਨਿਪੁੰਨਤਾ ਆਪ ਹੀ ਸਿਖਣੀਆਂ ਚਾਹੀਦੀਆਂ ਹਨ, ਫੇਰ ਆਪ ਹੀ ਇਨ੍ਹਾਂ ਦਾ ਅਭਿਆਸ ਕਰਨਾ ਚਾਹੀਦਾ ਹੈ, ਤੁਹਾਨੂੰ ਕਿਸੇ ਚਿਕਿਤਸਕ ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਨਾ ਕਿਸੇ ਦੀ ਪ੍ਰੇਰਨਾ ਤੇ ਨਿਰਭਰ ਹੋਣਾ ਚਾਹੀਦਾ ਹੈ, ਇਹ ਸਭ ਕੁਝ ਤੁਹਾਡੇ ਆਪਣੇ ਅੰਦਰੋਂ ਹੀ ਉਠਣਾ ਚਾਹੀਦਾ ਹੈ। ਜਿਵੇਂ-ਜਿਵੇਂ ਤੁਸੀਂ ਆਪਾ ਚੀਨਣ ਵਿਚ ਨਿਪੁੰਨ ਹੋ ਜਾਓਗੇ, ਆਪਣਾ ਵਿਸ਼ਲੇਸ਼ਣ ਕਰ ਸਕੋਗੇ, ਸਵੈ ਅਨੁਸਾਸ਼ਨ ਲਾਗੂ ਕਰ ਸਕੋਗੇ, ਤੁਸੀਂ ਦੇਖੋਗੇ ਤੁਸੀਂ ਵਧੇਰੇ ਸੁਤੰਤਰ ਹੁੰਦੇ ਜਾਓਗੇ, ਰੋਜ਼ ਦੀਆਂ ਸਮੱਸਿਆਵਾਂ ਦਾ ਸਮਾਧਾਨ ਵਧੇਰੇ ਚੰਗੀ ਤਰ੍ਹਾਂ ਕਰ ਸਕੋਗੇ। ਸਭ ਤੋਂ ਮਹੱਤਵਪੂਰਣ ਗੱਲ ਹੈ ਕਿ ਤੁਸੀਂ ਆਪਣਾ ਅੰਦਰ ਦਾ ਵਿਅਕਤੀਤ੍ਵ ਬਦਲ ਸਕੋਗੇ ਉਸਨੂੰ ਇਕ ਨਵਾਂ ਰੂਪ ਦੇ ਸਕੋਗੇ, ਇਸ ਤਰ੍ਹਾਂ ਕਰਨ ਨਾਲ ਤੁਸੀਂ ਦੁਖਾਂ ਸੰਤਾਪਾਂ ਤੋਂ ਮੁਕਤੀ ਪ੍ਰਾਪਤ ਕਰ ਸਕੋਗੇ।

ਪ੍ਰਸ਼ਨ ਉਠਦਾ ਹੈ ਇਹ ਸਭ ਕਿਵੇਂ ਕੀਤਾ ਜਾਵੇ? ਅਰੋਗਤਾ ਦੀ ਇਹ ਅਵਸਥਾ ਕਿਵੇਂ ਪ੍ਰਾਪਤ ਕੀਤੀ ਜਾਵੇ। ਇਸ ਦੀ ਸਭ ਤੋਂ ਪਹਿਲੀ ਪੌੜੀ ਹੈ ਕਿ ਇਹ ਸਮਝੋ ਤੇ ਮੰਨੋ ਕਿਹੜੀ ਚੀਜ਼ ਤੁਹਾਨੂੰ ਦੁਖੀ ਕਰਦੀ ਹੈ, ਅਸ਼ਾਂਤ ਕਰਦੀ ਹੈ, ਇਸਨੂੰ ਸਮਝਣ ਤੋਂ ਬਾਅਦ ਮੰਨਣ ਤੋਂ ਬਾਅਦ ਹੀ ਤੁਸੀਂ ਸਕਾਰਾਤਮਕ ਪ੍ਰਵਿਰਤੀ ਆਪਣੇ ਅੰਦਰ ਲਿਆ ਸਕਦੇ ਹੋ। ਵਿਅਕਤੀਤਵ ਦੇ ਉਹ ਪੱਖ ਜਿਹੜੇ ਦੁਖੀ ਕਰਦੇ ਹਨ ਜਿਹੜੇ ਅਸ਼ਾਂਤ ਕਰਦੇ ਹਨ ਉਨ੍ਹਾਂ ਨੂੰ ਜਾਣ ਕੇ, ਉਨ੍ਹਾਂ ਨੂੰ ਮੰਨ ਕੇ ਹੀ ਤੁਸੀਂ ਦੁਖ ਸੰਤਾਪ ਦਾ ਕਾਰਣ ਹਟਾ ਸਕਦੇ ਹੋ। ਇਨ੍ਹਾਂ ਕਾਰਣਾਂ ਨੂੰ ਜਾਨਣ ਤੋਂ ਬਾਅਦ ਹੀ ਸਮਝਣ ਤੋਂ ਬਾਅਦ ਹੀ ਤੁਸੀਂ ਚੇਤਨ ਹੋ ਕੇ ਆਪਣੇ ਅੰਦਰ ਸਕਾਰਾਤਮਕ ਬਦਲਾਵ ਲਿਆ ਸਕਦੇ ਹੋ, ਆਪਣੀਆਂ ਆਦਤਾਂ ਨੂੰ ਮੁੜ ਕੇ ਬਣਾ ਸਕਦੇ ਹੋ, ਬੁਰੀਆਂ ਆਦਤਾਂ ਛੱਡ ਕੇ ਚੰਗੀਆਂ ਬਣਾ ਸਕਦੇ ਹੋ।

ਦੁਖਾਂ ਸੰਤਾਪਾਂ ਤੋਂ ਛੁਟਕਾਰਾ ਪਾਉਣ ਲਈ ਦੂਸਰੀ ਪੌੜੀ ਹੈ ਮਨ ਸ਼ਾਂਤ ਹੋਣਾ, ਉਸ ਲਈ ਸਭ ਤੋਂ ਵੱਡੀ ਗੱਲ ਹੈ ਕਿ ਕਦੀ ਵੀ ਪੱਕੇ, ਦ੍ਰਿੜ੍ਹ ਸਿਧਾਂਤ, ਨਿਯਮ ਨਾ ਬਣਾਓ, ਆਪਣੇ ਉਤੇ ਨਾ ਥੋਪੋ, ਆਪਣੀ ਸਿਹਤ ਦੇਖੋ ਜਾਂਚੋ, ਮਾਨਸਿਕ ਸਮਰਥਾ ਦੇਖੋ, ਸਮਝੋ, ਉਸ ਅਨੁਸਾਰ ਹੀ ਨਿਯਮ ਬਣਾਓ। ਮਿਸਾਲ ਵਜੋਂ, ਤੁਸੀਂ ਇਹ ਨਿਯਮ ਬਣਾਉਂਦੇ ਹੋ ਕਿ ਤੁਸੀਂ ਰਾਤ ਨੂੰ ਰੋਟੀ ਨਹੀਂ ਖਾਓਗੇ ਪਰ ਉਸੇ ਰਾਤ ਨੂੰ ਤੁਹਾਨੂੰ ਬਹੁਤ ਭੁੱਖ ਲਗਦੀ ਹੈ, ਖੋਹ ਪੈਣ ਲਗ ਪੈਂਦੀ ਹੈ ਪਰ ਤੁਸੀਂ ਨਿਯਮ ਬਣਾ ਲਿਆ ਪਰ ਤੁਹਾਡੀ ਭੁੱਖ ਨਾਲ ਬੁਰੀ ਹਾਲਤ ਹੋ ਰਹੀ ਹੈ, ਤੁਸੀਂ ਆਪਣਾ ਪ੍ਰਣ ਤੋੜ ਦਿੰਦੇ ਹੋ, ਤੁਸੀਂ ਜਾਂਦੇ ਹੋ ਫਰਿਜ਼ ਖੋਲ੍ਹਦੇ ਹੋ ਖਾਣਾ ਸ਼ੁਰੂ ਕਰ ਦਿੰਦੇ ਹੋ। ਉਸ ਦੇ ਫੇਰ ਤੁਸੀਂ ਪਛਤਾਉਂਦੇ ਹੋ ਕਿ ਤੁਸੀਂ ਕਿੰਨੇ ਕਮਜ਼ੋਰ ਹੋ, ਤੁਸੀਂ ਆਪਣੇ ਫੈਸਲੇ ਤੇ ਦ੍ਰਿੜ੍ਹ ਹੀ ਨਹੀਂ ਰਹਿ ਸਕਦੇ, ਇਸ ਤਰ੍ਹਾਂ ਕਰਨ ਨਾਲ ਤੁਹਾਡੀ ਇੱਛਾ ਸ਼ਕਤੀ ਹੋਰ ਘਟ ਜਾਂਦੀ ਹੈ, ਤੁਹਾਡੀ ਭੁੱਖ ਹੋਰ ਵਧ ਜਾਂਦੀ ਹੈ, ਤੁਸੀਂ ਵਧੇਰੇ ਖਾਣ ਲਗ

ਪੈਂਦੇ ਹੋ। ਦੂਸਰੇ ਦਿਨ ਜਦੋਂ ਤੁਸੀਂ ਸਵੇਰੇ ਉਠਦੇ ਹੋ ਤੁਸੀਂ ਠੀਕ ਮਹਿਸੂਸ ਨਹੀਂ ਕਰਦੇ, ਤੁਸੀਂ ਆਪਣੇ ਆਪ ਨੂੰ ਉਚਾਟ ਮਹਿਸੂਸ ਕਰਦੇ ਹੋ। ਤੁਸੀਂ ਸੋਚਦੇ ਹੋ ਤੁਸੀਂ ਆਪਣੇ ਆਪ ਵਿਚ ਕਦੀ ਵੀ ਪੱਕੇ ਹੋ ਸਕਦੇ ਹੋ, ਕਦੇ ਵੀ ਲਾਲਚ ਤੇ ਲੋਭ ਤੇ ਕਾਬੂ ਨਹੀਂ ਪਾ ਸਕਦੇ, ਇਹ ਸਭ ਸੋਚ ਕੇ ਤੁਸੀਂ ਯਤਨ ਕਰਨਾ ਹੀ ਛੱਡ ਦਿੰਦੇ ਹੋ।

ਆਪਣੇ ਆਪ ਨੂੰ ਦੋਸ਼ੀ ਮੰਨਣ ਨਾਲੋਂ, ਆਪਣੇ ਆਪ ਨੂੰ ਹਾਰਿਆ ਮਹਿਸੂਸ ਕਰਨ ਨਾਲੋਂ, ਤੁਹਾਨੂੰ ਇਹ ਸਿੱਖ ਲੈਣਾ ਚਾਹੀਦਾ ਹੈ ਜਾਣ ਲੈਣਾ ਚਾਹੀਦਾ ਹੈ ਕਿ ਕਦੇ ਵੀ ਵਾਸਤਵਿਕਤਾ ਰਹਿਤ ਪਹੁੰਚ ਤੋਂ ਬਾਹਰ ਹੈ ਨਾ ਹੀ ਦੂਸਰਿਆਂ ਤੋਂ ਕੋਈ ਆਸ ਰੱਖੋ। ਜੇ ਤੁਸੀਂ ਆਪਣੇ ਪ੍ਰੋਗਰਾਮ ਬਣਾਓਗੇ ਭਾਵ ਉਹ ਬਣਾਓਗੇ ਜਿਹੜਾ ਤੁਸੀਂ ਪੁਗਾ ਸਕਦੇ ਹੋ, ਪੂਰਾ ਕਰ ਸਕਦੇ ਹੋ, ਤੁਸੀਂ ਆਪਣੇ ਆਪ ਅੰਦਰ ਉਤਸਾਹਿਤ ਮਹਿਸੂਸ ਕਰੋਗੇ। ਜੇ ਤੁਸੀਂ ਸਿੱਧੇ ਥੋੜ੍ਹੇ ਸਰਲ ਗੋਲ ਆਪਣੇ ਲਈ ਰੱਖੋਗੇ, ਯਥਾਰਥੀ ਗੋਲ ਰੱਖੋਗੇ, ਤੁਸੀਂ ਸਫਲ ਹੋਵੋਗੇ ਹੀ। ਤੁਹਾਡੀ ਇੱਛਾ ਸ਼ਕਤੀ ਖ੍ਹੈ ਨਹੀਂ ਹੋਵੇਗੀ ਤੁਸੀਂ ਆਪਣੀ ਤਰੱਕੀ ਰੋਜ਼ ਦੀ ਰੋਜ਼ ਦੇਖ ਸਕਦੇ ਹੋ। ਇੱਛਾ ਸ਼ਕਤੀ ਦਾ ਖ੍ਹੈ ਹੋਣਾ ਬਹੁਤ ਹੀ ਮੰਦਭਾਗੀ ਦੀ ਗੱਲ ਹੈ। ਜਿੰਨਾ-ਜਿੰਨਾ ਮਨ ਛਿਨ-ਛਿਨ ਹੁੰਦਾ ਜਾਏਗਾ, ਓਨਾ ਹੀ ਵੱਧ ਇੱਛਾ ਸ਼ਕਤੀ ਕਮਜ਼ੋਰ ਪੈਂਦੀ ਜਾਏਗੀ। ਇਕਾਗਰ ਮਨ ਗਤੀਸ਼ੀਲ ਇੱਛਾ ਨੂੰ ਜਨਮ ਦਿੰਦਾ ਹੈ। ਆਪਣੀ ਸਮਰਥਾ ਨੂੰ ਸਮਝੇ ਬਿਨਾਂ ਤੁਸੀਂ ਦੂਸਰਿਆਂ ਤੋਂ ਬਹੁਤੀ ਆਸ ਰੱਖਣ ਲਗ ਪੈਂਦੇ ਹੋ। ਆਪਣੇ ਆਪ ਕੋਲੋਂ ਵੀ ਬਹੁਤ ਆਸ ਰਖਦੇ ਹੋ। ਤੁਹਾਨੂੰ ਆਪਣਾ ਨਰੀਖਣ ਕਰਨਾ ਚਾਹੀਦਾ ਹੈ, ਆਪਣੇ ਅੰਦਰ ਨਰੀਖਣ ਕਰਨ ਦੀ ਯੋਗਤਾ ਪੈਦਾ ਕਰਨੀ ਚਾਹੀਦੀ ਹੈ, ਇਸ ਤਰ੍ਹਾਂ ਕਰਨ ਨਾਲ ਹੀ ਤੁਸੀਂ ਆਪਣੀ ਯੋਗਤਾ ਤੋਂ ਜਾਣੂ ਹੋ ਸਕਦੇ ਹੋ।

ਅਗਲੀ ਗੱਲ ਇਹ ਹੈ ਕਿ ਤੁਹਾਡੇ ਆਪਣੇ ਸੁਤੰਤਰ ਵਿਚਾਰ ਹੋਣੇ ਚਾਹੀਦੇ ਹਨ, ਜਿਹੜੇ ਕਿਸੇ ਮਜ਼ਹਬ, ਕਿਸੇ ਸੰਸਕ੍ਰਿਤੀ ਨਾਲ ਸਬੰਧਤ ਨਾ ਹੋਣ, ਇਨ੍ਹਾਂ ਵਿਚਾਰਾਂ ਦੇ ਆਧਾਰ ਤੇ ਤੁਹਾਡੀ ਜੀਵਨ ਫਿਲੌਸਫੀ ਹੋਣੀ ਚਾਹੀਦੀ ਹੈ ਜੋ ਸਾਦੀ ਤੇ ਸਿੱਧੀ ਹੋਵੇ। ਤੁਹਾਨੂੰ ਕੋਮਲ ਹੋਣਾ ਚਾਹੀਦਾ ਹੈ ਨਿਮਰਤਾ ਰੱਖਣੀ ਚਾਹੀਦੀ ਹੈ। ਤੁਹਾਨੂੰ ਅਨੁਕੂਲ ਹੋਣਾ ਚਾਹੀਦਾ ਹੈ, ਸਮੇਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਣਾ ਚਾਹੀਦਾ ਹੈ। ਤੁਹਾਨੂੰ ਕੱਟੜ, ਕਰੜੇ ਨਹੀਂ ਹੋਣਾ ਚਾਹੀਦਾ, ਕੱਟੜ ਹੋਣ ਨਾਲ ਕਰੜੇ ਹੋਣ ਨਾਲ ਤੁਹਾਡੀ ਯਾਦਾਦਾਸ਼ਤ ਦਾ ਸੁਭਾਵਿਕ ਬਹਾਅ ਖਤਮ ਹੋ ਜਾਂਦਾ ਹੈ, ਜੋ ਵਾਸਤਵ ਵਿਚ ਤੁਸੀਂ ਜਾਣਦੇ ਹੋ ਉਹ ਅੱਗੇ ਨਹੀਂ ਆਉਂਦਾ। ਵਾਸਤਵ ਵਿਚ ਦੁਬਾਰਾ ਉਹ ਜਾਨਣਾ ਜੋ ਤੁਸੀਂ ਜਾਣਦੇ ਹੋ, ਔਖਾ ਨਹੀਂ ਹੁੰਦਾ। ਜੋ ਵੀ ਤੁਸੀਂ ਜਾਨਣਾ ਚਾਹੋ ਜਾਣ ਸਕਦੇ ਹੋ। ਜੇ ਤੁਸੀਂ ਵਿਰੋਧ ਨਾ ਕਰੋ ਤੁਸੀਂ ਸਿੱਖ ਸਕਦੇ ਹੋ, ਜਾਣ ਸਕਦੇ ਹੋ। ਇਹ ਤਾਂ ਰੁਕਾਵਟਾਂ ਹਨ, ਵਿਰੋਧ ਹੈ ਜੋ ਤੁਹਾਨੂੰ ਪ੍ਰਾਪਤੀ ਤੋਂ ਦੂਰ ਰਖਦਾ ਹੈ, ਵਾਸਤਵ ਵਿਚ ਤੁਸੀਂ ਜਾਣਦੇ ਹੋ।

ਦੇਖਿਆ ਜਾਏ ਤਾਂ ਮਾਨਵ ਨੂੰ ਗਿਆਨ ਪ੍ਰਕਾਸ਼ ਨਹੀਂ ਚਾਹੀਦਾ, ਗਿਆਨਬੋਧ ਨਹੀਂ ਚਾਹੀਦਾ। ਹਰ ਕੋਈ ਇਹ ਕਹਿੰਦਾ ਹੈ ਉਸ ਨੂੰ ਗਿਆਨ ਚਾਹੀਦਾ ਹੈ, ਪਰ ਸਿਆਣੇ ਕਹਿੰਦੇ ਹਨ, ਨਹੀਂ ਤੁਸੀਂ ਕਹਿੰਦੇ ਹੋ, ਤੁਹਾਨੂੰ ਗਿਆਨ ਚਾਹੀਦਾ ਹੈ ਪਰ ਤੁਹਾਡੇ ਵਿਚਾਰ, ਤੁਹਾਡੇ ਕਰਮ ਇਹ ਸਭ ਤਾਂ ਸਭ ਤੋਂ ਵੱਡੇ ਬਾਧਕ ਹਨ। ਮੋਹ ਤਿਆਗ ਦਿਓ, ਤੁਹਾਨੂੰ ਹੁਣ ਹੀ ਗਿਆਨ ਪ੍ਰਾਪਤੀ ਹੋ ਜਾਵੇਗੀ। ਤੁਹਾਡੇ ਤੇ ਸਤਿ ਦੇ ਵਿਚ ਇਕ ਕੰਧ ਖੜ੍ਹੀ ਹੈ ਜਦੋਂ ਤੁਸੀਂ ਉਸ ਦੀਵਾਰ ਨੂੰ ਪਰਖਣ ਲਗਦੇ ਹੋ ਤੁਸੀਂ ਦੇਖਦੇ ਹੋ ਕਿ ਉਸਦੀ ਨੀਂਹ ਦਾ ਇਕ ਪੱਥਰ ਭੈ ਤੇ ਡਰ ਹੈ ਜਿਹੜਾ ਬੜਾ ਹੀ ਗਹਿਰਾ ਹੈ ਡੂੰਘਾ ਹੈ। ਤੁਹਾਨੂੰ ਉਸ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ, ਪਰ ਉਸ ਤੋਂ ਛੁਟਕਾਰਾ ਪਾਉਣ ਲਈ ਤੁਹਾਨੂੰ ਕੋਈ ਸਖਤ, ਕਰੜੇ ਨਿਯਮ ਨਹੀਂ ਬਨਾਉਣੇ ਚਾਹੀਦੇ।

ਅਣਗਿਣਤ ਨਿਯਮ ਮਨੁੱਖੀ ਜੀਵਨ ਨੂੰ ਚਲਾਉਂਦੇ ਹਨ, ਇਨ੍ਹਾਂ ਵਿਚੋਂ ਬਹੁਤ ਸਾਰਿਆਂ ਦਾ ਤਾਂ ਅਜੇ ਪਤਾ ਹੀ ਨਹੀਂ। ਮਿਸਾਲ ਵਜੋਂ ਕਿਸੇ ਵੀ ਭੌਤਿਕ ਵਿਗਿਆਨ ਵਾਲੇ ਨੂੰ ਪੁਛੋ, Electron, protons ਵਲ ਆਕਰਸ਼ਿਤ ਹੁੰਦੇ ਚਲੇ ਜਾਂਦੇ ਹਨ, ਪ੍ਰੋਟਾਨ ਸਦਾ ਕੇਂਦਰ ਵਲ ਕਿਉਂ ਜਾਂਦੇ ਹਨ। ਕੋਈ ਵੀ ਭੌਤਿਕ ਵਿਗਿਆਨੀ ਇਸ ਗੱਲ ਦਾ ਜਵਾਬ ਨਹੀਂ ਦੇ ਸਕਦਾ ਉਸਨੂੰ ਪਤਾ ਹੀ ਨਹੀਂ। ਪਰ ਜਦੋਂ ਤੁਸੀਂ ਖੋਜਣਾ ਸ਼ੁਰੂ ਕਰਦੇ ਹੋ, ਜਾਨਣਾ ਸ਼ੁਰੂ ਕਰਦੇ ਹੋ ਅੰਦਰ ਕੀ ਹੈ, ਤੁਸੀਂ ਦੇਖੋਗੇ, ਜਾਣੋਗੇ, ਅਨੁਭਵ ਕਰਨਾ ਸ਼ੁਰੂ ਕਰੋਗੇ ਤਾਂ ਜਾਣ ਜਾਓਗੇ ਕਿ ਪ੍ਰਾਕ੍ਰਿਤੀ ਦੇ ਕੁਝ ਨਿਯਮ ਹਨ, ਮੂਲ ਤੱਤ ਹਨ। ਜਦੋਂ ਤੁਸੀਂ ਆਪਣੇ ਅੰਦਰ ਜਾਓਗੇ ਡੂੰਘੇ ਚਲਦੇ ਜਾਓਗੇ, ਤੁਹਾਨੂੰ ਸੂਖਮ ਨਿਯਮਾਂ ਦੀ ਵੀ ਚੇਤਨਾ ਹੋ ਜਾਏਗੀ। ਫੇਰ ਤੁਹਾਡੇ ਲਈ ਕੁਝ ਵੀ ਅਸੰਭਵ ਨਹੀਂ ਰਹੇਗਾ। ਮਹਾਂਪੁਰਖਾਂ ਨੇ ਬ੍ਰਹਮਗਿਆਨੀਆਂ ਜਿਨ੍ਹਾਂ ਕੋਲ ਬੇਅੰਤ ਸ਼ਕਤੀਆਂ ਸੀ ਉਨ੍ਹਾਂ ਨੇ ਕੇਵਲ ਪ੍ਰਾਕ੍ਰਿਤੀ ਦੇ ਸੂਖਮ ਨਿਯਮਾਂ ਨੂੰ ਜਾਣਿਆ ਹੈ। ਉਨ੍ਹਾਂ ਦੀ ਯੋਗਤਾ, ਯੋਗਤਾਵਾਂ ਕੋਈ ਕਮਾਲ ਨਹੀਂ ਸੀ, ਵਾਸਤਵ ਵਿਚ ਮਨੁੱਖੀ ਜੀਵਨ

ਹੀ ਸਭ ਤੋਂ ਵੱਡਾ ਤੋਹਫਾ ਹੈ, ਬ੍ਰਹਮਗਿਆਨੀਆਂ ਨੇ ਗਿਆਨ ਅੰਦਰ ਪੈਦਾ ਕੀਤਾ, ਉਸ ਗਿਆਨ ਰਾਹੀਂ ਫੇਰ ਉਨ੍ਹਾਂ ਨੇ ਸੂਖਮ ਨਿਯਮ ਨੂੰ ਸਮਝ ਕੇ ਉਨ੍ਹਾਂ ਨੂੰ ਕੰਟਰੋਲ ਕੀਤਾ।

ਹਰ ਇਕ ਇਨਸਾਨ ਨੂੰ ਆਪਣੇ ਅਨੁਸਾਰ ਆਪਣੇ ਲਈ ਪਲੈਨ ਬਨਾਉਣਾ ਚਾਹੀਦਾ ਹੈ। ਬਹੁਤ ਸਾਰੇ ਲੋਕ ਕੋਈ ਪਲੈਨ ਨਹੀਂ ਬਣਾਉਂਦੇ, ਜਦੋਂ ਉਹ ਪਲੈਨ ਨਹੀਂ ਬਣਾਉਂਦੇ, ਉਹ ਕੁਝ ਪ੍ਰਾਪਤੀ ਵੀ ਨਹੀਂ ਕਰ ਸਕਦੇ, ਉਹ ਆਪਣੀ ਇੱਛਾ ਸ਼ਕਤੀ ਦਾ ਵੀ ਵਿਕਾਸ ਨਹੀਂ ਕਰ ਸਕਦੇ। ਤੁਹਾਨੂੰ ਆਪਣਾ ਜੀਵਨ ਪਲੈਨ ਬਣਾਉਣਾ ਚਾਹੀਦਾ ਹੈ, ਫੇਰ ਉਸਦੇ ਅਨੁਸਾਰ ਹੀ ਕੰਮ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਹੀ ਜੀਵਨ ਬਣਦਾ ਹੈ ਬਿਨਾਂ ਕਿਸੇ ਗੋਲ ਦੇ ਬਿਨਾਂ ਕਿਸੇ ਮੰਤਵ ਦੇ ਕੰਮ ਕਰਨਾ ਕੋਈ ਵਿਕਾਸ ਨਹੀਂ। ਪਰ ਜਦੋਂ ਤੁਸੀਂ ਕਿਸੇ ਮੰਤਵ ਲਈ ਕੰਮ ਕਰਦੇ ਹੋ, ਪ੍ਰੋਗਰਾਮ ਬਣਾ ਕੇ ਕੰਮ ਕਰਦੇ ਹੋ, ਅੱਗਾ ਦੇਖ ਕੇ ਕੰਮ ਕਰਦੇ ਹੋ, ਫੇਰ ਜੀਵਨ ਸੁਹਾਵਣਾ ਹੋ ਜਾਂਦਾ ਹੈ, ਇਕ ਸੋਹਣੀ ਕਵਿਤਾ ਬਣ ਜਾਂਦਾ ਹੈ।

ਦੁਖ ਨਿਵਾਰਣ ਕਰਨ ਲਈ ਤੁਹਾਡੇ ਕੋਲ ਬਹੁਤ ਸਾਰੀਆਂ ਯੋਗਤਾਵਾਂ ਹਨ, ਜਿਹੜੀਆਂ ਤੁਸੀਂ ਚੇਤਨ ਹੋ ਕੇ ਆਪਣੇ ਅੰਦਰ ਜਗਾ ਸਕਦੇ ਹੋ ਤੇ ਦੁਖਾਂ, ਸੰਤਾਪਾਂ ਬਿਮਾਰੀਆਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਦੇ ਹੋ। ਇਨ੍ਹਾਂ ਸਭ ਵਿਧੀਆਂ ਬਾਰੇ ਗ੍ਰੰਥਾਂ ਵਿਚ ਲਿਖਿਆ ਹੋਇਆ ਹੈ। ਸਮੁੱਚੀ ਦੇਹ ਅਰੋਗਤਾ ਦਾ ਵਿਚਾਰ ਪੁਸਤਕਾਂ ਵਿਚ ਹੀ ਨਹੀਂ ਦਬਿਆ ਪਿਆ ਰਹਿਣਾ ਚਾਹੀਦਾ। ਇਸ ਵਿਚਾਰ ਨੂੰ ਪ੍ਰੈਕਟੀਕਲ ਰੂਪ ਦੇ ਕੇ ਸਮਾਜ ਦੀ ਸਮੁੱਚੀ ਦੇਹ ਅਰੋਗਤਾ ਲਈ ਵਰਤਿਆ ਜਾਣਾ ਚਾਹੀਦਾ ਹੈ ਤਾਂ ਜੋ ਪੂਰਾ ਸਮਾਜ ਇਸ ਤੋਂ ਲਾਭ ਲੈ ਕੇ ਇਹ ਪੂਰਣ ਅਰੋਗ ਸਮਾਜ ਦਾ ਨਿਰਮਾਣ ਹੋ ਸਕੇ। ਇਹ ਸਭ ਕੁਝ ਬਿਲਕੁਲ ਸੰਭਵ ਹੈ, ਕੀਤਾ ਜਾ ਸਕਦਾ ਹੈ, ਲੋੜ ਹੈ ਇਨ੍ਹਾਂ ਨਿਯਮਾਂ ਕਰਮਬੱਧ ਤਰੀਕੇ ਨਾਲ ਲਾਗੂ ਕਰਨਾ। ਇਸ ਦੀ ਸ਼ੁਰੂਆਤ ਕਰਨ ਲਈ ਪਹਿਲਾਂ ਆਪਣੇ ਸਰੀਰ ਤੇ ਨਿਯਮ ਲਾਗੂ ਕਰਕੇ ਸਰੀਰ ਤੇ ਕੰਟਰੋਲ ਕੀਤਾ ਜਾਵੇ, ਸਰੀਰ ਨੂੰ ਸਮਝਿਆ ਜਾਵੇ, ਦੇਖਿਆ ਜਾਵੇ ਕਿ ਸਰੀਰ ਦੇ ਕੀ ਨਿਯਮ ਹਨ। ਇਹ ਸਮੁੱਚੀ ਦੇਹ ਅਰੋਗਤਾ ਦੀ ਪਹਿਲੀ ਪੌੜੀ ਹੈ।

(* * * * * *)

(ਪੰਨਾ 11 ਦਾ ਬਾਕੀ)

ਹੋਇਆ ਜਾਪ, ਗੁਰੂ ਵਾਲੇ ਦੀ ਘੜੀ ਦੇ ਜਾਪ ਤੋਂ ਘੱਟ ਫਲ ਰੱਖਦਾ ਹੈ। ਏਸ ਕਰਕੇ ਇਹ ਤਰੀਕਾ ਤਾਂ ਅਪਨਾਉਣਾ ਹੀ ਪੈਣਾ ਹੈ ਸਾਧਸੰਗਤ ਜੀ, ਫੇਰ ਕਮਾਈ ਆਪੋ ਆਪਣੀ ਹੈ, ਚਾਹੇ ਕੋਈ ਥੋੜ੍ਹਾ ਕਰ ਲਓ, ਚਾਹੇ ਬਹੁਤਾ ਕਰ ਲਓ। ਇਕ ਜਨਮ, ਦਸ ਜਨਮ, ਵੀਹ ਜਨਮ, ਸੌ ਜਨਮ ਪਤਾ ਨਹੀਂ ਵਾਹਿਗੁਰੂ ਦੀ ਮਿਹਰ ਹੈ, ਕਿੰਨੇ ਜਨਮ ਧਾਰਨ ਤੋਂ ਬਾਅਦ ਇਹਦੀ ਹਉਮੈ ਦੂਰ ਕਰਨ ਵਾਲਾ ਮਿਲ ਜਾਵੇ ਕੋਈ ਪੂਰਾ, ਫਿਰਦੇ ਫਿਰਦੇ ਨੂੰ ਕਿਤੇ ਸਾਧੂ ਦੀ ਸੰਗਤ ਮਿਲ ਜਾਵੇ।

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥*

*ਅੰਗ - ੨੭੮*

ਸੋ ਇਹ ਮੰਜ਼ਲ ਹੈ ਜੋ ਮੈਂ ਆਪ ਦੇ ਸਾਮ੍ਹਣੇ ਰੱਖੀ ਹੈ। ਏਸ ਕਰਕੇ ਇਹਦੀ ਵਿਸਥਾਰਪੂਰਵਕ ਵਿਚਾਰ ਚੱਲੀ ਹੈ ਤਾਂ ਸਾਡੀ ਸਮਝ 'ਚ ਆ ਜਾਵੇ ਕਿ ਅੰਮ੍ਰਿਤ ਕਾਸਨੂੰ ਕਹਿੰਦੇ ਨੇ, ਇਹਦਾ ਕੀ ਫਾਇਦਾ ਹੈ।

ਗੁਰੂ ਦਸ਼ਮੇਸ਼ ਪਿਤਾ ਨੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ। ਅਸੀਂ ਜਿੰਨੀ ਰੋਸ਼ਨੀ ਲੈਣੀ ਹੈ ਗੁਰੂ ਗ੍ਰੰਥ ਸਾਹਿਬ 'ਚੋਂ ਲੈਣੀ ਹੈ। ਅਸੀਂ ਲੋਕਾਂ ਦਾ ਕਿਹਾ, ਇਤਿਹਾਸਾਂ ਦਾ ਕਿਹਾ ਨਹੀਂ ਮੰਨਣਾ। ਗੁਰੂ ਦੀ ਬਾਣੀ ਨੂੰ ਨਾ ਛੱਡਿਓ ਸਾਧਸੰਗਤ ਜੀ! ਇਹਦੇ ਉਤੇ ਯਕੀਦਤ ਰੱਖੋ, ਇਹਦੀ ਰੌਸ਼ਨੀ ਵਿਚ ਚੱਲੋ ਫੇਰ ਸਾਨੂੰ ਅੰਮ੍ਰਿਤ ਅੰਦਰੋਂ ਪ੍ਰਾਪਤ ਹੋ ਜਾਏਗਾ। ਅਮਰ ਅਵਸਥਾ ਸਾਨੂੰ ਪ੍ਰਾਪਤ ਹੋ ਜਾਏਗੀ ਕਿਉਂਕਿ ਅੰਮ੍ਰਿਤ ਤਾਂ ਕਹਿੰਦੇ ਹੀ 'ਨਾਮ' ਨੂੰ ਨੇ। perfect ਗੁਰੂ ਤੋਂ ਇਹ ਅੰਮ੍ਰਿਤ ਦੀ ਦਾਤ ਮਿਲਦੀ ਹੈ। ਸੋ ਵਿਸਾਖੀ ਬਾਰੇ ਲੰਮੀ ਵਿਚਾਰ ਚੱਲੀ ਹੈ, ਏਸ ਨੂੰ ਵਿਚਾਰ ਕੇ ਆਪਣਾ ਜੀਵਨ ਸਫਲਾ ਕਰੋ।

* * * * *

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
## ((Creative Use of Emotions By Swami Ram))

*ਡਾ. ਸਵਾਮੀ ਰਾਮ ਜੀ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

**ਭੂਮਿਕਾ**

ਜਿਵੇਂ ਹੀ ਅਸੀਂ ਆਪਣੀ ਸਚੇਤਨਤਾ ਦਾ ਪ੍ਰਸਾਰ ਕਰਦੇ ਹਾਂ, ਅਸੀਂ ਦੇਖਦੇ ਹਾਂ ਕਿ ਅਸੀਂ ਹੌਲੀ-ਹੌਲੀ ਅੰਦਰ ਦੇ ਦਵੰਦ, ਵੇਦਨਾ, ਪੀੜਾ ਤੇ ਬਾਹਰ ਦੇ ਰਿਸ਼ਤਿਆਂ ਦਾ ਦਰਦ ਛੱਡ ਕੇ ਅਸੀਂ ਸਥਾਈ ਅਨੰਦ, ਇਕ ਸੁਰਤਾ ਵਲ ਜਾਂਦੇ ਹਾਂ। ਇਹ ਪੁਸਤਕ ਇਸ ਵਿਕਾਸ ਪ੍ਰਕ੍ਰਿਆ, ਰੂਪ ਪਰਿਵਰਤਨ ਦਾ ਹੀ ਵਰਨਣ ਹੈ।

ਪੁਸਤਕ ਦਾ ਪਹਿਲਾ ਅਧਿਆਇ ਸਾਨੂੰ ਇਸ ਗੱਲ ਦੀ ਪੂਰੀ-ਪੂਰੀ ਪ੍ਰੀਖਿਆ ਦਿੰਦਾ ਹੈ, ਨਿਰਣਾ ਕਰਕੇ ਦਸਦਾ ਹੈ ਕਿ ਚੇਤਨਾ ਕਿਵੇਂ ਵਿਗਾਸਦੀ ਹੈ, ਪਸਾਰਨ ਕਰਦੀ ਹੈ। ਇਹ ਪੁਸਤਕ ਤੁਹਾਨੂੰ ਦਸਦੀ ਹੈ ਕਿ ਕਿਵੇਂ ਹਰੇਕ ਵਿਅਕਤੀ ਤੇ ਸਾਰੀ ਮਾਨਵਤਾ ਇਕ ਛੋਟੇ ਇਕ ਅਹੰਕਾਰ ਹਉਮੈ ਦੇ ਘੇਰੇ ਵਿਚੋਂ ਨਿਕਲ ਕੇ ਵਧੇਰੇ ਵਿਸ਼ਾਲਤਾ ਵਲ ਵਧੇਰੇ ਖੁਲ੍ਹੇ ਦ੍ਰਿਸ਼ਟੀ ਕੌਣ ਅਪਨਾਉਣ ਜਾ ਰਹੀ ਹੈ। ਅੱਗੇ ਚੱਲ ਕੇ ਹਰ ਇਕ ਅਧਿਆਇ ਇਸੇ ਵਿਸ਼ੇ ਨੂੰ ਅੱਗੇ ਲੈ ਕੇ ਚਲਦਾ ਹੈ ਅਸੀਂ ਦੇਖਦੇ ਹਾਂ ਕਿਵੇਂ ਇਹ ਸਭ ਕੁਝ ਹਰ ਵਿਸ਼ੇਸ਼ ਪੱਧਰ ਤੇ ਸਾਡੇ ਕਾਰਜਾਂ ਵਿਚ ਸਹਾਇਕ ਹੁੰਦਾ ਹੈ। ਮੂਲ ਤੱਤ ਦੇ ਨਾਲ-ਨਾਲ ਯੋਗ ਤੇ ਵਿਦਾਂਤ ਦੀਆਂ ਧਾਰਨਾ ਦੀ ਤੁਲਨਾ ਵੀ ਕੀਤੀ ਗਈ ਹੈ, ਦੇਖਿਆ ਗਿਆ ਹੈ ਇਹ ਮਨੁੱਖ ਦੇ ਵਿਕਾਸ ਤੇ ਅਜੋਕੇ ਮਨੋਵਿਗਿਆਨ ਨਾਲ ਕਿਵੇਂ ਮੇਲ ਖਾਂਦੇ ਹਨ ਤੇ ਕਿਥੇ ਤੇ ਕਿਵੇਂ ਵੱਖ ਹਨ।

ਦੂਸਰੇ ਅਧਿਆਇ ਵਿਚ ਦੱਸਿਆ ਗਿਆ ਹੈ ਕਿ ਸਵੈ ਦਾ ਆਤਮ ਸਿਧਾਂਤ ਦਾ ਵਿਕਾਸ ਕਿਵੇਂ ਹੁੰਦਾ ਹੈ, ਸਾਡੀ ਤਦਰੂਪਤਾ ਦੀ ਭਾਵਨਾ ਅਭੇਦਤਾ ਦੀ ਭਾਵਨਾ ਦਾ ਕਿਵੇਂ ਵਿਕਾਸ ਹੁੰਦਾ ਹੈ। ਇਸ ਅਧਿਆਇ ਵਿਚ ਇਸ ਪ੍ਰਸ਼ਨ ਨੂੰ ਮਨੁੱਖ ਰਖਿਆ ਗਿਆ ਹੈ, ਮੈਂ ਕੌਣ ਹਾਂ? ਇਸੇ ਪ੍ਰਸ਼ਨ ਦਾ ਉਤਰ ਵੱਖ-ਵੱਖ ਵਿਕਾਸ ਦੇ ਪੱਧਰਾਂ ਤੋਂ ਦਿਤਾ ਗਿਆ ਹੈ। ਇਹ ਪ੍ਰਸ਼ਨ ਵੀ ਦੇਖਿਆ ਗਿਆ ਹੈ ਕੀ ਸਥਿਰ ਅਭੇਦਤਾ ਤੋਂ ਪਰ੍ਹੇ ਵੀ ਵਿਕਾਸ ਦੇ ਪੱਧਰ ਜਿਵੇਂ ਕਿ ਅਜੋਕੇ ਮਨੋ ਵਿਗਿਆਨ ਵਿਚ ਦੱਸੇ ਗਏ ਹਨ? ਕੀ ਮਨੁੱਖ ਦੀ ਅਭੇਦਤਾ ਤਦਰੂਪਤਾ ਬਦਲੀ ਚੇਤਨਾ ਵਿਚ ਨਾਸ਼ ਹੋ ਜਾਂਦੀ ਹੈ? ਜਿਵੇਂ ਕਿ ਪੂਰਬੀ ਪਰੰਪਰਾ ਅੰਦਰ ਦਸਿਆ ਗਿਆ ਹੈ। ਇਹ ਸਾਰੇ ਮਹੱਤਵਪੂਰਣ ਪ੍ਰਸ਼ਨ ਦੂਸਰੇ ਅਧਿਆਇ ਵਿਚ ਦਿਤੇ ਗਏ ਹਨ।

ਤੀਸਰੇ ਅਧਿਆਇ ਵਿਚ ਸਵੈ ਸੰਕਲਪ, ਸਵੈ ਧਾਰਨਾ ਦਾ ਵਰਨਣ ਕੀਤਾ ਗਿਆ ਹੈ, ਨਾਲ ਹੀ ਦੱਸਿਆ ਗਿਆ ਹੈ ਕਿਵੇਂ ਦੂਸਰਿਆਂ ਦੀਆਂ ਦਿਤੀਆਂ ਗਈਆਂ ਸਲਾਹਾਂ, ਸੁਝਾਓ ਸਾਡੇ ਸਵੈ ਸੰਕਲਪ ਨੂੰ ਪ੍ਰਭਾਵਿਤ ਕਰਦੇ ਹਨ। ਬਹੁਤ ਵਾਰੀ ਬਾਹਰੋਂ ਦੂਸਰਿਆਂ ਤੋਂ ਸਾਨੂੰ ਬਹੁਤ ਹੀ ਵਿਪਰੀਤ ਦਵੰਤਮਈ ਸੁਝਾਓ ਮਿਲਦੇ ਹਨ, ਜਿਨ੍ਹਾਂ ਕਾਰਣ ਅਸੀਂ ਪਰੇਸ਼ਾਨ ਹੋ ਜਾਂਦੇ ਹਾਂ, ਅਸਤਿ ਵਿਅਸਤ ਹੋ ਜਾਂਦੇ ਹਾਂ। ਯੋਗ ਮਨੋਵਿਗਿਆਨ ਸਾਨੂੰ ਉਹ ਤਰੀਕੇ ਦਸਦਾ ਹੈ ਜਿਸ ਨਾਲ ਅਸੀਂ ਨਖੇਦੀ ਵਾਲੇ ਸੁਝਾਉ ਤੋਂ ਛੁਟਕਾਰਾ ਪਾ ਸਕਦੇ ਹਾਂ, ਨਾਲ ਹੀ ਇਹ ਵੀ ਦਸਦਾ ਹੈ ਕਿਵੇਂ ਅਸੀਂ ਆਪਣੇ ਕੀਤੇ ਅਨੁਭਵ ਨੂੰ ਦੇਖਣਾ ਹੈ ਉਸੇ ਨੂੰ ਆਪਣਾ ਆਧਾਰ ਬਨਾਉਣਾ ਹੈ ਇਸ ਤਰ੍ਹਾਂ ਨਾਲ ਆਪਣੇ ਅਨੁਭਵ ਤੋਂ ਹੀ ਆਪਣੇ ਸੁਭਾਅ ਨੂੰ ਜਾਨਣਾ ਹੈ।

ਇਸੇ ਵਿਸ਼ੇ ਨੂੰ ਚੌਥੇ ਅਧਿਆਇ ਵਿਚ ਲਿਆ ਗਿਆ ਹੈ ਜਿਸ ਵਿਚ ਇਹ ਦਸਿਆ ਗਿਆ ਹੈ ਕਿ ਸੰਸਾਰ ਵਿਚ ਇਕ ਖੇਡ ਹੈ ਇਕ ਨਾਟਕ ਹੈ। ਅਸੀਂ ਜੀਵਨ ਦੇ ਨਾਟਕ ਨੂੰ ਬਹੁਤ ਗੰਭੀਰਤਾ ਨਾਲ ਲੈ ਲੈਂਦੇ ਹਾਂ ਤੇ ਉਸ ਨਾਲ ਅਭੇਦ ਹੋ ਜਾਂਦੇ ਹਾਂ, ਜੋ ਵੀ ਅਸੀਂ ਕਰ ਰਹੇ ਹੁੰਦੇ ਹਾਂ, ਜਿਹੜਾ ਵੀ ਪਾਰਟ ਅਸੀਂ ਕਰ ਰਹੇ ਹੁੰਦੇ ਹਾਂ ਅਸੀਂ ਉਸ ਦੇ ਹੀ ਹੋ ਜਾਂਦੇ ਹਾਂ। ਇਹ ਜਾਨਣ ਦੀ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਕਿ ਅਸੀਂ ਕੌਣ ਹਾਂ, ਸਾਡਾ ਇਸ ਸੰਸਾਰ ਵਿਚ ਆਉਣ ਦਾ ਮੰਤਵ ਕੀ ਹੈ?

ਪੰਜਵੇਂ ਅਧਿਆਇ ਵਿਚ ਸਵੈ-ਇਕ ਚੇਤਨਤਾ ਦਾ ਬਿੰਦੂ ਇਸ ਵਿਸ਼ੇ ਤੇ ਵਾਦ-ਵਿਵਾਦ ਕੀਤਾ ਗਿਆ ਹੈ। ਯੋਗ ਤੇ ਵੇਦਾਂਤ ਮਨੋਵਿਗਿਆਨ ਅਨੁਸਾਰ ਜੀਵਨ ਦਾ ਉਦੇਸ਼ ਜੀਵਨ ਦਾ ਪ੍ਰਯੋਜਨ, ਵਿਕਾਸ ਦਾ ਪੱਧਰ, ਆਪਣੇ ਆਪ ਨੂੰ ਇਸ ਝੂਠੇ ਸਵੈ ਸੰਕਲਪ ਤੋਂ, ਇਸ ਝੂਠੀ ਅਭੇਦਤਾ ਤੋਂ ਹਟ ਕੇ ਆਪਣੀ ਵਾਸਤਵਿਕ ਸਵੈ ਤੇ ਪਹੁੰਚਣ ਉਸਨੂੰ ਪ੍ਰਾਪਤ ਕਰਨਾ ਆਪਣੀ ਆਤਮਾ ਤਕ ਪਹੁੰਚਣਾ ਹੈ।

ਜਿਵੇਂ ਹੀ ਸਾਨੂੰ ਆਪਣੀ ਵਾਸਤਵਿਕ ਤਦਰੂਪਤਾ ਦਾ ਪਤਾ ਲਗਣਾ ਸ਼ੁਰੂ ਹੁੰਦਾ ਹੈ, ਸਾਡੇ ਆਪਸੀ ਸਬੰਧ ਸਾਡੇ ਰਹਿਣ ਸਹਿਣ ਦੇ ਤਰੀਕੇ ਪੂਰੀ ਤਰ੍ਹਾਂ ਨਾਲ ਪਰਵਿਰਤ ਹੋ ਜਾਂਦੇ ਹਨ। ਜਿਵੇਂ ਹੀ ਇਹ ਹੁੰਦਾ ਹੈ ਸਾਨੂੰ ਵਧੇਰੇ ਸੁਤੰਤਰਤਾ ਦਾ ਅਹਿਸਾਸ ਹੁੰਦਾ ਹੈ ਤੇ ਨਾਲ ਹੀ ਵਧੇਰੇ ਜ਼ਿੰਮੇਵਾਰੀ ਦਾ। ਛੇਵੇਂ ਅਧਿਆਇ ਵਿਚ ਦਸਿਆ ਗਿਆ ਹੈ, ਸੁਤੰਤਰਤਾ ਤੇ ਜ਼ਿੰਮੇਵਾਰੀ ਵਾਸਤਵ ਵਿਚ ਇਕੋ ਸਿੱਕੇ ਦੇ ਦੋ ਪਾਸੇ ਹਨ, ਇਹ ਜ਼ਰੂਰੀ ਗੱਲ ਹੈ ਕਿ ਇਹ ਦੋਨੋਂ ਨਾਲ ਨਾਲ ਹੀ ਵਿਕਸਿਤ ਹੁੰਦੇ ਹਨ।

ਸੰਵੇਗ, ਸਮਵੇਗਕ ਸਮੱਸਿਆਵਾਂ ਨੂੰ ਅੱਜ ਦੇ ਸੰਸਾਰ ਵਿਚ ਚੰਗੀ ਤਰ੍ਹਾਂ ਨਾਲ ਸਮਝਿਆ ਹੀ ਨਹੀਂ ਜਾਂਦਾ, ਮਨੋਵਿਗਿਆਨਕਾਂ ਦਾ ਬਿਲਕੁਲ ਇਕ ਵਖਰਾ ਵਿਚਾਰ ਹੈ ਉਹ ਸੰਵੇਗਾਂ ਨੂੰ ਬਿਲਕੁਲ ਵੱਖਰੀ ਤਰ੍ਹਾਂ ਦੇਖਦੇ ਹਨ, ਉਨ੍ਹਾਂ ਨੂੰ ਵੱਖਰੀ ਤਰ੍ਹਾਂ ਹੀ ਵਰਤੋਂ ਚਰਨਾ ਚਾਹੁੰਦੇ ਹਨ। ਕਈ ਲੋਕ ਸੰਵੇਗਾਂ ਦੇ ਪ੍ਰਗਟਾਵੇ ਨੂੰ ਠੀਕ ਸਮਝਦੇ ਹਨ ਜੋ ਵੀ ਸੰਵੇਗ ਹੋਣ ਉਨ੍ਹਾਂ ਦਾ ਪ੍ਰਗਟਾਵਾ ਕਰ ਦਿਤਾ ਜਾਵੇ। ਦੂਸਰੇ ਪਾਸੇ ਉਹ ਹਨ ਜਿਹੜੇ ਸੰਵੇਗਾਂ ਦੇ ਕੰਟਰੋਲ ਲਈ ਕਹਿੰਦੇ ਹਨ, ਉਨ੍ਹਾਂ ਦੇ ਉਦਾਤੀ ਕਰਨ, ਉਚਾ ਕਰਨ ਲਈ ਦਸਦੇ ਹਨ। ਯੋਗ ਮਨੋਵਿਗਿਆਨ ਸੰਵੇਗਾਂ ਨੂੰ ਠੀਕ ਤਰ੍ਹਾਂ ਸਮਝ ਕੇ ਉਨ੍ਹਾਂ ਦਾ ਸੰਕਲਪੀਕਰਣ ਕਰਕੇ, ਜਿਹੜੀਆਂ ਨਖੇਦੀ ਵਾਲੀਆਂ ਮਨੋਭਾਵਨਾ ਹੋਣ ਉਨ੍ਹਾਂ ਦੀ ਸਿਖਲਾਈ ਕਰਕੇ ਜਿਵੇਂ ਕਿ ਈਰਖਾ, ਗੁੱਸਾ, ਉਦਾਸੀ, ਨਿਰਉਤਸ਼ਾਹਤਾ ਨੂੰ ਸਕਾਰਾਤਮਕ ਬਣਾ ਕੇ ਇਨ੍ਹਾਂ ਨੂੰ ਪਿਆਰ, ਸ਼ਰਧਾ, ਅਨੰਦ ਵਿਚ ਬਦਲ ਦਿੰਦੇ ਹਨ। ਸਤਵੇਂ ਅਧਿਆਇ ਵਿਚ ਦੱਸਿਆ ਗਿਆ ਹੈ ਕਿਵੇਂ ਵੱਖ-ਵੱਖ ਭਾਵਨਾਵਾਂ ਪੈਦਾ ਹੁੰਦੀਆਂ ਹਨ, ਉਨ੍ਹਾਂ ਦੀ ਵਿਆਖਿਆ ਕੀਤੀ ਗਈ ਹੈ ਸੰਵੇਗ ਚਾਰ ਮੁੱਢਲੀਆਂ ਪ੍ਰੇਰਣਾਵਾਂ ਤੋਂ ਜਨਮ ਲੈਂਦੀਆਂ ਹਨ, ਅੰਤ ਵਿਚ ਇਹ ਸੰਵੇਗਕ ਸ਼ਕਤੀ ਨੂੰ ਨਵਾਂ ਰੂਪ ਦੇ ਕੇ, ਗਿਆਨ ਪ੍ਰਾਪਤੀ ਲਈ ਜਾਗ੍ਰਿਤੀ ਲਈ ਵਰਤਿਆ ਜਾ ਸਕਦਾ ਹੈ।

ਅੰਤ ਵਾਲੇ ਅਧਿਆਇ ਵਿਚ ਇਹ ਦੱਸਿਆ ਗਿਆ ਹੈ ਕਿਵੇਂ ਭਾਵਾਨਤਮਕ ਮਨੋਵਿਰਤੀ ਦਾ ਵਿਕਾਸ ਹੁੰਦਾ ਹੈ, ਕਿਸ ਤਰ੍ਹਾਂ ਨਾਲ ਨਿਰਣੇ ਦੀ ਮਨੋਵਿਰਤੀ ਦੰਡ ਅਪਰਾਧ ਦੀ ਮਨੋਵਿਰਤੀ ਜਨਮ ਲੈਂਦੀ ਹੈ, ਕਿਵੇਂ ਇਹ ਮਨੋਵਿਰਤੀਆਂ ਜਿਹੜੀਆਂ ਸਾਡੇ ਲਈ ਐਨੀਆਂ ਹਾਨੀਕਾਰਕ ਹਨ, ਦੁਖਦਾਈ ਹਨ, ਸਾਡੇ ਲਈ ਵੀ ਦੂਸਰਿਆਂ ਲਈ ਵੀ, ਕਿਵੇਂ ਇਨ੍ਹਾਂ ਨੂੰ ਖਤਮ ਕਰਕੇ ਪਿਆਰ ਤੇ ਖਿਮਾ ਨੂੰ ਜਨਮ ਦਿਤਾ ਜਾਂਦਾ ਹੈ।

ਜਿਵੇਂ ਅਸੀਂ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਖੋਜਦੇ ਹਾਂ ਅਸੀਂ ਦੇਖਦੇ ਹਾਂ ਕਿੰਨੀ ਏਕਤਾ ਹੈ, ਕਿੰਨੀ ਇਕਸੁਰਤਾ ਹੈ ਇਨ੍ਹਾਂ ਵਲ ਨਿਯਮਕ ਰੂਪ ਵਿਚ ਕਿੰਨਾ ਵਿਕਾਸ ਹੈ। ਜਿਵੇਂ-ਜਿਵੇਂ ਅਸੀਂ ਅੱਗੇ ਵਧਦੇ ਹਾਂ ਪਰੇਸ਼ਾਨੀ, ਅਨਿਸਿਚਤਤਾ, ਗਲਤ ਸੋਚ ਜਿਹੜੀਆਂ ਕਦੇ ਸਾਡੇ ਜੀਵਨ ਵਿਚ ਕਿਸੇ ਸਮੇਂ ਪ੍ਰਮੁੱਖ ਸੀ, ਪ੍ਰਬਲ ਸੀ ਕਿਵੇਂ ਹੌਲੀ-ਹੌਲੀ ਉਹ ਉਤਕ੍ਰਿਸ਼ਟਤਾ ਪ੍ਰਾਪਤ ਕਰ ਲੈਂਦੀਆਂ ਹਨ, ਅਸੀਂ ਗਿਆਨ ਨੂੰ ਪ੍ਰਾਪਤ ਹੋ ਜਾਂਦੇ ਹਾਂ, ਸੰਤੁਲਨ ਪ੍ਰਾਪਤ ਕਰ ਲੈਂਦੇ ਹਾਂ ਜਿਸ ਨਾਲ ਅਸੀਂ ਸਲਾਹੇ ਜਾਂਦੇ ਹਾਂ, ਮਾਣ ਪ੍ਰਾਪਤ ਕਰਕੇ ਸਾਨੂੰ ਠੀਕ ਤਰ੍ਹਾਂ ਸਮਝਿਆ ਜਾ ਸਕਦਾ ਹੈ, ਅਸੀਂ ਠੀਕ ਤਰ੍ਹਾਂ ਨਾਲ ਜਾਣੇ ਜਾ ਸਕਦੇ ਹਾਂ।

* * * * * * *

**(ਪੰਨਾ 62 ਦਾ ਬਾਕੀ)**

ਤਰ੍ਹਾਂ ਸੰਤ ਹਰਨਾਮ ਸਿੰਘ ਜੀ ਮਹਾਰਾਜ ਉਜੈਨ ਤੋਂ ਸੰਤ ਹਰੀ ਸਿੰਘ ਜੀ ਕਹਾਰਪੁਰੀ ਤੇ ਹੋਰ ਮਹਾਨ ਹਸਤੀਆਂ ਨੇ ਜਨਮ ਲਿਆ, ਜੋ ਹਰ ਥਾਂ ਤੇ ਆਪਣੇ ਆਪ ਨੂੰ ਪ੍ਰਗਟ ਰੱਖ ਰਹੇ ਹਨ। ਸੰਤ ਤਾਰਾ ਸਿੰਘ ਜੀ ਗੜ੍ਹੀ ਕਪੂਰਾ, ਸੰਤ ਹਰਨਾਮ ਸਿੰਘ ਸ਼ੇਖੂਪੁਰਾ, ਸੰਤ ਜੀਵਨ ਸਿੰਘ ਜੀ ਹਰੀਪੁਰ ਵਾਸੀ, ਸੰਤ ਨਰੈਣ ਸਿੰਘ ਜੀ ਭਿਟੇਵਿਢ, ਗਿਆਨੀ ਸੰਤ ਸੁਰਜਨ ਸਿੰਘ ਜੀ ਵਿਰੱਕਤ, ਸੰਤ ਰਾਮ ਸਿੰਘ, ਬਾਬਾ ਮਾਝਾ ਸਿੰਘ ਜੀ ਹੁਣ ਤੱਕ ਆਪਣੇ ਸੇਵਕਾਂ ਸਮੇਤ ਦੁਆਬੇ ਦੀ ਧਰਤੀ ਨੂੰ ਭਾਗ ਲਗਾ ਰਹੇ ਸਨ।

ਸੰਤ ਜਵੰਦ ਸਿੰਘ ਜੀ ਮਹਾਰਾਜ ਰਾਜਾ ਸਾਂਸੀ ਜੀ ਬਾਰੇ ਮਸ਼ਹੂਰ ਹੈ ਕਿ ਆਪ ਕੀਰਤਨ ਕਰਦੇ ਕਰਦੇ ਇਤਨੇ ਮਸਤ ਤੇ ਸਿਮਰਨ ਵਿਚ ਗੜੂੰਦ ਹੋ ਜਾਂਦੇ ਸਨ ਕਿ ਉਨ੍ਹਾਂ ਨੂੰ ਬਾਹਰ ਦੀ ਦੁਨੀਆਂ ਹੀ ਭੁੱਲ ਜਾਂਦੀ ਸੀ। ਸੰਤ ਤਾਰਾ ਸਿੰਘ ਜੀ ਟਾੜੀ ਕਪੂਰਾ, ਦੀ ਮਹਿਮਾ ਉਸ ਹਲਕੇ ਦੇ ਲੋਕ ਹੁਣ ਤੱਕ ਗਾਉਂਦੇ ਹਨ, ਪੰਡਤ ਬਸੰਤ ਸਿੰਘ ਅੰਮ੍ਰਿਤਸਰ, ਸੰਤ ਖੁਸ਼ਹਾਲ ਸਿੰਘ ਹਰਦੁਆਰ, ਪੰਡਤ ਸੰਤ ਪ੍ਰੇਮ ਸਿੰਘ ਜੀ ਹੋਤੀ ਮਰਦਾਨ, ਸੰਤ ਮਨੀ ਸਿੰਘ ਜੀ ਮਹਾਰਾਜ ਤੋਂ ਉਨ੍ਹਾਂ ਦੇ ਪਰਮ ਸੇਵਕ ਸੰਤ ਅਰਜਨ ਸਿੰਘ ਮੁਨੀ ਪੰਡਤ ਮਨਸੂਦਨ ਸਿੰਘ, ਸੰਤ ਹਰਨਾਮੀ ਸਿੰਘ ਜੀ, ਸੰਤ ਬਿਸ਼ਨ ਸਿੰਘ ਜੀ ਤਪੀ ਆਦਿ ਹਰਿਦੁਆਰ ਹੀ ਬਰਾਜਦੇ ਹਨ।

ਬਾਬਾ ਮੇਹਰ ਸਿੰਘ ਜੀ ਹੋਤੀ ਮਰਦਾਨ ਤੋਂ ਉਨ੍ਹਾਂ ਦੇ ਸੇਵਕ ਸੰਤ ਜੈਮਲ ਸਿੰਘ, ਭੂਰੀਵਾਲੇ ਸੰਤ ਕਰਕੇ ਪ੍ਰਸਿੱਧ ਹਨ ਜਿਸ ਨੇ ਗੁਰੂ ਧਾਮਾਂ ਦੀ ਸੇਵਾ ਵਿਚ ਪਹਿਲੀ ਸਫ ਵਿਚ ਖਲੋ ਕੇ ਸੇਵਾ ਕੀਤੀ ਹੈ ਤੇ ਮਹਾਨ ਨਾਮ ਪੈਦਾ ਕਰਕੇ ਸਾਹਿਬ ਬਾਬਾ ਕਰਮ ਸਿੰਘ ਜੀ ਦੇ ਨਾਮ ਨੂੰ ਚਾਰ ਚੰਦ ਲਗਾਏ ਹਨ। ਅਸੀਂ ਇਥੇ ਇਕ ਗੱਲ ਦਾ ਵਰਨਣ ਕਰਨਾ ਚਾਹੁੰਦੇ ਹਾਂ ਕਿ ਬਾਬਾ ਕਰਮ ਸਿੰਘ ਜੀ ਮਹਾਰਾਜ ਦੇ ਮਹਾਨ ਤੇ ਉਤਮ ਗੁਣਾਂ ਵਾਲੇ ਬਹੁਤੇ ਸੇਵਕ ਉਹੀ ਹੋਏ ਹਨ ਜੋ ਪਹਿਲੇ ਪਲਟਣਾਂ ਅੰਦਰ ਨੌਕਰੀ ਕਰਦੇ ਸਨ, ਹਰ ਸਿਪਾਹੀ ਉਨ੍ਹਾਂ ਤੋਂ ਅਸਰ ਕਬੂਲਦਾ ਸੀ। ਸੋ ਜੋ ਸੰਤ ਕਰਣੀ ਪ੍ਰਧਾਨ ਮਹਾਨ ਪੁਰਖ ਮਾਲਵੇ ਵਿਚ ਸਭ ਤੋਂ ਅਗਲੀਆਂ ਸਫਾਂ ਵਿਚ ਖਲੋ ਕੇ ਪੰਥ ਦੀ ਸੇਵਾ ਤੇ ਮਹਾਨਤਾ ਪ੍ਰਗਟ ਕਰ ਸਕੇ ਉਹ ਵੀਹਵੀਂ ਸਦੀ ਦੇ ਅਰੰਭ ਵਿਚ ਦੋ ਹੀ ਹਸਤੀਆਂ ਸਨ, ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣਾ ਤੇ ਸੰਤ ਅਤਰ ਸਿੰਘ ਜੀ ਮਹਾਰਾਜ ਰੇਰੂ ਸਾਹਿਬ ਵਾਲੇ। ਮਾਲਵੇ ਮਾਝੇ ਤੇ ਦੁਆਬੇ ਵਿਚ ਭਾਵੇਂ ਹੋਰ ਵੀ ਕਈ ਮਹਾਨ ਗੁਰਸਿੱਖ ਸੰਤ ਹੋਏ ਪਰ ਸੰਤ ਮਾਹਰ ਸਿੰਘ

ਜੀ ਮਹਾਰਾਜ ਗੁਰੂ ਸਾਹਿਬ ਦੇ ਸਿਮਰਨ ਦੀ ਦਾਤ ਤੇ ਵਰਦਾਨ ਲੈ ਕੇ ਜੀਵਨ ਦੇ ਹਰ ਸੁਆਸ ਨੂੰ ਕਿਸ ਤਰ੍ਹਾਂ ਸਫਲ ਕੀਤਾ ਇਹ ਕਹਾਣੀ ਅਗਲਿਆਂ ਸਫਿਆਂ ਪਰ ਲਿਖਾਂਗੇ। ਇਸ ਤਰ੍ਹਾਂ ਇਹ ਰਤਨਾਂ ਦੀ ਦੁਰਲਭ ਮਾਲਾ ਪ੍ਰੋਤੀ ਹੋਈ ਹਰ ਇਕ ਸਿੱਖ ਘਰਾਣੇ ਤੇ ਖਾਸ ਕਰ ਨਾਮ ਅਭਿਆਸੀਆਂ ਲਈ ਦੁਰਲਭ ਸਾਬਤ ਹੋਵੇਗੀ।

ਸਾਹਿਬ ਬਾਬਾ ਕਰਮ ਸਿੰਘ ਜੀ ਜੋਤ ਨੂੰ ਜੋਤੀ ਅੰਦਰ ਲੈਅ ਕਰਨੋਂ ਪਹਿਲਾਂ ਹੀ ਗਿਆਨੀ ਲਾਲ ਸਿੰਘ ਜੀ ਆਦਿਕ ਸੇਵਕਾਂ ਦੇ ਕਹੇ ਅਨੁਸਾਰ ਆਪ ਸੈਦੂ ਆ ਕੇ ਰਹੇ ਸਨ, ਉਥੇ ਹੀ ਕਈ ਦਿਨ ਕੀਰਤਨ ਤੇ ਲੰਗਰ ਦਾ ਪ੍ਰਵਾਹ ਚਲਦਾ ਰਿਹਾ, ਆਖਰ ਨੂੰ ਹਜ਼ਾਰਾਂ ਨੂੰ ਨਾਮ ਦਾਨ ਤੇ ਲੱਖਾਂ ਨੂੰ ਅੰਮ੍ਰਿਤ ਮਈ ਆਤਮਾ ਸ਼ਾਂਤੀ ਤੇ ਹਜ਼ਾਰਾਂ ਪਰਿਵਾਰਾਂ ਅੰਦਰ, ਦੁਨੀਆਂ ਦੇ ਪਦਾਰਥਾਂ ਦੀ ਦਾਤ ਬਖ਼ਸ਼ ਕੇ ਪ੍ਰਭੂ ਦੇ ਮਹਾਨ ਸੇਵਕ ਜੋ ਸਰੀਰ ਦੇ ਅੰਦਰ ਵੀ ਜੋਤ ਰੂਪ ਸਨ, ਪੰਜ ਭੂਤਕ ਸਰੀਰ ਦਾ ਤਿਆਗ ਕਰਕੇ ਸਤਿ ਚਿਤ ਅਨੰਦ ਸਰੂਪ ਅੰਦਰ ਸਮਾ ਗਏ।

ਬਾਬਾ ਕਰਮ ਸਿੰਘ ਜੀ ਅੰਦਰ ਇਕ ਅਕਰਖਣ ਤੇ ਵਿਲਖਣ ਸ਼ਕਤੀ ਸੀ ਉਹ ਨਾਸਤਕ ਤੋਂ ਨਾਸਤਕ ਮਨੁੱਖ ਨੂੰ ਵੀ ਆਸਤਕ ਤੇ ਪ੍ਰਭੂ ਤੋਂ ਭਟਕੇ ਹੋਏ ਲੋਕਾਂ ਨੂੰ ਸਤਿ ਧਰਮ ਪਰ ਲਗਾ ਕੇ ਉਸ ਦੀ ਕਲਿਆਣ ਕਰਦੇ ਸਨ। ਬਾਬਾ ਕਰਮ ਸਿੰਘ ਜੀ ਤੋਂ ਆਤਮ ਗਿਆਨ ਦੀ ਪ੍ਰਾਪਤੀ ਅਸੰਭਵ ਹੀ ਪ੍ਰਤੀਤ ਦਿੰਦੇ ਸੀ ਕਿਉਂਕਿ ਉਨ੍ਹਾਂ ਦੇ ਚੌਗਿਰਦੇ ਦਾ ਵਾਯੂ ਮੰਡਲ ਦੁਨਿਆਵੀਂ ਪਦਾਰਥਾਂ ਬਾਰੇ ਹੀ ਬਹੁਤਾ ਭਰਮ ਪੈਦਾ ਕਰਦਾ ਸੀ, ਪਰ ਜਿਸ ਤਰ੍ਹਾਂ ਹੰਸ ਕੇਵਲ ਮੋਤੀ ਹੀ ਅਹਾਰ ਕਰਦੇ ਹਨ ਆਪ ਜੀ ਪਾਸੋਂ ਪਰਮ ਹੰਸਾਂ ਦੀਆਂ ਡਾਰਾਂ ਹੀ ਸਿਮਰਨ ਸਤਿ ਦਾ ਵਿਉਹਾਰ ਕਰਕੇ ਬਾਹਰ ਗਈਆਂ ਤੇ ਉਨ੍ਹਾਂ ਕਰਕੇ ਸਾਰੇ ਪੰਥ ਤੇ ਦੇਸ਼ ਦੇ ਹਰ ਖੂੰਜੇ ਵਿਚ ਸਤਿਨਾਮ ਦਾ ਚੱਕਰ ਚਲਾਇਆ।

* * * * * *

**ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦਾ ਮਹਾਂਸਮਾਧੀ ਦਿਵਸ ਰਤਵਾੜਾ ਸਾਹਿਬ ਸਾਹਿਬ ਦੀ ਧਰਤੀ ਤੇ ਆਉਣ ਵਾਲੀ ਮਿਤੀ 28, 29, 30 ਅਤੇ 31 ਅਕਤੂਬਰ ਨੂੰ ਮਨਾਇਆ ਜਾਵੇਗਾ ਜੀ। ਸਮਾਂ ਹਰ ਰੋਜ਼ ਸਵੇਰੇ 3.00 ਵਜੇ ਤੋਂ ਰਾਤ 11.00 ਵਜੇ ਤੱਕ ਦਾ ਹੈ।**


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

**ਆਤਮ ਮਾਰਗ**
*Monthly Magazine* ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ............................................

ਪਤਾ/Address ............................................

............................................

............................................

.................................Pin Code.....................................

Phone......................... E-mail :..................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 01, 08, 15, 22, 29 ਜੁਲਾਈ।

**ਸੰਗਰਾਂਦ** – 16 ਜੁਲਾਈ, ਦਿਨ ਸੋਮਵਾਰ।

**ਪੂਰਨਮਾਸ਼ੀ** – 30 ਜੁਲਾਈ, ਦਿਨ ਸੋਮਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 28 ਜੁਲਾਈ 2007, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.

Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ – 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |

RNI 61816/95

Postal Regd. No. CHD/0081/2006
Licence to Post without prepayment No. PP/CHD-3/003

ADMISSION OPEN ADMISSION OPEN ADMISSION OPEN

Co-educationed
Limited Seats

10+1

Scholarship
for meritorious candidate

GURU GOBIND SINGH VIDYA MANDIR SENIOR SECONDARY SCHOOL



RATWARA SAHIB
Near Chandigarh
Ph : 0160-2255003, M. 9855294343
Affiliated to CBSE

MEDICAL

NON MEDICAL

COMMERCE

ARTS

100% EXCELLENT
X CLASS
RESULT

Hostel facility Available

HIGHLY QUALIFIED
AND
EXPERIENCED STAFF